ਪਾਰ ਦੇਸ਼ ਪੀਆ ਕਾ ਵਾਸਾ

ਗੁਰੂਬਚਨ ਸਿੰਘ ਨਾਮਧਾਰੀ



ਪਾਰ ਦੇਸ਼ ਪੀਆ ਕਾ ਵਾਸਾ

ਗੁਰੂਬਚਨ ਸਿੰਘ ਨਾਮਧਾਰੀ

Vishav Namdhari Sangat
Sri Bhaini Sahib

Price - 200/-

Paar Desh Piya Ka Vasa

by

Gurubachan Singh Naamdhari

2023
Published by Lokgeet Parkashan
printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429

ਸਮਰਪਣ

ਬਿਖਮ ਮਾਰਗ ਦੇ ਪਾਂਧੀ,
ਸਿੱਖਾਂ, ਸੰਤਾਂ ਨੂੰ
ਜਿਹੜੇ ਸਤਿਗੁਰ ਤੋਂ ਸੰਕੇਤ ਮਾਤਰ ਲੈ ਕੇ
ਟੁਰ ਪਏ... ਔਰ ਪਾਰ ਲੰਘ ਗਏ।

ਮੁੱਖ ਬੰਧ

ਸਰੀਰ, ਮਨ, ਬੁੱਧੀ ਅਤੇ ਆਤਮਾ, ਮਨੁੱਖ ਦੇ ਚਾਰ ਅੰਗ ਹਨ। ਸਰੀਰ ਦਿਸਦਾ ਹੈ, ਮਨ ਅਤੇ ਬੁੱਧੀ 'ਚੋਂ ਉਠ ਰਹੀਆਂ ਵਿਚਾਰ ਤਰੰਗਾਂ, ਸਾਡੇ ਅਨੁਭਵ ਵਿੱਚ ਆਉਂਦੀਆਂ ਹਨ। ਪਰ ਆਤਮਾ! ਆਤਮਾ ਤਾਂ ਜੋਤਿ ਹੈ, ਪਰਮ ਚੇਤਨਾ ਹੈ। ਇਸ ਪਾਰ ਦੇਹ ਹੈ, ਉਸ ਪਾਰ ਆਤਮਾ! ਇਸ ਪਾਰ ਮ੍ਰਿਤੂ ਲੋਕ... ਉਸ ਪਾਰ ਅੰਮ੍ਰਿਤ ਲੋਕ! ਵਿੱਚ, ਭਵਜਲ ਹੈ... ਭਵਸਾਗਰ। ਪਰਮ ਪੁਰਖ ਕੀ ਘਾਟੀ! ਨਉ ਦਵਰਾਜੇ ਲੰਘ ਕੇ, ਇਸ ਥਾਂ, ਦਸਵੇਂ ਦੁਆਰ ਤਕ ਪਹੁੰਚੀਦਾ ਹੈ। ਸਾਰੇ ਧਰਮ ਗ੍ਰੰਥ, ਗੁਰੂ ਉਪਦੇਸ਼, ਦਸਵੇਂ ਦਰਵਾਜ਼ੇ ਨੂੰ ਖੋਲ੍ਹ ਕੇ, ਪਾਰ ਲੰਘ ਜਾਣ ਦੀ ਵਿਧੀ ਦਸਦੇ ਹਨ। ਬੰਦਾ ਤਾਂ ਬਸ ਝੋਲੀ ਅੱਡੇ, ਅਕਾਲ ਪੁਰਖ ਅੱਗੇ ਅਤੇ ਅਰਜੋਈ ਕਰੇ—

"ਹੋਹੁ ਦਇਆਲੁ ਸਤਿਗੁਰੁ ਮੇਲਿ ਤੂ,
ਮੋਕਉ ਪਾਰਿ ਉਤਾਰੇ ਕੇਸਵਾ॥"

ਦੋ ਸ਼ਬਦ

ਕਈ ਵਾਰ, ਜਦੋਂ ਮਨ ਉੱਚਾਟ ਹੁੰਦਾ ਹੈ... ਸਿਮ੍ਰੀਤੀਆਂ ਦੇ ਧੁੰਧਲੇ ਦਰਪਨ ਵਿੱਚ, ਲੰਘ ਗਏ ਲੰਮੇਰੇ ਕਾਲ ਖੰਡ ਦੇ ਦ੍ਰਿਸ਼ ਪ੍ਰਗਟ ਹੋਣ ਲਗਦੇ ਹਨ, ਤਾਂ ਸਵਾਸਾਂ ਦੀ ਸਰਹੱਦ ਲੰਘ ਜਾਣ ਤੋਂ ਪਹਿਲਾਂ, ਇਕ ਜਤਨ ਹੋਰ ਕਰਨ ਦਾ ਸੰਕਲਪ ਉਠ ਖਲੋਂਦਾ ਹੈ। ਉਸ ਵੇਲੇ ਮੈਂ ਹਜ਼ੂਰ ਸਤਿਗੁਰ ਉਦੇ ਸਿੰਘ ਜੀ ਤੋਂ, ਨਵੀਂ ਰਚਨਾ ਲਈ ਅਸੀਸ ਮੰਗ ਲੈਂਦਾ ਹਾਂ। ਮੇਰੇ ਪੱਲੇ ਤਾਂ ਕੁਝ ਨਹੀਂ... ਪਰ ਗੁਰੂ ਦੀਆਂ ਅਸੀਸਾਂ, ਮੈਨੂੰ ਨਵੇਂ ਉਤਸ਼ਾਹ ਅਤੇ ਊਰਜਾ ਨਾਲ ਭਰ ਦਿੰਦੀਆਂ ਹਨ। "ਪਾਰ ਦੇਸ਼ ਪੀਆ ਕਾ ਵਾਸਾ", ਗੁਰੂ-ਮੇਹਰ ਦਾ ਪ੍ਰਤਿਫਲ ਹੈ।

ਤਤਕਰਾ

1
"ਮੂ ਲਾਲਨ ਸਿਉ ਪ੍ਰੀਤਿ ਬਨੀ"

ਪ੍ਰੇਮ ਦਾ ਮਾਰਗ ਅਤਿ ਦੁਰਗਮ ਹੈ, ਔਖਾ, ਬਿਖਮ ਮਾਰਗ ਹੈ। ਗੁਰੂ ਨਾਲ ਪ੍ਰੀਤ... ਪਰਮੇਸ਼ਰ ਨਾਲ ਪ੍ਰੀਤ, ਇਹ ਰੂਹ ਦੇ ਤਲ ਤੇ ਪਲਦੀ ਹੈ। ਸੰਸਾਰ ਪਿੱਛੇ ਰਹਿ ਜਾਂਦਾ ਹੈ, ਸਰੀਰ-ਪਰਿਵਾਰ ਦੀ ਪ੍ਰੀਤ ਭੀ! ਨੌਵੇਂ ਪਾਤਸ਼ਾਹ ਕਹਿੰਦੇ ਹਨ, "ਜਗਤ ਮੈ ਝੂਠੀ ਦੇਖੀ ਪ੍ਰੀਤਿ"!! ਭਗਤ ਰਵਿਤਾਸ ਜੀ ਕਹਿੰਦੇ ਹਨ, ਆਤਮ ਤਲ ਤੇ ਪ੍ਰੀਤ ਪੁੰਗਰੀ ਤਾਂ ਹੋਰ ਸਾਰੇ ਰਿਸ਼ਤਿਆਂ ਦੀ ਪ੍ਰੀਤ ਟੁੱਟ ਜਾਂਦੀ ਹੈ। ਸਿਰ ਤਲੀ ਤੇ ਰੱਖ ਕੇ ਪ੍ਰੀਤ-ਲੀਲਾ ਖੇਡੀ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਈ ਮੇਰੀ ਆਉ ॥"

ਮਨੁੱਖ ਦੀ ਚੇਤਨਾ, ਇੰਦ੍ਰੀਆਂ ਤੇ ਨਿਰਭਰ ਹੈ। ਨੇਤਰ, ਕੰਨ, ਰਸਨਾ, ਨੱਕ... ਗਿਆਨ ਪ੍ਰਾਪਤੀ ਦਾ ਵਸੀਲਾ ਹਨ। ਆਮ ਜਨ, ਇਹਨਾਂ ਨੇਤਰਾਂ ਨਾਲ ਜੋ ਵੇਖਦੇ ਹਨ, ਕੰਨਾਂ ਨਾਲ ਜੋ ਸੁਣਦੇ ਹਨ, ਸਪਰਸ਼ ਕਰ ਕੇ ਜੋ ਪ੍ਰਤੀਤ ਕਰਦੇ ਹਨ, ਉਹੋ ਚੇਤਨਾ ਰੂਪ ਸਵੀਕਾਰ ਕਰਦੇ ਹਨ। ਤਾਂ ਭਗਤਾਂ ਨੇ, ਪ੍ਰੀਤ ਦੇ ਸੱਚੇ ਪੁਜਾਰੀਆਂ ਨੇ, ਸੰਸਾਰਕ ਪ੍ਰੀਤ ਦੇ ਪਾਤਰਾਂ ਰਾਹੀਂ, ਪ੍ਰੇਮ ਦੀਆਂ ਕਾਵਿ-ਕਹਾਣੀਆਂ ਲਿਖੀਆਂ ਹਨ। ਪਾਤਰ ਸੰਸਾਰ ਦੇ ਹਨ... ਲੌਕਿਕ ਹਨ, ਪ੍ਰੀਤ ਅਲੌਕਿਕ ਹੈ। ਪ੍ਰੀਤ ਦੇ ਬਿੰਬ ਰੂਪ ਕਈ ਗ੍ਰੰਥ ਰਚੇ ਗਏ।

ਸਤਿਗੁਰ ਰਾਮ ਸਿੰਘ ਅਤੇ ਮਸਤਾਨਿਆਂ ਦਾ ਪ੍ਰੀਤ-ਪ੍ਰਸੰਗ, ਗੁਰੂ-ਸਿੱਖ ਰਿਸ਼ਤਿਆਂ ਦਾ ਦੁਰਲੱਭ ਬਿੰਬ ਹੈ। ਸੰਨ 1871 ਦੀ ਵਿਸਾਖੀ, ਸ੍ਰੀ ਦਮਦਮਾ ਸਾਹਿਬ ਕਰ ਕੇ ਅੱਗੇ ਥਰਾਜ, ਮਾਤਾ ਜੀਉਣ ਕੌਰ ਦੇ ਪਿੰਡ ਪੁੱਜੇ। ਥਰਾਜ ਤੋਂ ਨਾਂਗਲੇ ਚਾਲੇ ਪਾਏ। ਸਤਿਗੁਰ ਜੀ ਅੱਗੇ-ਅੱਗੇ ਚੀਨੀ ਘੋੜੀ ਤੇ ਸਵਾਰ, ਪਿੱਛੇ ਸੂਬੇ ਸਾਹਿਬਾਨਾਂ ਦੇ ਨਾਲ ਹਰਨਾਮ ਸਿੰਘ ਹੋਰੀ, ਘੋੜੇ ਤੇ ਬੈਠ ਜਾਂਦਿਆਂ ਬੀਬੀਆਂ ਨਾਲ ਮਸਖਰੀ ਕੀਤੀ। ਵੇਖ ਮਸਤਾਨਿਆਂ ਕਿਹਾ, ਓਏ ਗੁਰੂ ਦੇ ਸੰਗ ਹੁੰਦਿਆਂ ਏਹਾ ਕਰਮ ? ਅੱਗੇ ਹਰਨਾਮ ਸਿੰਘ ਕਿਹਾ, ਇਹ ਤਾਂ ਸਾਡੇ ਲਈ ਹੀ ਹਨ। ਬਸ, ਮਸਤਾਨਿਆਂ ਖਿੱਚ ਕੇ ਘੋੜੀ ਤੋਂ ਲਾਹ ਲਿਆ... ਚੰਗੀ ਤਰਾਂ ਕੁੱਟਿਆ।

ਸਤਿਗੁਰਾਂ ਅੱਗੇ ਸ਼ਿਕਾਇਤ ਹੋਈ, ਜੀ ਇਹ ਮਸਤਾਨੇ ਤੁਸੀਂ ਸਿਰ ਚੜ੍ਹਾ ਰੱਖੇ ਹਨ, ਗੱਲ ਪੈਂਦੇ ਹਨ। ਇਕ ਛਪਰੀ ਕੰਡੇ ਖਲੋਤੇ... ਹੱਥ ਵਿਚ ਡੰਡਾ ਲਿਆ ਵੇਖ, ਪਰਖ ਕੇ, ਮਾਰਿਆਂ ਟੁੱਟੇ ਨਾ।

ਸ੍ਰ. ਹੀਰਾ ਸਿੰਘ ਪਹਿਲੇ ਨੰਬਰ ਤੇ ਅੱਗੇ ਹੋਇਆ। ਡੰਡਾ ਸਤਿਗੁਰਾਂ ਮਾਰਿਆ। ਫਿਰ ਦੂਜਾ ਅੱਗੇ ਆਇਆ। ਦੂਜੇ ਨੂੰ ਲਾਇਆ, ਫਿਰ ਤੀਜਾ... ਇਸ ਤਰ੍ਹਾਂ ਜਦੋਂ ਇਕ ਚੱਕਰ ਪੂਰਾ ਹੋਇਆ ਤਾਂ ਮਸਤਾਨੇ ਕਹਿੰਦੇ, ਸੱਚਿਆ ਪਾਤਸ਼ਾਹ! ਦੂਜੇ ਪਾਸੇ ਦੇ ਪਾਪ ਅਜੇ ਰਹਿੰਦੇ ਨੇ... ਇੱਧਰ ਭੀ ਲਾਉ। ਸਤਿਗੁਰ ਫਿਰ ਸਾਰਿਆਂ ਨੂੰ ਵਾਰੋ ਵਾਰੀ ਦੂਜੇ

ਪਾਸੇ ਭੀ ਮਾਰਦੇ ਹਨ। ਨਾਲ ਬਚਨ ਕੀਤਾ—ਜਾਓ ਦੂਰ ਹੋ ਜਾਉ। ਕੋਈ ਸਿੱਖ ਇਨ੍ਹਾਂ ਨੂੰ ਲੰਗਰ ਪ੍ਰਸ਼ਾਦਾ ਨਾ ਦੇਵੇ। ਮਸਤਾਨਿਆਂ ਨੇ ਕੋਈ ਬੁਰਾ ਨਹੀਂ ਮੰਨਿਆ—ਕਹਿੰਦੇ, "ਜੇ ਗੁਰ ਝਿੜਕੇ ਤ ਮੀਠਾ ਲਾਗੈ, ਜੇ ਬਖਸੇ ਤ ਗੁਰ ਵਡਿਆਈ॥" ਕਾਫਿਲੇ ਦੇ ਪਿੱਛੇ ਪਿੱਛੇ, ਇਕ ਡੇਢ ਕੋਹ ਦੀ ਦੂਰੀ ਬਣਾ ਕੇ ਟੁਰਦੇ ਰਹੇ... ਭੁੱਖਿਆਂ। ਨਾਂਗਲੇ ਤੋਂ ਕਰਤਾਰਗੜ੍ਹ ਪਹੁੰਚੇ।

ਪੰਜ ਦਿਨ ਹੋ ਗਏ, ਮਸਤਾਨਿਆਂ ਨੇ ਪ੍ਰਸ਼ਾਦਾ ਨਾ ਛਕਿਆ। ਉਧਰ ਸਤਿਗੁਰਾਂ ਵੀ ਸਾਂਗ ਵਰਤਾਇਆ। ਪੰਜ ਦਿਨ ਹੋਇ, ਸਤਿਗੁਰ ਜੀ ਭੀ ਕੁਝ ਨਾ ਛਕਿਆ। ਕਹਿੰਦੇ, ਗੱਲ ਵਿੱਚ ਪੱਤਗੀ ਪੈ ਗਈ ਹੈ, ਖਾਣ ਨਹੀਂ ਹੁੰਦਾ। ਛੇਵੇਂ ਦਿਨ ਕਰਤਾਰਗੜ੍ਹ ਦੇ ਗੁਰਦਿੱਤ ਸਿੰਘ ਅਰਜ਼ ਕੀਤੀ, ਪਾਤਸ਼ਾਹ, ਮੇਰਾ ਮੇਲਾ—ਲੰਗਰ ਤਾਂ ਹੀ-ਸਫ਼ਲ ਹੈ ਜੇ ਤੁਸੀਂ ਭੀ ਛੱਕੋ ਅਤੇ ਮਸਤਾਨਿਆਂ ਨੂੰ ਭੀ ਪ੍ਰਸ਼ਾਦਾ ਮਿਲੇ। ਸਤਿਗੁਰਾਂ ਹੁਕਮ ਕੀਤਾ, ਜਾਉ ਛਕਾ ਦਿਉ। ਗੁਰਦਿੱਤ ਸਿੰਘ ਮਸਤਾਨਿਆਂ ਅੱਗੇ ਅਰਜ਼ ਕਰਦਾ ਹੈ, ਚਲੋ ਲੰਗਰ ਛੱਕ ਲਉ... ਸਤਿਗੁਰ ਜੀ ਦਾ ਹੁਕਮ ਹੋਇਆ ਹੈ।

ਉਹ ਕਹਿੰਦੇ, ਇੰਝ ਨਹੀਂ ਅਸੀਂ ਮੰਨਦੇ, ਤੁਸੀਂ ਭਾਵੇਂ ਆਪਣੇ ਵਲੋਂ ਹੀ ਗੱਲ ਕਰਦੇ ਹੋਵੋ। ਸਾਡਾ ਇਕ ਸਰੀਰ ਲੈ ਕੇ ਜਾਉ, ਉਸ ਦੇ ਸਾਹਵੇਂ ਸਤਿਗੁਰੂ ਜੀ ਹੁਕਮ ਕਰਨਗੇ ਤਾਂ ਅਸੀਂ ਛਕਾਂਗੇ। ਇਵੇਂ ਹੋਇਆ—ਸਤਿਗੁਰ ਜੀ ਹੁਕਮ ਕੀਤਾ। ਮਸਤਾਨਿਆਂ ਲੰਗਰ ਛਕਿਆ ਤਾਂ ਸਤਿਗੁਰ ਜੀ ਭੀ ਛਕਿਆ। ਕੈਸੀ ਨਿਵੇਕਲੀ ਪ੍ਰੀਤ ਹੈ, ਗੁਰੂ ਔਰ ਸਿੱਖ ਦੀ! ਕਹਿੰਦੇ ਸਿੱਖ ਜੇ ਹੋਵੇ ਭੁੱਖਾ, ਤਾਂ ਬੁਰਕੀ ਗੁਰੂ ਦੇ ਸੰਘੋਂ ਵੀ ਲੰਘਦੀ ਨਹੀਂ।

ਸੰਸਾਰ ਦੀ ਪ੍ਰੀਤ ਹੈ, ਮਤਲਬ ਦੀ, ਮੰਗਾਂ ਦੀ! ਪੂਰੀਆਂ ਹੁੰਦਿਆਂ ਰਹਿਣ, ਉਦੋਂ ਤਕ ਨਿਭਦੀ ਹੈ। ਸਤਿਗੁਰ ਦੇ ਸਿੱਖ, ਸਬਰ ਵਿਚ ਹੁੰਦੇ ਹਨ... ਸੰਤੋਖ ਵਿਚ ਹੁੰਦੇ ਹਨ। ਫਤਹਿ ਸਿੰਘ ਮਾਂਗਾ, ਸਤਿਗੁਰ ਪ੍ਰਤਾਪ ਸਿੰਘ ਦਾ ਨਿਕਟਵਰਤੀ ਸਿੱਖ ਹੈ ਸੀ। ਹਲਕੇ ਫੁਲਕੇ ਹਾਸੇ ਬਿਨੋਦ ਭੀ ਕਰ ਲੈਂਦੇ ਸਨ। ਇਕ ਵਾਰ ਸਤਿਗੁਰਾਂ ਦੀਆਂ ਯਾਤਰਾਵਾਂ, ਥਕੇਵਾਂ, ਭੁੱਖ, ਤ੍ਰੇਹ ਸਹਾਰਦਿਆਂ ਵੇਖ ਕਹਿੰਦੇ, ਹੇ ਰੱਬਾ! ਕਦੀ ਗੁਰੂ ਦੀ ਜੂਨ ਨਾ ਪਾਈਂ। ਸਤਿਗੁਰਾਂ ਅਗੋਂ ਮੁਸਕੁਰਾ ਕੇ ਕਿਹਾ, "ਓਏ ਕਾਨਿਆਂ, ਕੀ ਆਖਦਾ ਹੈਂ?" ਭਾਈ ਫਤਹਿ ਸਿੰਘ ਹੁਰੀਂ, ਕਦੇ ਕਦਾਰ, ਮਾੜੀ ਜਿਹੀ ਇਕ ਅੱਖ ਦੱਬ ਕੇ ਗੱਲ ਕਰਦੇ-ਸਤਿਗੁਰ ਜੀ ਭੀ ਹੱਸਦਿਆਂ ਕਾਨਿਆਂ ਆਖਦੇ। ਸਤਿਗੁਰ ਰਾਮ ਸਿੰਘ ਜੀ ਦਾ ਸਮਾਂ ਸੀ, ਪੱਛਮੀ ਪੰਜਾਬ ਦਾ ਦੌਰਾ ਸੀ। ਘੋੜੇ ਤੇ ਬੈਠ ਜਾਂਦਿਆਂ, ਫਤਹਿ ਸਿੰਘ ਮਾਂਗਾ ਦੇ ਦਾਦਾ ਜੀਤ ਸਿੰਘ ਕਹਿੰਦਾ ਹੈ, ਗੁਰੂ ਨਾਨਕ ਦਾ ਨਾਮ ਪੂਰੀ ਤਰ੍ਹਾਂ ਫਲੀਭੂਤ ਹੁੰਦਾ ਸੀ। ਨਾਮ ਦੀ ਸ਼ਕਤੀ ਨਾਲ, ਬਾਲਾ-ਮਰਦਾਨਾ ਭੀ ਉਡਾ ਕੇ ਲੈ ਜਾਂਦੇ। ਸਤਿਗੁਰਾਂ ਹੱਸ ਕੇ ਇਕ ਨਜ਼ਰ ਜੀਤ ਸਿੰਘ ਵਲ ਮਾਰੀ... ਸਣੇ ਘੋੜੀ ਆਕਾਸ਼ ਨੂੰ ਉੱਡ ਪਿਆ। ਲੱਗਾ ਦੁਹਾਈ ਪਾਉਣ। ਮੈਂ ਭੁੱਲਿਆ, ਬਖਸ਼ ਲਓ.... ਉਹੋ ਜੋਤਿ, ਓਹਾ-ਜੁਗਤ!

ਫਤਹਿ ਸਿੰਘ ਦੀ ਚਾਚੀ ਨੂੰ ਕੋਈ ਬਾਲ ਨਹੀਂ ਸੀ। ਇਕ ਦਿਨ ਕਹਿੰਦੀ, ਓਏ ਫਤਹਿ ਸਿੰਘ, ਪਿੰਡ ਦੀਆਂ ਤੀਵੀਆਂ ਆਖਦੀਆਂ ਹਨ, ਉਹ ਜਿਹੜਾ ਪਿੰਡ ਦੇ ਬਾਹਰ ਪੀਰ ਰਹਿੰਦਾ ਹੈ, ਉਹ ਕੋਈ ਧਾਗਾ ਮੰਤਰ ਮਾਰ ਕੇ ਦਿੰਦਾ ਹੈ, ਔਲਾਦ ਹੋ ਜਾਂਦੀ

ਹੈ। ਫਤਹਿ ਸਿੰਘ, ਚਾਚੀ ਨੂੰ ਹੱਥੋਂ ਫੜ, ਤੂੜੀ ਵਾਲੇ ਕਮਰੇ ਲੈ ਗਏ। ਉਥੇ ਕੁੱਤੀ ਦੇ ਪੰਦਰਾਂ ਸੋਲਾਂ ਕਤੂਰੇ ਚੰਬੜੇ ਹੋਏ ਸਨ। ਕਹਿੰਦੇ, ਇਸ ਕੁੱਤੀ ਨੂੰ ਪੁੱਛ, ਕਿਹੜੇ ਪੀਰ ਤੋਂ ਧਾਗਾ ਲੈ ਕੇ ਆਈ... ਸਤਿਗੁਰ ਤੇ ਭਰੋਸਾ ਰੱਖ ਚਾਚੀ... ਭਾਵੇਂ ਦੇਵੇ, ਭਾਵੇਂ ਨਾ ਦੇਵੇ... ਉਸ ਦੀ ਰਜ਼ਾ!

ਪ੍ਰੀਤ ਦੀਆਂ ਗੱਲਾਂ ਹਨ... ਕੋਈ ਜਾਗਦੀਆਂ ਰੂਹਾਂ ਵਾਲੇ ਸਮਝਦੇ ਹਨ। ਭਗਵਾਨ ਸ੍ਰੀ ਰਾਮ ਲੰਕਾ ਜਿੱਤ ਕੇ ਵਾਪਸ ਅਯੋਧਿਆ ਆਏ... ਦੀਪਮਾਲਾ ਕੀਤੀ ਗਈ। ਭਰਤ ਨੇ ਬੜੇ ਉਤਸ਼ਾਹ ਨਾਲ, ਭਗਵਾਨ ਸ੍ਰੀ ਰਾਮ ਦਾ "ਰਾਜ ਅਭਿਸ਼ੇਕ" ਦਾ ਵੱਡਾ ਆਯੋਜਨ ਕੀਤਾ। ਰਾਜੇ ਮਹਾਰਾਜੇ, ਸੰਤ, ਰਿਸ਼ੀ-ਮੁਨੀ, ਗੁਰੂਜਨ ਸਾਰੇ ਸੱਦੇ। ਇਕ ਦਿਨ ਪਹਿਲਾਂ, ਵੱਡੇ ਭ੍ਰਾਤਾ, ਸ੍ਰੀ ਰਾਮ ਤੋਂ ਪੁੱਛਿਆ, ਭ੍ਰਾਤਾ ਸ੍ਰੀ ਇਕ ਵਾਰ ਵੇਖ ਲਉ, ਕੋਈ ਰਹਿ ਤਾਂ ਨਹੀਂ ਗਿਆ। ਭਗਵਾਨ ਬੋਲੇ, ਮੈਂ ਤਾਂ ਚੌਦਾਂ ਵਰ੍ਹਿਆਂ ਮਗਰੋਂ ਅਵਧ ਆਇਆ ਹਾਂ... ਕਈ ਬਾਲਕ, ਜਵਾਨ ਹੋ ਗਏ, ਕਈ ਜਵਾਨ ਬਿਰਧ ਹੋ ਗਏ। ਤੈਨੂੰ ਬਹੁਤੀ ਜਾਣਕਾਰੀ ਹੈ। ਹਨੂੰਮਾਨ, ਅੰਗਦ, ਸੁਗ੍ਰੀਵ, ਜਾਂਬਵੰਤ.... ਇਹ ਸਾਰੇ ਤਾਂ ਆ ਹੀ ਗਏ... ਰਹਿੰਦੇ ਤੂੰ ਆਪ ਵੇਖ ਲੈ।

ਰਾਤ ਸੌਣ ਲਗਿਆਂ, ਕੁਝ ਚੇਤਾ ਆਇਆ। ਉੱਬੜਵਾਹ ਉੱਠੇ। ਸੀਤਾ ਘਾਬਰ ਗਈ, ਪੁਛਿਆ, ਕੀ ਗੱਲ ਹੈ ਸਵਾਮੀ, ਇਸ ਵੇਲੇ ਕਿੱਧਰ ਨੂੰ ?

ਸੀਤੇ, ਮੈਂ ਭਰਤ ਕੋਲ ਚਲਿਆ ਹਾਂ... ਹੁਣੇ ਆਇਆ। "ਨੰਦੀ ਗ੍ਰਾਮ" ਜਾ ਭਰਤ ਨੂੰ ਜਗਾਇਆ। ਭਰਤ! ਬਹੁਤ ਵੱਡੀ ਭੁੱਲ ਮੈਥੋਂ ਹੋ ਚੱਲੀ ਸੀ। ਬਨਵਾਸ ਕਾਲ ਦਾ ਇਕ ਨਿਸ਼ਕਾਮ ਸਾਥੀ, "ਖੇਵਟ" ਰਹਿ ਚਲਿਆ ਸੀ। ਤਤਕਾਲ ਕੋਈ ਵਿਸ਼ਵਾਸ ਪਾਤਰ ਸੰਦੇਸ਼ ਵਾਹਕ ਅਤੇ ਰੱਥ ਭੇਜ ਕੇ ਖੇਵਟ ਨੂੰ, ਇਸ ਸਮਾਰੋਹ ਵਿਚ ਬਹੁਤ ਸਨਮਾਨ ਸਹਿਤ ਬਤੌਰ "ਮੁੱਖ ਮੇਹਮਾਨ" ਸੱਦੋ ਅਤੇ ਉਸੇ ਆਸਨ ਤੇ ਬਿਰਾਜਮਾਨ ਕਰਾਉ।

ਉਹ ਸਮਾਂ, ਅੱਧੀ ਰਾਤ ਮੰਤਰੀ ਸੁਮੰਤ੍ਰ ਜੀ ਦੇ ਨਾਲ ਰੱਥ ਤੇ ਸਵਾਰ ਹੋ ਕੇ, ਸ੍ਰੀ ਰਾਮ ਸੀਤਾ ਅਤੇ ਲੱਛਮਣ, ਸਵੇਰ ਦੀ ਲੋਅ ਲਗਦਿਆਂ ਤਕ ਗੰਗਾ ਕਿਨਾਰੇ ਪੁੱਜ ਗਏ। ਬੇੜੀ ਵਾਲਾ ਖੇਵਟ, ਥੋੜ੍ਹੀ ਦੂਰ ਬੇੜੀ ਤੇ ਹੈ। ਸ੍ਰੀ ਰਾਮ, ਆਵਾਜ਼ ਦੇ ਕੇ ਬੇੜੀ ਲਿਆਉਣ ਲਈ ਕਹਿੰਦੇ ਹਨ। ਗੋਸਵਾਮੀ ਤੁਲਸੀਦਾਸ, ਰਾਮਾਇਣ ਵਿਚ ਬੜੇ ਰੋਚਕ ਢੰਗ ਨਾਲ, ਇਸ ਪ੍ਰਸੰਗ ਨੂੰ ਲਿਖਦੇ ਹਨ—

"ਮਾਂਗੀ ਨਾਵ ਨਾ ਖੇਵਟ ਆਨਾ॥ ਕਹਹੁ ਤੁਮ੍ਹਾਰ ਮਰਮ ਮੈ ਜਾਨਾ॥"

ਖੇਵਟ ਨਹੀਂ ਆਉਂਦਾ... ਕਹਿੰਦਾ ਹੈ, ਮੈਂ ਤੁਹਾਡਾ ਮਰਮ ਜਾਣਦਾ ਹਾਂ। ਗੌਤਮ ਰਿਸ਼ੀ ਦੀ ਨਾਰੀ ਅਹਿੱਲਯਾ ਦਾ ਉੱਧਾਰ, ਪੱਥਰ ਦੀ ਸਿਲਾ ਨੂੰ ਪੈਰ ਦੇ ਸਪਰਸ਼ ਮਾਤਰ ਨਾਲ, ਮੁਕਤ ਕਰ ਦਿੱਤਾ ਸੀ। ਖੇਵਟ ਕਹਿੰਦਾ ਹੈ, ਮੈਂ ਤੁਹਾਡਾ "ਮਰਮ" ਜਾਣਦਾ ਹਾਂ। ਬੇੜੀ ਵਾਲਾ ਖੇਵਟ, ਸ੍ਰੀ ਰਾਮ ਦਾ ਸੱਚਾ ਪ੍ਰੇਮੀ ਹੈ... ਚਰਨ ਧੂੜ ਲੈਣੀ ਚਾਹੁੰਦਾ ਹੈ। ਕਹਿੰਦਾ ਹੈ:

"ਪਰਸੇ ਪਗ ਧੂਰੀ ਤਰੈ ਤਰਨੀ, ਘਰਨੀ ਘਰ ਕਾ ਸਮਝਾਈ ਹੈਂ ਜੂ" ਤੁਹਾਡੇ ਚਰਣ ਛੋਹ ਮਾਤਰ ਨਾਲ ਮੇਰੀ ਇਹ ਬੇੜੀ, ਇਸਤ੍ਰੀ ਬਣ ਗਈ, ਤਾਂ ਘਰ ਵਾਲੀ ਨੂੰ ਕਿਵੇਂ

ਸਮਝਾਵਾਂਗਾ। ਮੇਰੇ ਘਰ ਤਾਂ ਕਲੇਸ਼ ਪੈ ਜਾਣਾ ਹੈ। ਅਗੋਂ ਕਹਿੰਦਾ ਹੈ—

"ਤੁਲਸੀ ਅਵਲੰਬ ਨ ਅਉਰ ਕਛੂ, ਲਰਿਕਾ ਕੇਹੀ ਭਾਂਤਿ ਜੀਆਈ ਹੈਂ ਜੂ॥"

ਹੋਰ ਤਾਂ ਕੋਈ ਗੱਲ ਨਹੀਂ ਹੈ, ਪਰ ਜੇ ਬੇੜੀ ਜਨਾਨੀ ਬਣ ਗਈ, ਰੁਜ਼ਗਾਰ ਨਾ ਰਿਹਾ ਤਾਂ ਪਰਿਵਾਰ ਦੀ ਪਰਵਰਿਸ਼ ਕਿਵੇਂ ਕਰਾਂਗਾ।

"ਬਰੁ ਮਾਰੀਏ ਮੋਹਿ ਬਿਨਾ ਪਗ ਧੋਏ ਹਉ ਨਾਥ ਨ ਨਾਵ ਚੜ੍ਹਾਈ ਹੈਂ ਜੂ॥"

ਮੈਨੂੰ ਭਾਵੇਂ ਮਾਰ ਦਿਉ, ਭਸਮ ਕਰ ਦਿਉ, ਪਰ ਪੈਰ ਧੋਤਿਆਂ ਬਗੈਰ, ਮੈਂ ਤੁਹਾਨੂੰ ਬੇੜੀ ਤੇ ਨਹੀਂ ਚੜ੍ਹਾਵਾਂਗਾ। ਜਾਣੀ ਜਾਣ, ਦਿਲਾਂ ਦੇ ਭਾਵ ਬੁੱਝਣ ਵਾਲੇ ਪ੍ਰਭੂ ਰਾਮ, ਮੁਸਕੁਰਾ ਕੇ ਪੈਰ ਧੋਣ ਲਈ ਅੱਗੇ ਕਰ ਦਿੰਦੇ ਹਨ।

ਖੇਵਟ ਇਕ ਪਰਾਤ ਵਿਚ ਭਗਵਾਨ ਜੀ ਦੇ ਪੈਰ ਰਖ ਧੋਂਦਾ ਹੈ, ਜਲ ਅੱਖਾਂ-ਮੱਥੇ ਤੇ ਲਾਉਂਦਾ ਹੈ, ਤੇ ਬੇੜੀ ਗੰਗਾ ਵਿਚ ਤੋਰ ਲੈਂਦਾ ਹੈ। ਹੱਥਾਂ ਨਾਲ ਬੇੜੀ ਦੇ ਚੱਪੂ ਚਲਾਉਂਦਾ ਹੈ... ਨੇਤਰਾਂ ਨਾਲ ਪ੍ਰਭੂ ਦਰਸ਼ਨ ਦਾ ਰਸ ਪੀਂਦਾ ਹੈ। ਪਾਰ ਬੇੜੀ ਲੱਗੀ। ਪਹਿਲਾਂ ਆਪ ਉਤਰਿਆ, ਬੇੜੀ ਨੂੰ ਬੰਨ੍ਹ ਕੇ ਸ੍ਰੀ ਰਾਮ, ਲੱਛਮਣ, ਸੀਤਾ ਨੂੰ ਲਾਹਿਆ, ਚਰਨਾਂ ਤੇ ਸਿਰ ਰਖਿਆ। ਹੁਣ ਰਾਮ ਵਿਚ ਇਕ ਦੁਵਿਧਾ ਪੈ ਗਈ। ਉਹ ਖੇਵਟ ਨੂੰ ਕੁਝ ਮਾਇਆ ਦੇਣੀ ਚਾਹੁੰਦੇ ਹਨ। ਸੰਨਿਆਸੀ ਭੇਖ ਵਿਚ, ਨਾ ਕੋਈ ਵਸਤਰ ਪਾਏ ਹਨ, ਨਾ ਜੇਬ ਹੈ, ਨਾ ਪੈਸੇ ਹਨ...। ਵਲਕਲ ਧਾਰੀ ਰਾਮ, ਇਸੇ ਸੋਚ ਵਿਚ ਖੜ੍ਹੇ ਹਨ। ਸੀਤਾ ਬਹੁਤ ਸਮਝਦਾਰ ਹੈ, ਪਤੀ ਦੀ ਮਨੋਦਸ਼ਾ ਨੂੰ ਭਾਂਪ ਲਿਆ...

"ਪੀਏ ਹੀਏ ਕੀ ਸੀਏ ਜਾਨਨਹਾਰੀ॥
ਮਣੀ ਮੁੰਦਰੀ ਮਨ ਮੁਦਿਤ ਉਤਾਰੀ॥"

"ਭਾਰਤੀ ਨਾਰੀ" ਦਾ ਆਦਰਸ਼ ਹੈ, ਸੀਤਾ। ਪਤੀ ਦੀ ਦੁਵਿਧਾ ਸਮਝੀ, ਹੱਸਦਿਆਂ ਹੱਸਦਿਆਂ, ਹੀਰੇ ਜੜੀ ਹੋਈ ਮੁੰਦਰੀ ਲਾਹ ਕੇ ਦੇ ਦਿੱਤੀ। ਖੇਵਟ ਨੇ ਉਹ ਮੁੰਦਰੀ ਮਾਤਾ ਸੀਤਾ ਦੇ ਚਰਨਾਂ ਤੇ ਰਖ ਦਿੱਤੀ ਤੇ ਬਚਨ ਕੀਤਾ, ਸਾਡਾ ਦੋਹਾਂ ਦਾ ਕੰਮ ਇੱਕੋ ਜੇਹਾ ਹੈ, ਪਾਰ ਲੰਘਾਉਣ ਦਾ। ਮੈਂ ਇਥੇ ਗੰਗਾ ਪਾਰ ਕਰਵਾਈ ਹੈ... ਮੋਇਆਂ ਪਿੱਛੋਂ, ਜਦੋਂ ਮੈਂ ਆਵਾਂ, ਤੁਸੀਂ ਭਵਸਾਗਰ ਪਾਰ ਲੰਘਾ ਦੇਣਾ।

ਸ੍ਰੀ ਰਾਮ ਦੇ ਨੇਤਰਾਂ ਸਾਹਵੇਂ ਸਾਰਾ ਪਿਛਲਾ ਦ੍ਰਿਸ਼ ਪ੍ਰਗਟ ਹੋ ਗਿਆ। ਭਰਤ ਨੂੰ ਕਹਿੰਦੇ ਹਨ, ਰਥ ਤੇ ਵਿਸ਼ੇਸ਼ ਦੂਤ ਭੇਜ ਕੇ ਖੇਵਟ ਨੂੰ ਸੱਦੋ... ਕੱਲ ਦੇ ਸਮਾਗਮ ਦਾ ਮੁੱਖ ਮੇਹਮਾਨ ਵਜੋਂ ਸਨਮਾਨ ਸਹਿਤ, ਆਸਨ ਤੇ ਸੁਸ਼ੋਭਤ ਕਰਵਾਉ।

ਖੇਵਟ ਨਾਲ ਪ੍ਰੀਤ ਹੈ, ਤਾਂ ਵੱਡੇ ਪ੍ਰਾਂਤ, ਦੇਸ਼ ਦੇ ਰਾਜੇ ਨੂੰ ਮੁੱਖ ਮੇਹਮਾਨ ਵਜੋਂ ਸਨਮਾਨ ਦੀ ਰੀਤ, ਅੱਜ ਅਵਧ ਵਿਚ ਟੁੱਟ ਗਈ।

"ਮੂ ਲਾਲਨ ਸਿਉ ਪ੍ਰੀਤ ਬਨੀ"...॥

2
"ਭਗਤੁ ਭਗਤੁ ਸੁਨੀਐ ਤਿਹੁ ਲੋਇ"

ਹਜ਼ਾਰਾਂ ਸਾਲਾਂ ਤੋਂ ਮਨੁੱਖ, ਰੱਬ ਦੀ ਖੋਜ ਵਿੱਚ ਹੈ। ਰੱਬ ਦੇ ਜਨ, ਗੁਰੂ, ਪੀਰ, ਸੰਤ ਜਿਥੋਂ ਲੰਘੇ, ਉਥੇ, ਗੁਰਦੁਆਰੇ, ਮੰਦਿਰ, ਮਸਜਿਦ, ਅਤੇ ਗਿਰਜਾਘਰ ਉਸਾਰੇ ਗਏ। ਇਹ ਅਸੀਂ ਮਨ ਨੂੰ ਤਸੱਲੀ ਦੇ ਲਈ, ਕਿ ਰੱਬ ਦਾ ਘਰ ਹੈ। ਇਹ ਘਰ ਸਾਡੀ-ਤੁਹਾਡੀ ਸੋਚ ਤੋਂ ਸਿਰਜੇ ਗਏ... ਮਨੁੱਖ ਵਲੋਂ ਉਸਾਰੇ ਗਏ, ਰੱਬ ਦੇ ਘਰ।" ਪਰ ਉਹ ਘਰ ਜੋ ਰੱਬ ਨੇ, ਪਰਮਾਤਮਾ ਨੇ, ਆਪ ਆਪਣੇ ਲਈ ਸਿਰਜਿਆ ਸੀ, ਉਹ ਪਤਾ ਨਹੀਂ ਕਿੱਥੇ ਹੈ।

ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ, ਦੇਵ ਗੰਧਾਰੀ ਰਾਗ ਵਿੱਚ, ਪਵਿੱਤਰ ਗੁਰਬਾਣੀ ਰਾਹੀਂ, ਪ੍ਰਭੂ ਘਰ ਦੀ ਦੱਸ ਪਾਉਂਦੇ ਹਨ—

"ਆਦਿ ਜੁਗਾਦਿ ਭਗਤ ਜਨ ਸੇਵਕ ਤਾਕੀ ਬਿਖੈ ਅਧਾਰਾ॥"

ਸ੍ਰਿਸ਼ਟੀ ਸਿਰਜਨਾ ਦੇ ਆਰੰਭ ਕਾਲ ਤੋਂ—ਜੁਗਾਂ ਦੇ ਆਰੰਭ ਤੋਂ, ਭਗਤ ਜਨਾਂ, ਸੇਵਕ ਜਨਾਂ ਦੇ ਹਿਰਦੇ ਵਿਚ ਆਪਣਾ ਆਧਾਰ ਬਣਾਇਆ।

ਵਿਸ਼ਨੂੰ ਪੁਰਾਣ ਦਾ ਪ੍ਰਸੰਗ ਹੈ, ਨਾਰਦ ਜੀ ਨੇ ਭਗਵਾਨ ਵਿਸ਼ਨੂੰ ਤੋਂ ਪੁੱਛਿਆ, .. ਤੁਹਾਡਾ ਨਿਵਾਸ ਕਿੱਥੇ ਹੈ?

ਭਗਵਾਨ ਵਿਸ਼ਨੂੰ ਕਹਿੰਦੇ ਹਨ—

ਨ ਅਹਮ ਵਸਾਮਿ ਬੈਕੁੰਠੇ, ਯੋਗੀਨਾਮ ਹਿਰਦਯੰ ਨ ਚ॥
ਮਦ ਭਗਤੰ ਯਤ੍ਰ ਗਾਯੰਤੀ, ਵਸਾਮਿ ਤਤ੍ਰ ਨਾਰਦਾ॥

ਹੇ ਦੇਵਰਿਸ਼ੀ ਨਾਰਦ! ਮੈਂ ਬੈਕੁੰਠ ਵਿਚ ਨਹੀਂ ਵੱਸਦਾ... ਯੋਗੀਆਂ, ਤਪੱਸਵੀਆਂ, ਕਰਮਕਾਂਡੀਆਂ ਦੇ ਹਿਰਦੇ ਵਿਚ ਭੀ ਨਹੀਂ... ਮੇਰੇ ਭਗਤ ਜਿਥੇ ਪ੍ਰਭੂ ਦੀ ਉਸਤਤਿ ਕਰਦੇ ਹਨ, ਮੈਂ ਉਥੇ ਹੀ ਰਹਿੰਦਾ ਹਾਂ।

ਤਾਂ ਪੰਜਵੇਂ ਪਾਤਸ਼ਾਹ, ਸੁਖਮਨੀ ਸਾਹਿਬ ਵਿਚ, ਭਗਤ ਦਾ ਪ੍ਰੀਚੇ ਕਰਵਾਉਂਦੇ ਹਨ—

"ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥"

ਭਗਤ ਦੇ ਮਨ ਵਿਚ, ਭਿੰਨ-ਭੇਦ ਨਹੀਂ, ਬਹੁ ਦੇਵਵਾਦ, ਬਹੁ ਜਾਤੀਵਾਦ ਨਹੀਂ— ਮਨ, ਬਚਨ, ਕਰਮ, ਸਤਿ ਨੂੰ, ਅਕਾਲ ਪੁਰਖ ਨੂੰ ਸਮਰਪਿਤ ਹੁੰਦੇ ਹਨ। ਸਦਾ ਮੰਗਦੇ ਹਨ—

"ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥"

ਹੇ ਪਰਮਾਤਮਾ ਮੈਨੂੰ ਸਾਰਿਆਂ ਵਿਚ ਇਕ ਤੂੰ ਹੀ ਦਿੱਸੇਂ, ਦੂਜਾ ਨਹੀਂ... ਦੂਈ ਦਾ ਭਾਵ ਨਾ ਰਹੇ।

ਸਾਰਿਆਂ ਵਿੱਚ ਰੱਬ ਦੀ ਦ੍ਰਿਸ਼ਟੀ, ਗੁਰਮਤਿ ਦੀ ਪਹਿਲੀ ਸੰਥਾ ਹੈ।

"ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ ॥"

ਪਰਮਾਤਮਾ ਚੇਤਨ ਹੈ... ਪਰਮ ਚੇਤਨ!

ਸਾਰੇ ਬ੍ਰਹਮਾਂਡ ਵਿੱਚ, ਜਲ-ਥਲ-ਆਕਾਸ਼ ਵਿਚ, ਪਰਮ ਚੇਤਨ ਸਦਾ, ਹਵਾ ਦੀਆਂ ਤਰੰਗਾਂ ਵਾਂਗ ਵਗਦਾ ਰਹਿੰਦਾ ਹੈ। ਹਰ ਜੀਅ, ਹਰ ਪਦਾਰਥ ਵਿਚ, ਪਸ਼ੂ ਪੰਖੀ, ਮਨੁੱਖ ਵਿੱਚ, ਨਦੀ, ਸਮੁੰਦਰ, ਪਹਾੜ, ਖੇਤਾਂ ਵਿਚ, ਹਰ ਥਾਂ ਉਹ ਮੌਜੂਦ ਹੈ—ਸੂਫ਼ੀ ਗਾਉਂਦੇ ਹਨ—

ਜੇ ਮੈ ਤੈਨੂੰ ਬਾਹਰ ਢੂੰਢਾਂ, ਤਾਂ ਮੇਰੇ ਅੰਦਰ ਕਉਣ ਸਮਾਇਆ ॥
ਜੇ ਮੈ ਤੈਨੂੰ ਅੰਦਰ ਢੂੰਢਾਂ, ਫਿਰ ਬਾਹਰ ਕਿਸੜੀ ਮਾਇਆ ॥
ਅੰਦਰ ਤੂੰ ਏਂ, ਬਾਹਰ ਤੂੰ ਏਂ, ਵੇਖਾਂ ਹਰ ਥਾਂ ਤੇਰਾ ਸਾਇਆ ॥
ਮੈ ਭੀ ਤੂੰ ਏ, ਤੂੰ ਭੀ ਤੂੰ ਹੈ, ਰੱਤਾ ਫ਼ਰਕ ਸਮਝ ਨ ਆਇਆ ॥

ਪੰਜਵੇਂ ਪਾਤਸ਼ਾਹ, ਪ੍ਰਭੂ ਰਮਜ਼ ਨੂੰ ਖੋਲ੍ਹਦੇ ਹਨ—

"ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥"

ਉਹ ਪਰਮ ਚੇਤਨ ਰੂਪ ਪਰਮਾਤਮਾ, ਹਰ ਥਾਂ ਮੌਜੂਦ ਹੈ, ਪਰ ਉਸ ਨੂੰ ਅੱਖ, ਕੰਨ ਜਾਂ ਹੱਥਾਂ-ਪੈਰਾਂ ਨਾਲ ਨਹੀਂ ਵੇਖ ਸਮਝ ਸਕਦੇ। ਉਹ ਤਾਂ "ਆਤਮ-ਚੇਤਨਾ" ਨਾਲ ਅਹਿਸਾਸ ਵਿਚ ਉਤਰਦਾ ਹੈ। ਆਤਮ ਚੇਤਨਾ ਦਾ ਤਲ ਜਿਸ ਵਿੱਚ ਉੱਚਾ ਹੈ, ਵਿਕਸਤ ਹੈ, ਉਹ ਪਰਮ-ਚੇਤਨ ਦੇ ਸੰਗ ਹੀ ਰਹਿੰਦਾ ਹੈ ਅਤੇ ਉਹੋ "ਭਗਤ" ਹੈ। ਸੁਰਤ ਸਦਾ, ਗੁਰੂ ਪਰਮੇਸ਼ਰ ਦੀ ਚੇਤਨਾ ਵਿਚ ਰਹਿੰਦੀ ਹੈ।

ਪ੍ਰਮੁਖ ਵਿਦਵਾਨ, ਜਸਵੰਤ ਸਿੰਘ ਨੇਕੀ, ਆਪਣੀ ਸ੍ਵੈ ਜੀਵਨੀ ਵਿਚ ਆਪਣਾ ਸੰਸਮਰਨ ਲਿਖਦੇ ਹਨ। 1940 ਦੇ ਦਹਾਕੇ ਦੀ ਇਕ ਆਤਮ ਬੋਧ ਘਟਨਾ! ਭਾਈ ਵੀਰ ਸਿੰਘ ਜੀ ਦੇ ਵਿਦਿਆਰਥੀ ਹੈ ਸਨ। ਲਾਰੇਂਸ ਰੋਡ, ਅੰਮ੍ਰਿਤਸਰ, ਭਾਈ ਸਾਹਿਬ ਦੀ ਵੱਡੀ ਕੋਠੀ ਦੇ ਅੱਗੇ ਪਿੱਛੇ ਬਾਗ ਸੀ। ਇਕ ਸ਼ਾਮ, ਅੱਗੇ ਭਾਈ ਵੀਰ ਸਿੰਘ ਜੀ ਅਤੇ ਪਿੱਛੇ ਅਸੀਂ ਤਿੰਨ ਚਾਰ ਵਿਦਿਆਰਥੀ ਬਾਗ ਵਿਚ ਵਿੱਚਰ ਰਹੇ ਸਾਂ। ਇਕ ਥਾਂ, ਭਾਈ ਸਾਹਿਬ ਖਲੋ ਗਏ... ਇਕ ਤਿੱਤਲੀ, ਫੁੱਲ ਤੇ ਬੈਠ ਰਸ ਲੈ ਰਹੀ ਸੀ... ਫਿਰ ਉੱਡ ਗਈ। ਅਸੀਂ ਭੀ ਉਹ ਦ੍ਰਿਸ਼ ਦੇਖ ਰਹੇ ਸਾਂ। ਭਾਈ ਸਾਹਿਬ ਪੁਛਿਆ, "ਤੁਸੀਂ ਕੀ ਵੇਖਿਆ?" ਇਕ ਨੇ ਕਿਹਾ, ਜੀ ਇਕ ਤਿਤਲੀ ਫੁਲ ਤੇ ਬੈਠੀ ਰਸ ਪੀ ਕੇ ਉੱਡ ਗਈ।

ਮੇਰੇ ਵਲ ਮੁਖ਼ਾਤਿਬ ਹੋ ਕੇ ਭਾਈ ਸਾਹਿਬ ਕਿਹਾ, ਜਸਵੰਤ ਸਿੰਘ ਤੁਸੀਂ ਤਾਂ ਸ਼ਾਇਰ ਦਿਲ ਹੋ, ਦੱਸੋ ਕੀ ਵੇਖਿਆ? ਮੈਂ ਉਸੇ ਵੇਲੇ ਤੁਕਬੰਦੀ ਕੀਤੀ—ਫੁੱਲ ਦੇ ਲਫ਼ਜ਼ਾਂ ਵਿਚ, "ਅੱਜ ਸੁਹੱਪਣ ਭੀ ਜ਼ਾਇਆ ਹੋ ਗਿਆ। ਰਸ ਪੀ ਕੇ ਆਸ਼ਿਕ ਭੀ ਪਰਾਇਆ ਹੋ ਗਿਆ।"

"ਨਹੀਂ", ਭਾਈ ਸਾਹਿਬ ਬੋਲੇ, ਤੁਸੀਂ ਦੋਵੇਂ ਅਜੇ ਤਾਂਈ—ਦੁਵਿਧਾ ਵਿਚ ਹੋ।

ਉਹ, ਗੁਰੂ ਨਾਨਕ ਪਾਤਸ਼ਾਹ ਜੋ ਕਹਿੰਦੇ ਹਨ—

"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥"

ਇਹ ਨਿੱਕੀ ਜਿਹੀ ਤਿਤਲੀ, ਉਸ ਦੀ ਵਿਆਖਿਆ ਕਰ ਗਈ। ਆਤਮ ਰਸ ਵਿਚ ਮਗਨ ਸੁਰਤਿ, ਹਰ ਸ਼ੈਅ ਵਿਚ, ਸ਼ਬਦ ਨੂੰ... ਸਤਿ ਨੂੰ ਵੇਖ ਲੈਂਦੀ ਹੈ।

ਸੰਸਾਰ ਵਿਚ ਇਤਨਾ ਕਲੇਸ਼... ਇਤਨਾ ਜ਼ਹਿਰ ਹੈ ਕਿ ਆਤਮਾ ਦਾ ਆਨੰਦ ਬਹੁਤ ਦੂਰ ਚਲਾ ਗਿਆ ਜਾਪਦਾ ਹੈ... ਰੂਹ ਦੀ ਮੌਨ ਧੁਨੀ, ਹੁਣ ਸਾਡੀ ਪਹੁੰਚ ਤੋਂ ਪਰ੍ਹੇ ਹੋ ਗਈ ਹੈ। ਇੰਡੋ-ਅਮੇਰੀਕਨ ਸੰਸਾਰ ਪ੍ਰਸਿੱਧ ਮਨੋਵਿਗਿਆਨੀ "ਅੰਜੁਲਾ ਮਇਆ ਬੈਂਸ" ਕਹਿੰਦੀ ਹੈ, ਮਨੁੱਖ ਦੇ ਮਨ-ਹਿਰਦੇ ਤੇ ਜ਼ਿੰਮੇਵਾਰੀਆਂ ਦਾ, ਵਿਕਾਸਵਾਦ ਦਾ ਬਹੁਤ ਵੱਡਾ ਭਾਰ ਪਿਆ ਹੋਇਆ ਹੈ। ਭਾਰ ਲਾਹੇ, ਬੋਝ ਮੁਕਤ ਹੋਵੇ ਤਾਂ ਆਤਮ ਆਨੰਦ ਦਾ ਸੁਖ ਮਾਣੇ। ਕਹਿੰਦੀ ਹੈ, ਤੁਹਾਡਾ ਕੋਈ-ਆਪਣਾ, ਜਿਸ ਤੇ ਭਰੋਸਾ ਕਰ ਕੇ ਆਪਣਾ ਭਾਰ, ਉਸ ਦੇ ਹਵਾਲੇ ਕਰ ਕੇ, ਹੌਲਿਆਂ ਹੋ ਸਕੋ... ਆਨੰਦ ਦੇ ਆਕਾਸ਼ ਤੇ ਉਡਾਰੀ ਮਾਰ ਸਕੋ। ਨਿਰਸੰਦੇਹ ਉਹ ਤੁਹਾਡਾ "ਗੁਰੂ" ਹੋ ਸਕਦਾ ਹੈ... ਲੋਕ ਪਰਲੋਕ ਵਿਚ ਤੁਹਾਡਾ ਸਹਾਈ! ਨਿੱਕੇ ਹੁੰਦਿਆਂ ਤੋਂ ਸੁਣ ਰਹੇ ਹਾਂ—

"ਤੇਰਿਆਂ ਭਗਤਾਂ ਨੇ ਸੁੱਟੀ ਤੇਰੇ ਉੱਤੇ ਡੋਰ ਯਾ"

ਜਾਂ ਫਿਰ, "ਜਿੰਨ੍ਹਾਂ ਨੇ ਡੋਰਾਂ ਆਪਣੇ ਗੁਰਾਂ ਉੱਤੇ ਸੁੱਟੀਆਂ
ਉਨ੍ਹਾਂ ਨੂੰ ਕਾਹਦਾ ਡਰ ਵੇ ਲੋਕੋ—"।

ਮਹਾਂਭਾਰਤ ਦੇ "ਵਣ ਪਰਵ" ਵਿਚ, ਛੋਟਾ ਭਾਈ-ਨਕੁਲ ਯੁਧਿਸ਼ਟਰ ਤੋਂ ਪੁੱਛਦਾ ਹੈ, "ਕਿਹੜਾ ਧਰਮ ਚੰਗਾ ਹੈ ?"

ਧਰਮ ਰਾਜ ਯੁਧਿਸ਼ਠਰ ਕਹਿੰਦਾ ਹੈ, ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ, ਧਰਮ ਕੀ ਹੈ ?

ਅਸੀਂ ਪੰਜ ਤੱਤ ਧਾਰਣ ਕੀਤੇ ਹਨ, ਮਿੱਟੀ, ਪਾਣੀ, ਹਵਾ, ਅਗਨੀ ਅਤੇ ਆਕਾਸ਼... ਇਹਨਾਂ ਤੱਤਾਂ ਦਾ ਸੰਤੁਲਤ ਵਿਕਾਸ, "ਧਰਮ ਹੈ।" ਇਹ ਪੰਜੇ ਤੱਤ ਇਕ ਸੁਰ ਵਿਚ ਹੋਣ, ਸਵੱਸਥ ਹੋਣ ਤਾਂ ਹੀ ਚਾਰ ਪੁਰਸ਼ਾਰਥ, ਧਰਮ, ਅਰਥ, ਕਾਮ ਅਤੇ ਮੋਕਸ਼, ਪੂਰੇ ਹੋ ਸਕਦੇ ਹਨ। ਇਹ ਪੰਜ ਤੱਤ ਸੰਗ ਵਿਚ ਹਨ, ਤਾਂ ਅਸੀਂ ਮਨੁੱਖ ਹਾਂ, ਇਹਨਾਂ 'ਚੋਂ ਇਕ ਤੱਤ ਭੀ ਮਰ ਜਾਏ ਤਾਂ ਮਨੁੱਖ ਮਰ ਜਾਂਦਾ ਹੈ। ਤਾਂ ਇਹਨਾਂ ਤੱਤਾਂ ਪ੍ਰਤੀ ਸਾਵਧਾਨ ਮਨੁੱਖ ਹੀ ਧਰਮ ਦੀ "ਰਹਿਤ" ਨਿਭਾ ਸਕਦਾ ਹੈ।

ਹੁਣ ਪ੍ਰਸ਼ਨ ਕਿਹੜਾ ਧਰਮ ਸ੍ਰੇਸ਼ਠ ਹੈ ?

ਤਾਂ ਯੁਧਿਸ਼ਠਰ ਕਹਿੰਦੇ ਹਨ, ਤਰਕ ਜਾਂ ਵਿਵਾਦ ਨਾਲ ਕਿਸੇ ਧਰਮ ਦੀ ਸਾਰਥਕਤਾ ਜਾਂ ਸ੍ਰੇਸ਼ਠਤਾ ਸਿੱਧ ਨਹੀਂ ਕੀਤੀ ਜਾ ਸਕਦੀ। ਸਾਰਿਆਂ ਧਰਮਾਂ ਦੇ ਪੱਖ ਵਿਚ ਜਾਂ ਵਿਰੋਧ ਵਿਚ ਕਈ ਕਈ ਤੱਥ ਉੱਠ ਖੜ੍ਹੇ ਹੁੰਦੇ ਹਨ। ਸ਼ਰੁੱਤੀਆਂ, ਧਰਮ ਸ਼ਾਸਤ੍ਰ ਭੀ ਵੱਖ ਵੱਖ ਵਿਚਾਰ ਦਿੰਦੇ ਹਨ।

ਇਕ ਭੀ ਰਿਸ਼ੀ ਜਾਂ ਮੁਨੀ ਇਵ ਦਾ ਨਹੀਂ, ਜਿਸ ਦੇ ਵੀਚਾਰ ਪ੍ਰਮਾਣਿਤ ਮੰਨ ਲਏ ਜਾਣ... ਸਾਰਿਆਂ ਧਰਮ ਅਵਲੰਬੀਆਂ ਨੂੰ ਸਵੀਕਾਰ ਹੋਵੇ। ਤਾਂ ਕਿਸੇ ਧਰਮ ਦੀ ਸ੍ਰੇਸ਼ਠਤਾ

ਸਾਬਤ ਕਰਨੀ ਸੰਭਵ ਨਹੀਂ ਹੈ। ਧਰਮ ਤੇ ਤੱਤ ਬਹੁਤ ਗਹਿਰੇ ਵਿਚ ਛੁਪੇ ਹੋਇ ਹਨ। ਸ੍ਰੇਸ਼ਠ ਤਾਂ ਇਹ ਹੈ ਕਿ ਤੁਹਾਡੇ ਵਡੇਰੇ, ਮਹਾਂਪੁਰਖ, ਗੁਰੂ ਜਨਾਂ ਨੇ ਜਿਹੜਾ ਮਾਰਗ ਦਿੱਤਾ, ਭਰੋਸੇ ਦੇ ਨਾਲ ਉਸ ਰਾਹ ਤੇ ਟੁਰੀ ਚਲੀਏ।

"ਤਰਕੋ ਅਪ੍ਰਤਿਸਠਃ ਸ੍ਰੁਤਯੋ ਵਿਭਿੰਨਃ। ਨ ਏਕੋ ਰਿਸ਼ੀ
ਯਸਯ ਮਤੋ ਪ੍ਰਮਾਣਮ। ਧਰਮਸਯ ਤਤਵੰ ਨਿਹਿਤੰ
ਗੁਹਾਯਾ। ਮਹਾਜਨਃ ਯੇਨ ਗਤਃ ਸਃ ਪੰਥਾ॥

ਧਰਮ ਦੇ ਵਿਵਾਦਾਂ ਵਿਚ, ਇਹ ਸਾਡਾ ਦੇਸ਼, ਹਜ਼ਾਰਾਂ ਸਾਲਾਂ ਤੋਂ ਲੜਦਾ ਰਿਹਾ। ਭਗਤੀ ਵੇਲ ਸੁਕਦੀ ਰਹੀ। ਨਿਰਾਕਾਰ-ਸਾਕਾਰ, ਦਵੈਤ ਅਦਵੈਤ, ਵਸ਼ਿਸ਼ਠ ਅਦਵੈਤ, ਸ਼ੈਵ, ਵੈਸ਼ਨਵ, ਰਾਮ ਭਗਤੀ ਸ਼ਾਖਾ, ਕ੍ਰਿਸ਼ਨ ਭਗਤੀ ਸ਼ਾਖਾ.... ਸਾਰੇ ਆਪਣੇ ਧਰਮ ਚਿੰਤਨ ਨੂੰ, ਆਪਣੇ ਫ਼ਲਸਫ਼ੇ ਨੂੰ ਸ੍ਰੇਸ਼ਠ ਸਾਬਤ ਕਰਨ ਲਈ ਉਲਝਦੇ ਰਹੇ। ਫਿਰ ਜੈਨ ਧਰਮ ਅਤੇ ਬੋਧ ਧਰਮ ਦੀ ਵੰਗਾਰ ਸਮੇਂ ਤਾਂ ਤਥਾ ਕਥਿਤ ਧਰਮੀਆਂ ਦਾ ਤਵਾਜਨ ਪੂਰੀ ਤਰਾਂ ਵਿਗੜ ਗਿਆ। ਰਾਜਾ ਧਨਾਨੰਦ ਨੂੰ ਹਰਾ ਕੇ, ਗੁਰੂ ਚਾਣਕ ਦੇ ਨਿਰਦੇਸ਼ ਅਨੁਸਾਰ, ਚੰਦਰਗੁਪਤ ਗੱਦੀ ਤੇ ਬਿਰਾਜਮਾਨ ਹੋਏ... "ਮੌਰਿਆ ਵੰਸ਼" ਸਥਾਪਤ ਹੋਇਆ। ਚੰਦਰਗੁਪਤ ਦਾ ਪੋਤਰਾ ਸਮਰਾਟ ਅਸ਼ੋਕ ਬਹੁਤ ਕ੍ਰੂਰ ਬਾਦਸ਼ਾਹ ਸੀ। ਆਪਣੇ ਸਾਰੇ ਭਾਈਆਂ ਨੂੰ ਮਰਵਾ ਕੇ ਗੱਦੀ ਤੇ ਬੈਠਾ। ਪਾਟਲੀਪੁੱਤਰ ਤੋਂ ਤੁਰਿਆ, ਮਗਧ ਤੋਂ ਤੱਖਸ਼ਿਲਾ, ਵਰਤਮਾਨ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤਕ ਸਾਰਾ ਜਿੱਤ ਲਿਆ। ਪਰ ਕਲਿੰਗ ਦੀ ਜੰਗ ਵਿਚ ਲੱਖਾਂ ਲਾਸ਼ਾਂ ਨੂੰ ਵੇਖ ਕੇ ਹਿਰਦਾ ਕੰਬ ਗਿਆ। ਹਥਿਆਰ ਸੁੱਟ ਕੇ ਬੋਧ ਧਰਮ ਦੀ ਸ਼ਰਣ ਚਲਾ ਗਿਆ। ਧੀ, ਪੁੱਤਰ ਰਾਜ ਪ੍ਰਸ਼ਾਸਨ, ਸਾਰੇ ਬੋਧ ਧਰਮ ਪ੍ਰਚਾਰ ਵਿਚ ਲਗ ਪਏ। ਅਸ਼ੋਕ ਤੋਂ ਬਾਦ ਭੀ ਛੇ ਉਤਰਾਧਿਕਾਰੀ ਬੋਧ ਧਰਮ ਪ੍ਰਚਾਰ ਪ੍ਰਸਾਰ ਵਿਚ ਲੱਗੇ ਰਹੇ। ਕਈ ਥਾਂਵਾਂ ਤੇ ਬੋਧ ਮਠ ਅਤੇ ਸਿਖਿਆ ਕੇਂਦਰ ਖੋਲੇ ਗਏ। ਸਤਵੇਂ ਵੰਸ਼ਜ ਬ੍ਰਿਹਦ੍ਰਥ ਦਾ ਮੁੱਖ ਸੈਨਾਪਤੀ, ਪੁਸ਼ਯਮਿਤ੍ਰ ਸ਼ੂੰਗ, ਭਾਰਦਵਾਜ ਬ੍ਰਾਹਮਣ ਯੋਧਾ ਸੀ। ਉਹ ਬਾਹਰਲੇ ਦੇਸ਼ਾਂ ਦੇ ਬੋਧੀ ਨਾਗਰਿਕਾਂ ਨੂੰ ਸ਼ਰਣ ਦੇਣ ਦੇ ਖਿਲਾਫ਼ ਸੀ। ਇਸ ਵਿਸ਼ੇ ਤੇ ਉਹ ਹਮੇਸ਼ਾ ਰਾਜਾ ਬ੍ਰਿਹਦ੍ਰਥ ਦੀ ਵਿਰੋਧਤਾ ਕਰਦਾ। ਇਕ ਵਾਰ ਉਸ ਨੇ ਫ਼ੌਜ ਦੀ ਟੁਕੜੀ ਆਪਣੇ ਅਧੀਨ ਕਰ ਕੇ ਬਗਾਵਤ ਕਰ ਦਿੱਤੀ... ਰਾਜਾ ਬ੍ਰਿਹਦ੍ਰਥ ਨੂੰ ਮਾਰ ਕੇ ਆਪ ਗੱਦੀ ਤੇ ਬੈਠਾ। ਚੰਦਰਗੁਪਤ ਤੋਂ ਡੇਢ ਸੌ ਸਾਲਾਂ ਬਾਦ ਮੌਰਿਆ ਵੰਸ਼ ਦਾ ਰਾਜ ਸਮਾਪਤ ਹੋਇਆ... "ਸ਼ੂੰਗ ਵੰਸ਼" ਦਾ ਰਾਜ ਸਥਾਪਤ ਹੋਇਆ। ਪੁਸ਼ਯਮਿਤ੍ਰ ਸ਼ੂੰਗ ਬੋਧ ਧਰਮ ਦਾ ਸਖਤ ਵਿਰੋਧੀ ਸੀ... ਸਨਾਤਮ ਧਰਮ ਦੀ ਪੁਨਹ ਸਥਾਪਨਾ ਚਾਹੁੰਦਾ ਸੀ। ਬੋਧ ਮਠਾਂ ਅਤੇ ਸਿੱਖਿਆ ਕੇਂਦਰਾਂ ਸਹਿਤ-ਘਰਾਂ 'ਚੋਂ ਕੱਢ ਕੱਢ ਕੇ ਸਵਾ ਲੱਖ ਤੋਂ ਵੱਧ ਬੋਧੀਆਂ ਨੂੰ ਮਰਵਾ ਘੱਤਿਆ। ਇਤਿਹਾਸ ਦੇ ਤੱਥ ਪ੍ਰਮਾਣ ਹਨ ਕਿ ਧਰਮ ਦੇ ਨਾਂ ਤੇ ਬਹੁਤ ਅਧਰਮ ਹੁੰਦਾ ਰਿਹਾ... ਬਹੁਤ ਹਿੰਸਾ ਹੁੰਦੀ ਰਹੀ।

ਸੰਨ 1602 ਦਾ ਸਮਾਂ ਸੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ ਜੀ ਤੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਸੰਕਲਿਤ ਕਰਵਾ ਰਹੇ ਸਨ। ਪੰਜ ਗੁਰੂ

ਸਾਹਿਬਾਨਾਂ ਦੀ ਬਾਣੀ, ਫਿਰ ਭਗਤਾਂ ਦੀ ਬਾਣੀ, ਭੱਟਾਂ ਦੀ ਬਾਣੀ, ਇਕ ਬੀੜ ਰੂਪ ਵਿਚ ਦਰਜ ਕੀਤੀ ਜਾ ਰਹੀ ਸੀ। ਲਾਹੌਰ ਦੇ ਚਾਰ ਭਗਤ, ਭਗਤ ਕਾਨ੍ਹਾ ਜੀ, ਭਗਤ ਪੀਲੋ ਜੀ, ਭਗਤ ਛੱਜੂ ਜੀ ਅਤੇ ਭਗਤ ਸ਼ਾਹ ਹੁਸੈਨ, ਮਿਲ ਕੇ ਸਲਾਹ ਕੀਤੀ, "ਗੁਰੂ ਗ੍ਰੰਥ" ਦਾ ਸੰਕਲਨ ਹੋ ਰਿਹਾ ਹੈ। ਕਈ ਦੂਰ ਦੂਰ ਦੇ ਭਗਤਾਂ ਦੀ ਬਾਣੀ ਦਰਜ ਕੀਤੀ ਜਾ ਰਹੀ ਹੈ। ਅਸੀਂ ਪੰਜਾਬ ਦੇ ਰਹਿਣ ਵਾਲੇ, ਜਗ ਦੇ ਮਸ਼ਹੂਰ ਭਗਤ ਹਾਂ... ਸਾਡੀ ਬਾਣੀ ਭੀ ਦਰਜ ਹੋਣੀ ਚਾਹੀਦੀ ਹੈ। ਅੰਦਰ ਹੰਕਾਰ ਹੋਵੇ ਤਾਂ ਭਗਤੀ ਭੀ ਭੇਖ... ਵਿਖਾਵਾ ਬਣ ਜਾਂਦੀ ਹੈ। ਆਪਣੇ ਆਪ ਨੂੰ ਜਗ ਜਾਹਿਰ ਭਗਤ ਅਤੇ ਕਾਵਿ ਰਚਨਾਕਾਰ ਸਮਝਦੇ ਸਨ। ਛੱਜੂ ਭਗਤ ਨੇ ਕਿਹਾ, ਭਾਈ ਲੱਧਾ ਜੀ, ਲਾਹੌਰ ਵਸਦੇ ਹਨ... ਉਨ੍ਹਾਂ ਕੋਲ ਚਲਦੇ ਹਾਂ। ਕਾਨ੍ਹਾ ਭਗਤ ਕਹਿੰਦਾ, ਅਸੀਂ ਵੱਡੇ ਭਗਤ ਹੋ ਕੇ ਉਨ੍ਹਾਂ ਢਿਗ ਕਿਉਂ ਜਾਈਏ... ਉਨ੍ਹਾਂ ਨੂੰ ਇਥੇ ਸੱਦੋ। ਸੇਵਕ ਹਥ ਸੁਨੇਹਾ, ਭਾਈ ਲੱਧਾ ਜੀ ਨੂੰ ਭੇਜਿਆ। ਨਿਰਮਾਣ ਭਾਈ ਲੱਧਾ ਜੀ, ਉਸੇ ਵੇਲੇ ਆ ਗਏ। ਚੋਹਾਂ ਭਗਤਾਂ ਨੂੰ ਨਮਸਕਾਰ ਕੀਤੀ। ਉਨ੍ਹਾਂ ਨੇ ਆਪਣੀ ਮੰਸ਼ਾ ਜ਼ਾਹਿਰ ਕੀਤੀ, ਸਾਡੀ ਬਾਣੀ "ਗੁਰੂ ਗ੍ਰੰਥ" ਵਿਚ ਦਰਜ ਹੋਣੀ ਚਾਹੀਦੀ ਹੈ। ਭਾਈ ਲੱਧਾ ਜੀ ਨੇ ਸਹਜ ਭਾਵ ਕਿਹਾ, ਚਲੋ ਚੱਲੋ... ਸਤਿਗੁਰ ਪਾਤਸ਼ਾਹ ਅੱਗੇ ਅਰਜ਼ ਕਰ ਲਵੋ। ਚਾਰੇ ਭਗਤ ਅਤੇ ਭਾਈ ਲੱਧਾ ਜੀ, ਗੁਰੂ ਦਰਬਾਰ ਹਾਜ਼ਰ ਹੋਏ। ਭਾਈ ਲੱਧਾ ਜੀ ਨੇ ਅਰਜ਼ ਕਰ ਕੇ, ਸਤਿਗੁਰ ਜੀ ਸਨਮੁਖ, ਚਾਰੇ ਭਗਤਾਂ ਵਲੋਂ ਬੇਨਤੀ ਕੀਤੀ। ਸਤਿਗੁਰ ਜੀ ਨੇ ਉਨ੍ਹਾਂ ਭਗਤਾਂ ਦੇ ਹੰਕਾਰੀ ਸੁਭਾਅ ਨੂੰ ਵੇਖ ਲਿਆ। ਇਕ-ਇਕ ਕਰ ਕੇ, ਆਪਣੀ ਬਾਣੀ ਭਰੇ ਦਰਬਾਰ ਪੇਸ਼ ਕਰਨ ਦੀ ਆਗਿਆ ਦਿੱਤੀ। ਪਹਿਲੇ ਨੰਬਰ, ਭਗਤ ਕਾਨ੍ਹਾ ਜੀ ਨੇ ਸਵੈਰਚਿਤ ਬਾਣੀ ਉਚਾਰੀ—

"ਓਹੀ ਰੇ ਮੈ ਓਹੀ ਰੇ, ਜਾ ਕਉ ਬੇਦ ਪੁਰਾਣ ਸਭਿ ਗਾਵੈ
ਖੋਜਤ ਖੋਜਨ ਨ ਕੋਈ ਰੇ ॥
ਜਾਕੋ ਨਾਰਦ ਸਾਰਦ ਸੇਵੈਂ ਸੇਵੈਂ ਦੇਵੀ ਦੇਵਾ ਰੇ ॥
ਬ੍ਰਹਮਾ ਬਿਸ਼ਨ ਮਹੇਸ਼ ਅਰਾਧਹਿ, ਸਭ ਕਰਤੇ ਜਾ ਕੀ ਸੇਵਾ ਰੇ ॥"

ਹੰਕਾਰ ਨਾਲ ਭਰੀ ਕਵਿਤਾ ਸੁਣ ਕੇ, ਸਤਿਗੁਰ ਜੀ ਨੇ ਸਹਜੇ ਬਚਨ ਕੀਤਾ, ਇਹ ਬ੍ਰਹਮ ਗਿਆਨ ਦਾ ਭਾਵ, ਘਿਉ ਵਾਂਗ ਜੇ ਹਜ਼ਮ ਕਰਨ ਜੋਗ ਥੋੜ੍ਹਾ ਹੋਵੇ ਤਾਂ ਸੇਹਤ ਲਈ ਲਾਭਵੰਦ ਹੁੰਦਾ ਹੈ, ਪਰ ਜੇ ਘਿਉ ਬਹੁਤੀ ਮਾਤਰਾ ਵਿਚ ਹੋਵੇ ਤਾਂ ਦਸਤ ਜਿਹੇ ਸਰੀਰਕ ਵਿਕਾਰ ਲਾ ਦਿੰਦਾ ਹੈ। ਇਸ ਘਿਉ ਵਾਂਗ ਬ੍ਰਹਮ ਗਿਆਨ ਦਾ ਪ੍ਰਗਟਾਵਾ, ਹੰਕਾਰ ਦਾ ਵਸੀਲਾ ਬਣ ਜਾਂਦਾ ਹੈ। ਸਤਿਗੁਰ ਜੀ ਨੇ ਦਰਜ ਕਰਨੋਂ ਨਾਂਹ ਕਰ ਦਿੱਤੀ। ਕ੍ਰੋਧ ਵਿਚ ਕਾਨ੍ਹਾ ਭਗਤ ਨੇ ਸ੍ਰਾਪ ਦੇ ਦਿੱਤਾ, ਤੁਰਕ ਤੁਹਾਡੇ ਨਾਲ ਬੁਰੀ ਕਰਨਗੇ... ਤਸੀਹੇ ਦੇ ਕੇ ਮਾਰਨਗੇ।

ਸਤਿਗੁਰ ਜੀ ਸ਼ਾਂਤ ਭਾਵ ਸੁਣਦੇ ਰਹੇ। ਸੋਚਿਆ, ਜੇ ਇਸ ਨੂੰ ਜਵਾਬ ਨਾ ਮਿਲਿਆ ਤਾਂ ਇਹ ਹੰਕਾਰੀ ਦਾ ਜ਼ਹਿਰ ਹੋਰ ਭੀ ਵੱਧੇਗਾ... ਲੋਗਾਂ ਨੂੰ ਡਰਾਏਗਾ ਸਤਾਏਗਾ।

ਸਤਿਗੁਰ ਜੀ ਬਚਨ ਕੀਤਾ, "ਤੂੰ ਲਾਹੌਰ ਪਹੁੰਚਣ ਤੋਂ ਪਹਿਲਾਂ ਝੱਖੜ ਵਿਚ ਰੁਲ

ਕੇ ਮਰੇਗਾ।"

ਕਾਨ੍ਹਾ ਹੰਕਾਰ ਵਿਚ ਕਹਿੰਦਾ ਹੈ, ਮੇਰੀ ਪੰਜ ਸੌ ਸਾਲ ਉਮਰ ਹੈ, ਕੋਈ ਮਾਰ ਨਹੀਂ ਸਕਦਾ। ਵਾਪਸ ਜਾਂਦਿਆਂ ਲਾਹੌਰ ਤੋਂ ਪਹਿਲਾਂ, ਜ਼ੋਰਾਂ ਦੀ ਹਨੇਰੀ ਆਈ। ਘੋੜੇ ਬਿਦਕ ਕੇ ਉਛਲੇ... ਕਾਨ੍ਹਾ ਰੱਥ ਤੋਂ ਥੱਲੇ ਡਿੱਗਾ... ਲੋਹੇ ਦਾ ਪਹੀਆ ਸਿਰ ਨੂੰ ਚੂਰ ਕਰਦਾ ਲੰਘ ਗਿਆ... ਹੰਕਾਰੀ ਕਾਨ੍ਹਾ ਮਰ ਗਿਆ।

ਦੂਜੇ ਨੰਬਰ ਤੇ "ਭਗਤ ਪੀਲੋ" ਨੂੰ ਅੱਗੇ ਆਉਣ ਦਾ ਇਸ਼ਾਰਾ ਹੋਇਆ।

ਕਵਿਤਾ ਉੱਚਾਰੀ–

"ਪੀਲੋ, ਅਸਾਂ ਨਾਲੋਂ ਸੇ ਭਲੇ, ਜੰਮਦਿਆਂ ਜੁ ਮੋਏ॥
ਉਨ੍ਹਾਂ ਚਿੱਕੜ ਪੈਰ ਨ ਬੋੜਿਓ, ਨਾ ਆਲੂਦ ਭਏ॥"

ਸਾਡੇ ਤੋਂ ਉਹ ਚੰਗੇ ਜਿਹੜੇ ਜੰਮਦਿਆਂ ਮਰ ਗਏ। ਨਾ ਜਗ ਦੇ ਚਿੱਕੜ ਵਿਚ ਪੈਰ ਰੱਖੇ ਨਾ ਮੈਲੇ ਹੋਏ।

ਸਤਿਗੁਰ ਜੀ ਬਚਨ ਕੀਤਾ–ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖ ਜਨਮ ਨੂੰ ਸ੍ਰੇਸ਼ਠ ਪ੍ਰਾਣੀ ਦਾ ਦਰਜਾ ਦਿੱਤਾ ਹੈ। ਜੀਵਨ ਨੂੰ ਜੀਉਣ ਦਾ ਢੰਗ ਗੁਰਬਾਣੀ ਦਸਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਵਾਕ ਹੈ, "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ"। ਤੀਜੇ ਨੰਬਰ ਤੇ ਛੱਜੂ ਭਗਤ ਨੇ ਆਪਣੀ ਰਚਨਾ ਸੁਣਾਈ–

"ਕਾਗਦ ਸੰਦੀ ਪੂਤਲੀ ਤਊ ਨ ਤ੍ਰਿਆ ਨਿਹਾਰ॥
ਯੋਂਹੀ ਮਾਰ ਲਿਜਾਵਹੀ ਜਥਾ ਬਿਲੋਚਨ ਧਾਰ॥

ਇਸਤ੍ਰੀ ਜਾਤੀ ਦੀ ਨਿਖੇਦੀ ਕੀਤੀ ਗਈ ਸੀ। ਇਸਤ੍ਰੀ ਵੱਲ ਵੇਖਣ ਵਾਲੇ ਨੂੰ ਜਮ ਇਸ ਤਰ੍ਹਾਂ ਮਾਰਦਿਆਂ ਲੈ ਜਾਣਗੇ, ਜਿਵੇਂ ਨਿਰਦਈ ਬਿਲੋਚਾਂ ਦੀ ਧਾੜ ਪੈਂਦੀ ਹੈ ਬੇਦਰਦ ਬਿਲੋਚ ਹਮਲਾਵਰ ਮਾਰ ਕੁਟ ਕੇ, ਧਨ ਸੰਪਤੀ ਖੋਹ ਕੇ ਲੈ ਜਾਂਦੇ ਹਨ।

ਸਤਿਗੁਰ ਜੀ ਬਚਨ ਕੀਤਾ, ਸਤਿਗੁਰ ਨਾਨਕ ਪਾਤਸ਼ਾਹ ਨੇ ਨਾਰੀ ਨੂੰ ਬਹੁਤ ਸਨਮਾਨ ਜਨਕ ਦਰਜਾ ਦਿੱਤਾ ਹੈ–

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਛੱਜੂ ਭਗਤ ਦੀ ਰਚਨਾ ਭੀ ਖਾਰਿਜ ਹੋ ਗਈ।

ਫਿਰ ਸ਼ਾਹ ਹੁਸੈਨ ਨੇ ਰਚਨਾ ਉਚਾਰੀ–

"ਚੁੱਪ ਵੇ ਅੜਿਆ, ਚੁੱਪ ਵੇ ਅੜਿਆ। ਬੋਲਨ ਦੀ ਨਹੀਂ ਜਾਇ ਵੇ ਅੜਿਆ।
ਅੰਦਰ ਬਾਹਰ ਹਿੱਕਾ ਸਾਂਈ ਕਿਸ ਨੂੰ ਆਖ ਸੁਣਾਈ॥"

ਸਤਿਗੁਰ ਜੀ ਬਚਨ ਕੀਤਾ, ਬਤੌਰ ਕਾਫ਼ੀ ਜਾਂ ਸ਼ਾਇਰੀ ਤਾਂ ਠੀਕ ਹੈ, ਪਰ ਇਸ ਗੁਰੂ ਗ੍ਰੰਥ 'ਚੋਂ ਇਲਾਹੀ ਬਾਣੀ ਦੀ ਕੂਕ ਉਠੇਗੀ ਅਤੇ ਰੂਹਾਂ ਵਾਲੇ ਸੁਣਨਗੇ, ਨਿਤਨੇਮ ਕਰਨਗੇ। ਚੁੱਪ ਹੋ ਜਾਣਾ, ਸਮੱਸਿਆ ਦਾ ਸਮਾਧਾਨ ਨਹੀਂ ਹੋ ਸਕਦਾ। ਗੁਰੂ ਗ੍ਰੰਥ ਵਿਚ ਰੱਬ ਬੋਲਦਾ ਹੈ... ਰੂਹਾਂ ਬੋਲਦੀਆਂ ਹਨ।

ਤਾਂ ਪਾਤਸ਼ਾਹ ਕਹਿੰਦੇ ਹਨ–

ਭਗਤੁ ਭਗਤੁ ਸੁਨੀਐ ਤਿਹੁ ਲੋਇ॥
ਜਾ ਕੈ ਹਿਰਦੈ ਏਕੋ ਹੋਇ॥

ਭਗਤ ਦੇ ਹਿਰਦੇ ਵਿਚ, ਦ੍ਰਿਸ਼ਟੀ ਵਿਚ, ਸੁਰਤਿ ਵਿਚ, ਬਚਨਾਂ ਵਿਚ, ਦੂਜਾ ਭਾਵ ਨਹੀਂ। ਇਕ ਪਰਮਾਤਮਾ ਉਸ ਦੀ ਨਜ਼ਰਾਂ ਵਿੱਚ... ਜਿਸ ਵਲ ਨਜ਼ਰ ਕਰੇ, ਉਹ ਨਿਹਾਲ ਹੋ ਜਾਏ। ਭਗਤ ਬੋਲਦਾ ਹੈ, ਤਾਂ ਤਿੰਨੇ ਲੋਕਾਂ ਵਿਚ ਸੁਣੀ, ਮੰਨੀ ਜਾਂਦੀ ਹੈ—ਭਗਤ ਜਨ ਤਾਂ ਪਰਮੇਸ਼ਰ ਦਾ ਨਿਵਾਸ ਹੁੰਦੇ ਹਨ। ਆਦਿ ਜੁਗਾਦਿ ਕਾਲ ਤੋਂ ਪਰਮੇਸ਼ਰ ਭਗਤਾਂ ਵਿਚ ਵੱਸਦਾ ਹੈ...

3
"ਮੇਰੋ ਬਾਪ ਮਾਧਉ ਤੂ"

ਪਰਮਾਤਮਾ ਅਤੇ ਭਗਤ ਦਾ ਰਿਸ਼ਤਾ, ਕਈ ਬਿੰਬ ਵਿੱਚ ਚਿੱਤਰਿਤ ਹੋਇਆ ਹੈ। ਪ੍ਰੇਮੀ ਅਤੇ ਪ੍ਰੇਮਿਕਾ, ਭਾਈ, ਸਖਾ, ਮੀਤ, ਮਾਤਾ-ਪਿਤਾ, ਗੁਰੂ-ਸਿੱਖ... ਕਈ ਰੂਪਾਂ ਵਿਚ ਰੇਖਾਂਕਤ ਕੀਤਾ ਗਿਆ ਹੈ। ਇਹਨਾਂ ਸਾਰਿਆਂ 'ਚੋਂ ਮਾਤਾ-ਪਿਤਾ ਦਾ ਰਿਸ਼ਤਾ, ਮਮਤਾ-ਸੁਰੱਖਿਆ, ਸਿੱਖਿਆ, ਨਿਡਰਤਾ-ਨਿਰਭੈਅਤਾ ਯੋਗ, ਧਰਮ ਗ੍ਰੰਥਾਂ ਵਿਚ ਗੁਰੂ ਦੀ, ਮਾਤਾ-ਪਿਤਾ ਰੂਪ ਵਿਚ ਉਸਤਤਿ ਕੀਤੀ ਗਈ ਹੈ—

"ਮਾਤਰੀਵਤ ਲਾਲਇਤ੍ਰੀ ਚ, ਪਿਤਰੀ ਵਤ ਮਾਰਗ ਦਰਸ਼ਿਕ:।
ਨਮਹ ਸਤੂਤੇ ਗੁਰੂ ਸੱਤਾਏ, ਸ੍ਰਧਾਂ ਪ੍ਰਗਿਆਂ ਯੁਤਾ ਚ ਯ:॥"

ਸਤਿਗੁਰ, ਮਾਤਾ ਵਾਂਗ ਲਾਡ ਲਡਾਉਂਦਾ ਹੈ, ਪਾਲਦਾ ਹੈ ਅਤੇ ਪਿਤਾ ਵਾਂਗ ਮਾਰਗ ਦਰਸ਼ਨ ਕਰ ਕੇ, ਅਨੁਸ਼ਾਸਿਤ ਅਤੇ ਆਤਮ ਨਿਰਭਰ ਕਰਦਾ ਹੈ।

ਭਗਤ ਨਾਮਦੇਉ ਜੀ, ਪਰਮੇਸ਼ਰ ਨੂੰ "ਬਾਪ" ਕਹਿ ਕੇ ਸੰਬੋਧਤ ਕਰਦੇ ਹਨ—

"ਮੇਰੋ ਬਾਪ ਮਾਧਉ ਤੂ ਧਨ ਕੇਸੌ ਸਾਂਵਲੀਓ ਬੀਠਲਾਇ॥
ਹੇ ਕੇਸ਼ਵ, ਹੇ ਮਾਧਉ, ਹੇ ਸਾਂਵਰੇ, "ਮੇਰੋ ਬਾਪ ਮਾਧਉ ਤੂ।"

ਭਗਤ ਨਾਮਦੇਉ ਜੀ ਦਾ ਜਨਮ, ਮਹਾਂਰਾਸ਼ਟਰ ਦੇ ਸਤਾਰਾ ਜ਼ਿਲਾ ਪਿੰਡ "ਨਰਸੀ ਬਾਮ੍ਹਨੀ" ਦਸਿਆ ਜਾਂਦਾ ਹੈ। 13ਵੀਂ ਸਦੀ ਦਾ ਸਮਾਂ! ਸੋਨੇ ਜਿਹਾ ਅਮੀਰ ਅਤੇ ਸਮ੍ਰਿੱਧ ਵਿਰਸੇ ਵਾਲਾ ਭਾਰਤ ਵਰਸ਼, ਵਾਕਈ ਸੋਨੇ ਦੀ ਚਿੜੀ ਵਾਂਗ ਨੰਨ੍ਹੀ ਅਤੇ ਨਾਜ਼ੁਕ ਜਾਨ ਹੋ ਚੁਕਿਆ ਸੀ। ਜਿਹੜਾ ਹਮਲਾਵਰ ਆਇਆ—ਖੰਭ ਲਾਹ ਕੇ ਲੈ ਗਿਆ। ਆਪਸ ਵਿਚ ਜਾਤਾਂ, ਵਰਨਾਂ, ਵਰਗਾਂ ਅਤੇ ਈਰਖਾ ਵਿਚ ਘਿਰੇ ਹੋਏ ਭਾਰਤ ਵੰਸ਼ੀ, ਦਇਆ ਦੇ ਪਾਤਰ ਬਣ ਗਏ ਸਨ। ਦੇਸ਼ ਅਤੇ ਧਰਮ ਦੀ ਸੁਰੱਖਿਆ ਜੋਗ ਅਸਮੱਰਥਾ ਦਵੈਤ, ਅਦਵੈਤ, ਨਿਰਾਕਾਰ ਅਤੇ ਸਾਕਾਰ, ਰਾਮ, ਕ੍ਰਿਸ਼ਨ, ਸ਼ਿਵ, ਵਿਸ਼ਨੂੰ... ਕਈ ਰੂਪਾਂ ਨੂੰ ਪੂਜਦੇ, ਬਹੁਦੇਵਵਾਦ ਦੀ ਆਸਥਾ ਵਿਚ ਵੰਡਿਆ ਹੋਇਆ ਸਨਾਤਨ ਧਰਮ, ਜੈਨ ਅਤੇ ਬੋਧ ਮੱਤ ਦੀ ਕੜੀ ਵੰਗਾਰ ਦਾ ਸਾਮ੍ਹਣਾ ਕਰ ਰਿਹਾ ਸੀ। ਇਹ ਸਮਾਂ ਸੀ, ਜਦੋਂ ਭਗਤ ਜੈ ਦੇਵ, ਰਾਮਾਨੰਦ, ਕਬੀਰ, ਗੁਰੂ ਨਾਨਕ ਦੇਵ, ਰਵਿਦਾਸ, ਪੀਪਾ ਜੀ, ਭਗਤ ਨਾਮਦੇਉ, ਤ੍ਰਿਲੋਚਨ ਜੀ ਅਤੇ ਸੰਤ ਗਿਆਨੇਸ਼ਵਰ—ਜਿਹੇ ਭਗਤ ਜਨ, ਭਾਰਤ ਦੇ ਜਨ-ਮਾਨਸ ਨੂੰ ਪਰਮੇਸ਼ਰ ਦੇ ਨਾਲ ਜੋੜ ਕੇ, ਆਤਮ ਸ਼ਕਤੀ ਭਰ ਕੇ, ਧਰਮ ਦੀ ਜੋਤ ਜਗਾਈ ਰੱਖਣ ਦਾ ਉਪਰਾਲਾ ਕਰ ਰਹੇ ਸਨ... "ਪ੍ਰਭੂ ਸਦਾ ਸਹਾਈ ਹੁੰਦਾ ਹੈ" ਜਿਹਾ ਭਾਵ ਭਰ ਰਹੇ ਸਨ। ਧਰਮ ਦੇ ਪ੍ਰਤੀ ਨਵੀਆਂ ਆਸ਼ਾਵਾਂ, ਨਵੇਂ ਸੰਕਲਪ ਭਰ ਰਹੇ ਸਨ।

ਭਾਰਤੀ ਧਰਮ ਸਾਹਿਤ ਵਿੱਚ, "ਗਜਰਾਜ" ਦਾ ਪ੍ਰਸੰਗ ਤਕਰੀਬਨ ਸਾਰੀਆਂ

ਭਾਰਤੀ ਭਾਸ਼ਾਵਾਂ ਅਤੇ ਲੋਕ-ਗੀਤਾਂ ਵਿਚ ਭੀ ਸ਼ਾਮਲ ਹੈ। ਪਿਛਲੇ ਜੀਵਨ ਵਿਚ ਗਜਰਾਜ, ਦੱਖਣ ਦਾ ਇਕ ਧਰਮੀ ਰਾਜਾ ਸੀ। ਇਕ ਵਾਰ ਰਾਜ-ਪਾਟ ਤਿਆਗ ਕੇ, ਪਹਾੜ ਤੇ ਜਾ ਕੇ ਤਪ ਕਰਨ ਲੱਗ ਪਏ। ਅਗਸਤ ਮੁਨੀ ਕੁਝ ਚੇਲਿਆਂ ਦੇ ਨਾਲ ਉਧਰੋਂ ਲੰਘਦਿਆਂ, ਤਪ ਵਿਚ ਲੀਨ, ਰਾਜੇ ਤੋਂ ਰਾਹ ਪੁੱਛਿਆ। ਧਿਆਨ ਵਿਚ ਲੀਨ ਰਾਜਾ, ਨਹੀਂ ਸੁਣ ਸਕਿਆ। ਕ੍ਰੋਧ ਵਿਚ ਮੁਨੀ ਨੇ ਕਿਹਾ, ਹਾਥੀ ਵਾਂਗ ਮਸਤ ਹੋਇਆ ਹੈਂ... ਕਿਸੇ ਸਾਧ ਦੀ ਗੱਲ ਨਹੀਂ ਸੁਣਦਾ? ਉਸੇ ਸ੍ਰਾਪ ਵਸ, ਅਗਲਾ ਜਨਮ ਹਾਥੀ ਦਾ ਮਿਲਿਆ। ਪਰ ਤਪ ਬੰਦਗੀ ਦੇ ਸੰਸਕਾਰ ਨਾਲ ਹੀ ਆਏ। ਹਾਥੀ ਦਾ ਜੀਵਨ... ਇਸ਼ਨਾਨ ਬੰਦਗੀ ਭੀ ਚਲਦੀ ਰਹੀ। ਇਕ ਦਿਨ ਗਹਿਰੇ ਢਾਬ ਵਿੱਚ ਇਸ਼ਨਾਨ ਕਰਦਿਆਂ ਮਗਰਮੱਛ ਪੈਰ ਫੜ ਕੇ, ਗਹਿਰੇ ਪਾਣੀ ਵੱਲ ਖਿੱਚਣ ਲੱਗਾ। ਬੇਵੱਸ ਹੋਇਆ ਗਜਰਾਜ, ਸੁੰਢ ਵਿਚ ਕਮਲ ਦਾ ਫੁੱਲ ਲੈ ਕੇ ਪ੍ਰਾਰਥਨਾ ਕਰਨ ਲੱਗਾ। ਭਗਤ ਨਾਮਦੇਉ ਜੀ ਲਿਖਦੇ ਹਨ—

"ਕਰਿ ਧਰੇ ਚਕ੍ਰ ਬੈਕੁੰਠ ਤੇ ਆਏ, ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥"

ਹੱਥ ਵਿਚ ਚਕ੍ਰ ਲੈ ਕੇ, ਭਗਵਾਨ ਜੀ ਉਸੇ ਵੇਲੇ ਪ੍ਰਗਟ ਹੋਏ, ਗ੍ਰਾਹ ਨੂੰ ਮਾਰ ਕੇ, ਗਜ ਦੀ ਪ੍ਰਾਣ ਰਖਿਆ ਕੀਤੀ।

ਅਗਲੀ ਪੰਗਤੀ ਵਿੱਚ, ਦ੍ਰੋਪਤੀ ਦਾ ਪ੍ਰਸੰਗ, ਪਰਮੇਸ਼ਰ ਦੇ ਭਗਤ ਵਤਸਲ ਹੋਣ ਦਾ ਬਿੰਬ ਰਖਦੇ ਹਨ। ਦੁਰਯੋਧਨ ਦਾ ਮਾਮਾ ਸ਼ਕੁਨੀ, ਚਉਪੜ ਦੇ ਪਾਸਿਆਂ ਦਾ ਮਾਹਿਰ ਖਿਡਾਰੀ ਸੀ। ਪਾਡਵਾਂ ਨੂੰ ਪ੍ਰੇਰ ਕੇ ਜੂਆ ਖੇਡਣ ਲਈ ਤਿਆਰ ਕੀਤਾ। ਹੌਲੀ ਹੌਲੀ ਹਸਤਿਨਾਪੁਰ ਦਾ ਰਾਜ-ਪਾਟ ਸਭ ਕੁਝ ਹਾਰ ਗਏ ਤਾਂ ਅਖੀਰਲਾ ਦਾਅ, "ਦ੍ਰੋਪਤੀ" ਦਾ ਲਾਇਆ। ਉਹ ਭੀ ਹਾਰ ਗਏ। ਹੰਕਾਰੀ ਦੁਰਯੋਧਨ ਨੇ, ਆਪਣੇ ਸਾਲੇ ਦੁਹਸ਼ਾਸਨ ਨੂੰ ਹੁਕਮ ਦਿੱਤਾ। ਮਹਿਲ ਦੇ ਰਣਿਵਾਸ ਚੋਂ ਵਾਲੋਂ ਫੜ ਕੇ ਧੂੰਹਦਾ ਹੋਇਆ, ਦਰਬਾਰ ਵਿਚ ਲੈ ਕੇ ਆਇਆ। ਦੁਰਯੋਧਨ ਦਾ ਉੱਚਾ ਸੁਰ, ਸਭਾਗਾਰ ਵਿਚ ਗੂੰਜਿਆ—

"ਨੰਗੀ ਕਰਹੁ ਪਾਂਚਾਲੀ ਬਾਂਦੀ"

ਗੁਲਾਮ, ਦ੍ਰੋਪਤੀ ਨੂੰ ਨੰਗਿਆ ਕਰੋ।

ਪੰਜੇ ਪਾਂਡਵਾਂ ਵਲ, ਬਹੁਤ ਆਸ ਨਾਲ ਵੇਖਦੀ ਹੈ, ਮਹਾਂਬਲੀ ਪਾਂਡਵ ਭਾਈ ਕਿਸੇ ਹਾਲ ਮੈਨੂੰ ਬਚਾ ਲੈਣਗੇ। ਜੂਆ ਅਤੇ ਬਚਨ ਹਾਰ ਚੁਕੇ ਪਾਂਡਵਾਂ ਨੂੰ ਸਿਰ ਥੱਲੇ ਸੁੱਟ, ਪਛਤਾਵੇ ਦੇ ਹੰਝੂ ਕੇਰਦਿਆਂ ਵੇਖਿਆ। ਹਿਰਦਾ ਦ੍ਰੋਪਤੀ ਦਾ ਚਿਤਕਾਰ ਕਰ ਉਠਿਆ। ਅੰਤ ਅਨਾਥ ਹੋਈ ਦ੍ਰੋਪਤੀ ਸ਼ਾਮ ਦਾ ਧਿਆਨ ਕਰਦੀ ਹੈ—ਤਾਂ ਉਸੇ ਖਿਨ, ਭਗਵਾਨ ਪ੍ਰਗਟ ਹੋਏ... ਨਾਮਦੇਉ ਜੀ ਕਹਿੰਦੇ ਹਨ—

"ਅੰਬਰ ਲੇਤ ਉਬਾਰੀਅਲੇ ॥"

ਵਸਤਰਾਂ ਦਾ ਕਪੜੇ ਦਾ ਪਹਾੜ ਲੱਗ ਗਿਆ।

ਪ੍ਰਭੂ ਦਇਆਲਤਾ ਦਾ ਅਗਲਾ ਪ੍ਰਸੰਗ, ਅਹਿਲੱਯਾ ਦਾ ਰੱਖਦੇ ਹਨ।

ਸਤਿਜੁਗ ਦਾ ਪ੍ਰਸੰਗ ਹੈ। ਬ੍ਰਹਮਾ ਜੀ ਦੀ ਪੁਤਰੀ ਅਹਿੱਲਯਾ, ਗੌਤਮ ਰਿਸ਼ੀ ਦੀ ਪਤਨੀ ਸੀ। ਬਹੁਤ ਸੋਹਣੀ ਹੋਣ ਕਰ ਕੇ, ਦੇਵਰਾਜ ਇੰਦਰ ਦਾ ਮਨ ਬਹੁਤੇ ਚਿਰਾਂ ਤੋਂ

ਮੈਲਾ ਸੀ। ਰੋਜ਼ ਤੜਕੇ ਸਵਾ ਪਹਿਰ ਰਾਤ ਰਹਿੰਦਿਆਂ, ਕੁੱਕੜ ਦੀ ਪਹਿਲੀ ਬਾਂਗ ਤੇ, ਨਿੰਦਰਾ ਤਿਆਗ, ਉਠ ਖਲੋਂਦੇ। ਗੰਗਾ ਵਲ ਚਲੇ ਜਾਂਦੇ। ਨਿੱਤ ਕ੍ਰਿਆ, ਇਸ਼ਨਾਨ ਕਰ ਕੇ ਕੁਟੀਆ ਵਿਚ ਆਉਂਦੇ। ਉਸ ਰਾਤ ਇੰਦਰ ਸਾਜ਼ਿਸ਼ ਰੱਚ ਕੇ ਤਿਆਰ ਬੈਠਾ ਸੀ। ਅੱਧੀ ਰਾਤ ਹੋਈ ਸੀ। ਕੁੱਕੜ ਬਣ ਕੇ ਬਾਂਗ ਦਿੱਤੀ। ਨਿਯਮ ਦੇ ਪੱਕੇ ਗੌਤਮ ਰਿਸ਼ੀ ਉਠੇ, ਕਮੰਡਲ ਲਿਆ ਔਰ ਗੰਗਾ ਵਲ ਟੁਰ ਪਏ। ਗੌਤਮ ਤਪਾ ਦੀ ਗ਼ੈਰਹਾਜ਼ਰੀ ਵਿਚ, ਦੇਵ ਸ਼ਕਤੀ ਨਾਲ, ਇੰਦਰ, ਗੌਤਮ ਰਿਸ਼ੀ ਦਾ ਭੇਖ ਬਣਾ ਕੇ ਕੁਟੀਆ ਵਿਚ ਪ੍ਰਵੇਸ਼ ਕੀਤਾ। ਪਤੀ ਜਾਣ ਅਹਿੱਲਯਾ ਨੇ ਵਿਰੋਧ ਨਾ ਕੀਤਾ।

ਦੇਵਰਾਜ ਦੁਰਾਚਾਰ ਕਰ ਗਿਆ। ਗੌਤਮ ਰਿਸ਼ੀ ਵਾਪਸ ਆਏ... ਇੰਦਰ ਨੂੰ ਜਾਂਦਿਆਂ ਵੇਖਿਆ। ਪਤਨੀ ਨੂੰ ਕਲੰਕਨੀ ਸਮਝ ਪੱਥਰ ਹੋਣ ਦਾ ਸ੍ਰਾਪ ਦੇ ਦਿੱਤਾ। ਵੇਚਾਰੀ ਅਹਿੱਲਯਾ ਨੇ ਸਾਰਾ ਬ੍ਰਿਤਾਂਤ ਦੱਸਿਆ। ਤਾਂ ਕਿਹਾ, ਤ੍ਰੇਤਾ ਯੁਗ ਵਿਚ ਪ੍ਰਭੂ ਅਵਤਾਰ, "ਸ੍ਰੀ ਰਾਮ" ਦੇ ਚਰਨਾਂ ਦੀ ਛੋਹ ਨਾਲ ਤੂੰ ਮੁਕਤ ਹੋ ਜਾਏਂਗੀ।

ਤ੍ਰੇਤਾ ਯੁਗ ਵਿਚ, ਵਿਸ਼ਵਾਮਿੱਤਰ ਜੀ, ਅਯੋਧਿਆ ਰਾਜਾ ਦਸ਼ਰਥ ਦੇ ਦਰਬਾਰ ਵਿਚ ਆਏ। ਜੰਗਲ ਦੇ ਰਾਖ਼ਸ਼, ਬਹੁਤ ਤੰਗ ਕਰਦੇ ਹਨ, ਜਪ, ਤਪ, ਹਵਨ ਵਿਚ ਬਿਘਨ ਪਾਉਂਦੇ ਹਨ। ਰਾਮ-ਲੱਛਮਣ ਦੋਵੇਂ ਰਾਜਕੁਮਾਰ, ਕੁਝ ਦਿਨਾਂ ਲਈ ਮੈਨੂੰ ਦਿਉ। ਰਾਖਸ਼ਾਂ ਨੂੰ ਮਾਰ ਕੇ ਜੰਗਲ ਦੇ ਤਪੀਆਂ ਨੂੰ ਭੈਅ ਮੁਕਤ ਕਰ ਕੇ ਵਾਪਸ ਆ ਜਾਣਗੇ। ਜੰਗਲ ਵਿਚ, ਤਾੜਕਾ, ਸੁਬਾਹੂਅਤੇ ਮਾਰੀਚ ਨੂੰ ਮਾਰ ਕੇ, ਤਪੀਆਂ, ਯੋਗੀਆਂ ਨੂੰ ਭੈਅ ਮੁਕਤ ਕੀਤਾ। ਵਿਸ਼ਵਾਮਿਤਰ ਜੀ, ਜਨਕਪੁਰੀ, ਸੀਤਾ ਦੇ ਸਵੈਂਬਰ-ਸਮਾਗਮ ਲਈ, ਉਸੇ ਰਾਹ ਜਾ ਰਹੇ ਸਨ। ਸ੍ਰੀ ਰਾਮ ਨੇ, ਰਸਤੇ ਵਿਚ ਇਕ ਸ਼ਿਲਾ ਵੇਖ ਕੇ ਜਗਿਆਸਾ ਪ੍ਰਗਟ ਕੀਤੀ, ਗੁਰੂ ਜੀ, ਇਹ ਸ਼ਿਲਾ ਇਥੇ ਕਿਉਂ ਹੈ?

ਰਿਸ਼ੀ ਨੇ ਸਾਰਾ ਪ੍ਰਸੰਗ ਸੁਣਾਇ ਕਿਹਾ, ਆਪ ਜੀ ਦੀ ਚਰਨ ਛੋਹ ਉਡੀਕ ਰਹੀ ਹੈ... ਪੂਰਾ ਇਕ ਜੁਗ ਲੰਘ ਗਿਆ। ਚਰਨ ਸ਼ਿਲਾ ਨਾਲ ਛੁਹਾਇਆ... ਇਕ ਦਿੱਵ ਜੀਵਾਤਮਾ, ਜੈ-ਜੈ ਕਾਰ ਕਰਦਿਆਂ ਸੁਰਲੋਕ ਨੂੰ ਉਡਾਰੀ ਮਾਰ ਗਈ। ਤਾਂ ਭਗਤ ਨਾਮਦੇਉ ਜੀ ਲਿਖਦੇ ਹਨ—

"ਗੌਤਮ ਨਾਰ ਅਹਿੱਲਯਾ ਤਾਰੀ ਪਾਵਨ ਕੇਤਕ ਤਾਰੀਅਲੇ॥"

ਹੇ ਪ੍ਰਭੂ, ਤੁਸੀਂ ਗੌਤਮ ਪਤਨੀ ਅਹਿੱਲਯਾ ਜਿਹੇ ਕਿਤਨੇ ਹੀ, ਅਨਗਿਣਤ ਆਤਮਾਵਾਂ ਦਾ ਕਲਿਆਨ ਕੀਤਾ।

ਤਾਂ ਭਗਤ ਨਾਮਦੇਉ ਕਹਿੰਦੇ ਹਨ—

"ਮੇਰੋ ਬਾਪ ਮਾਧਉ ਤੂੰ।"

ਹੇ ਪ੍ਰਭੂ, ਤੂੰ ਪਿਤਾ ਬਣ ਕੇ ਰਖਿਆ ਭੀ ਕਰਦਾ ਹੈਂ... ਸਿੱਖਿਆ ਦੇ ਕੇ ਧਰਮ ਦਾ ਰਾਹ ਭੀ ਦਸਦਾ ਹੈਂ। ਪੰਜਵੇਂ ਪਾਤਸ਼ਾਹ, ਸਲੋਕ ਸਹਸਕ੍ਰਿਤੀ ਵਿਚ, ਇਕ ਹਿਰਨ ਦਾ ਬੜਾ ਹੀ ਮਾਰਮਿਕ ਪ੍ਰਸੰਗ ਲਿਖਿਆ ਹੈ—

"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਹ ਆਵਧਹ॥
ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦਤੇ॥"

ਜੰਗਲ ਵਿਚ ਫਿਰਦੀ ਘਾਹ ਚਰਦੀ, ਅਲਮਸਤ ਹਿਰਨੀ ਨੇ, ਸ਼ਿਕਾਰੀ ਨੂੰ ਵੇਖ ਲਿਆ... ਹਿਰਨੀ ਦਾ ਨਿਸ਼ਾਨਾ ਲੈਂਦਿਆਂ, ਮਾਰਨ ਲਈ ਤੀਰ ਛੱਡਦਿਆਂ! ਅਰਦਾਸ ਕਰਦੀ ਹੈ, ਉਸੇ ਖਿਨ! ਪਾਤਸ਼ਾਹ ਕਹਿੰਦੇ ਹਨ—

ਜਿਸ ਦਾ ਰਾਖਾ "ਗੋਪਾਲ" ਹੋਵੇ, ਉਸ ਦਾ ਇਕ ਰੋਮ ਭੀ ਕੋਈ ਵਿੰਗਾ ਨਹੀਂ ਕਰ ਸਕਦਾ।

ਅਰਦਾਸ ਹਿਰਦੇ ਚੋਂ ਉਠੇ, ਸੱਚੀ... ਸਰਲ—ਤਾਂ, "ਨਾਨਕ ਰੋਮ ਨ ਛੇਦਤੇ"...

4

"ਸੂਰਜੁ ਏਕੋ ਰੁਤਿ ਅਨੇਕ"

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਸ੍ਰਿਸ਼ਟੀ ਦੇ ਸਿਰਜਨ ਸਿਧਾਂਤ ਨੂੰ ਜਪੁਜੀ ਸਾਹਿਬ ਵਿਚ ਖੋਲ੍ਹਿਆ ਹੈ। ਇਸ ਸੰਸਾਰ ਵਿਚ ਕੁਝ ਭੀ ਸਦੀਵੀ ਨਹੀਂ... ਸਥਾਈ ਨਹੀਂ। ਹਰ ਖਿਨ ਬਦਲਾਅ ਹੋ ਰਿਹੈ। ਬੱਚਾ ਜਾਂ ਬਗੀਚੀ ਦਾ ਪੌਧਾ, ਹਰ ਖਿਨ ਵੱਧ ਰਿਹੈ, ਸਾਡੀਆਂ, ਨਜ਼ਰਾਂ ਦੇ ਸਾਮ੍ਹਣੇ, ਪਰ ਹਰ ਖਿਨ ਦਾ ਬਦਲਾਅ ਸਾਡੀ ਅਨੁਭੂਤੀ ਤੋਂ ਪਰ੍ਹੇ ਹੁੰਦਾ ਹੈ। ਬੱਚੇ ਨੂੰ ਜਾਂ ਪੌਧ-ਪਨੀਰੀ ਨੂੰ, ਕੁਝ ਸਮੇਂ ਦੇ ਅੰਤਰਾਲ ਵਿਚ, ਕੁਝ ਸਮੇਂ ਤੋਂ ਬਾਦ ਵੇਖੀਏ ਤਾਂ ਭਾਸਦਾ ਹੈ, ਕਿੰਨਾ ਵੱਡਾ ਹੋ ਗਿਆ। ਪਰ ਇਹ ਵੱਡਿਆਂ ਹੋਣ ਦੀ ਘਟਨਾ, ਨਿਰੰਤਰ ਘਟ ਰਹੀ ਹੈ।

ਸਮੇਂ ਦਾ ਸਭ ਤੋਂ ਛੋਟਾ ਪੈਮਾਨਾ ਵਿਸਾ, ਚਸਾਂ ਵਿਚ ਤਬਦੀਲ ਹੋ ਰਿਹੈ... ਚਸਾ ਘੜੀ ਵਿਚ, ਘੜੀ ਪਹਿਰ ਵਿਚ, ਪਹਿਰ ਦਿਨ ਵਿਚ, ਅਤੇ ਦਿਨ, ਮਹੀਨਿਆਂ, ਵਰ੍ਹਿਆਂ ਵਿਚ ਤਬਦੀਲ ਹੋਇ ਅੱਖਾਂ ਦੇ ਸਾਹਵੇਂ ਗੁਜ਼ਰ ਗਏ... ਪਤਾ ਭੀ ਨਾ ਲੱਗਾ, ਜੀਵਨ ਦਾ ਲੰਮੇਰਾ ਸਮਾਂ ਕਿੱਥੇ ਗਵਾਚ ਗਿਆ। ਸੂਰਜ ਇਕ ਹੈ ਪਰ ਸਵੇਰ, ਦੁਪਹਿਰ, ਸ਼ਾਮ, ਰਾਤ ਹਰ ਰੋਜ਼ ਹੋ ਰਹੀ ਹੈ—ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਦਿਨ ਤੇ ਸਰਪਰ ਪਉਸੀ ਰਾਤਿ ॥
ਰੈਣਿ ਗਈ ਫਿਰਿ ਹੋਇ ਪਰਭਾਤਿ ॥

ਰਾਤਾਂ ਬਦਲ ਰਹੀਆਂ ਹਨ... ਰੁੱਤਾਂ ਬਦਲ ਰਹੀਆਂ ਹਨ। ਸੁਖ ਦੀਆਂ ਘੜੀਆਂ ਦੁਖ ਵਿਚ ਗੁੰਮ ਹੋ ਜਾਂਦੀਆਂ ਹਨ। ਦੁਖ ਦਾ ਹਨੇਰਾ ਭੀ ਲੰਘ ਜਾਂਦਾ ਹੈ, ਇਕ ਨਵੀਂ ਸਵੇਰ, ਸੁਖਾਂ ਦੀ ਸੌਗਾਤ ਹੱਥ ਵਿਚ ਲੈ ਕੇ ਸੁਆਗਤ ਲਈ ਖੜ੍ਹੀ ਦਿਸਦੀ ਹੈ...

"ਸੂਰਜ ਏਕੋ ਰੁਤਿ ਅਨੇਕ" ॥

ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਸੂਫ਼ੀ ਫਕੀਰ ਸਰਫ਼ ਪੁਛਦਾ ਹੈ:

ਸੁਮਾਹ ਮੁਕਾਮ ਕੁਜਾ ਅਸਤ ? ਤੁਹਾਡਾ ਘਰ ਕਿੱਥੇ ਹੈ ? ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਮੁਕਾਮ ਕਰਿ ਘਰਿ ਬੈਸਣਾ, ਨਿਤ ਚਲਣੈ ਕੀ ਧੋਖੁ ॥
ਮੁਕਾਮ ਤਾਂ ਪਰ ਜਾਣੀਐ ਜਾਂ ਰਹੈ ਨਿਹਚਲ ਲੋਕ ॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥
ਮੁਕਾਮੁ ਓਹੀ ਏਕੁ ਹੈ, ਨਾਨਕਾ ਸਚੁ ਬੁਗੋਇ ॥"

ਸਦਾ ਸੂਰਜ ਅਸਮਾਨ ਤੇ ਨਹੀਂ ਦਿਸਦਾ, ਚੰਦ, ਲੱਖਾਂ ਤਾਰੇ ਵਕਤ ਦੀ ਰਫ਼ਤਾਰ ਵਿਚ ਗੁੰਮ ਹੋ ਜਾਂਦੇ ਹਨ। ਹਵਾਵਾਂ ਥਿਰ ਨਹੀਂ, ਦਰੀਆਵਾਂ ਦਾ ਪਾਣੀ ਥਿਰ ਨਹੀਂ।

ਮੁਕਾਮ ਤਾਂ ਇਕੋ "ਸੱਚ ਖੰਡ" ਹੈ। ਕੱਲ, ਜਿਹੜੇ ਬਾਲ ਦਾ ਜਨਮ ਹੋਇਆ ਸੀ, ਅੱਜ ਉਹ ਜਵਾਨ ਹੋ ਗਿਆ ਹੈ... ਕੱਲ ਨੂੰ ਬਿਰਧ ਹੋ ਜਾਇਗਾ ਅਤੇ ਪਰਸੋਂ...

"ਚਲੇ ਜੁਆਰੀ ਦੁਇ ਹਥ ਝਾਰਿ"॥

ਗੁਰੂ ਨਾਨਕ ਪਾਤਸ਼ਾਹ, ਐਮਨਾਬਾਦ ਗਏ। ਮਲਿਕ ਭਾਗੋ ਨੂੰ ਸਮਝਾਇਆ, ਇਹ ਧਨ, ਇਹ ਜੁਆਨੀ, ਸਦਾ ਨਹੀਂ ਰਹਿੰਦੇ। ਇਹਨਾਂ ਦੀ ਵਰਤੋਂ ਮਨੁੱਖਤਾ ਦੀ ਸੇਵਾ ਲਈ ਹੋਵੇ ਤਾਂ ਉਸ ਮਨੁੱਖ ਦੀ ਕੀਰਤ, ਜੱਸ ਬਣ ਕੇ, ਦੀਰਘਕਾਲ ਫੈਲਦੀ ਹੈ। ਭਾਗਾਂ ਵਿਚ ਜੱਸ ਨਹੀਂ ਸੀ... ਨਾ ਸਮਝਿਆ। ਦੂਜੀ ਫੇਰੀ ਸਤਿਗੁਰ ਫਿਰ ਆਏ ਤਾਂ ਬਾਬਰ ਦਾ ਹਮਲਾ ਹੋ ਗਿਆ। ਹੋਰਨਾਂ ਅਮੀਰਾਂ, ਨਵਾਬਾਂ, ਰਈਸਾਂ ਵਾਂਗ ਮਲਿਕ ਭਾਗੋ ਦੀ ਹਵੇਲੀ ਤੇ ਹਮਲਾ ਹੋਇਆ। ਸਾਰੇ ਮਰਦ ਮਾਰ ਦਿੱਤੇ, ਧਨ-ਮਾਲ ਦੇ ਨਾਲ, ਘਰ ਦੀਆਂ ਜਵਾਨ ਔਰਤਾਂ ਨੂੰ ਭੀ ਵਾਲੋਂ ਧੂਹ ਘਸੀਟਦੇ ਹੋਏ ਲੈ ਗਏ। ਸਤਿਗੁਰਾਂ ਗੁਰਬਾਣੀ ਉਚਾਰਨ ਕੀਤੀ–

"ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥
ਦੂਤਾਂ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥"

ਉਹੋ ਧਨ ਅਤੇ ਜੁਆਨੀ, ਜਿਸ ਦਾ ਹੰਕਾਰ ਸੀ, ਅੱਜ ਵੈਰੀ ਹੋਇ ਗਏ।

ਰੁੱਤ ਬਦਲ ਗਈ... ਮੱਥੇ ਦੀ ਰੇਖਾ ਬਦਲ ਗਈ।

ਸਮਰਾਟ ਅਸ਼ੋਕ, ਬਹੁਤ ਖੂੰਖਾਰ ਬਾਦਸ਼ਾਹ ਸੀ। ਆਪਣੇ ਸਾਰੇ ਭਰਾਵਾਂ ਨੂੰ ਮਰਵਾ ਕੇ ਗੱਦੀ ਤੇ ਬੈਠਾ। ਪਾਟਲੀਪੁਤਰ ਤੋਂ ਚਲ ਕੇ ਮਗਧ, ਅਵਧ, ਤਖ਼ਸ਼ਿਲਾ ਤਕ ਸਾਰੇ ਰਾਜ ਜਿੱਤ ਕੇ ਆਪਣਾ ਰਾਜ-ਖੇਤਰ ਵਧਾਇਆ। ਈਸਵੀ ਸੰਨ ਤੋਂ ਤਕਰੀਬਨ ਤਿੰਨ ਸੌ ਵਰ੍ਹੇ ਪਹਿਲਾਂ! ਕਲਿੰਗ ਦੀ ਜੰਗ ਭਿਆਨਕ ਹੋਈ। ਦੇਸ਼ਪ੍ਰੇਮੀ, ਕਲਿੰਗ ਵਾਸੀ, ਸਾਰੇ ਇਸਤ੍ਰੀ, ਪੁਰਸ਼ ਇਸ ਜੰਗ ਵਿਚ ਸ਼ਾਮਿਲ ਹੋਏ। ਮਰਦ ਜੰਗ ਵਿਚ ਤੇਗ-ਤੀਰ ਚਲਾਉਂਦੇ, ਔਰਤਾਂ, ਅਸਤਰ, ਸ਼ਸਤਰ, ਲੰਗਰ ਦਾ ਪ੍ਰਬੰਧ ਸੰਭਾਲਦੀਆਂ। ਅਸ਼ੋਕ ਬਹੁਤ ਵੱਡ ਗਿਣਤੀ ਫ਼ੌਜ ਦੇ ਬੂਤੇ ਜਿੱਤ ਤਾਂ ਗਿਆ, ਪਰ ਦੋਹਾਂ ਧਿਰਾਂ ਦੀਆਂ ਲੱਖਾਂ ਲਾਸ਼ਾਂ, ਕਲਿੰਗ ਦੇ ਮੈਦਾਨ ਵਿਚ ਵੇਖ ਕੇ ਟੁੱਟ ਗਿਆ। ਸੋਚ ਬਦਲ ਗਈ। ਹੁਣ ਹਿੰਸਾ ਨਹੀਂ, ਅਹਿੰਸਾ ਨਾਲ ਜਗ ਜਿੱਤਾਂਗਾ। "ਬੁੱਧੰ ਸ਼ਰਣਮ ਗੱਛਾਮੀ", ਧੰਮਮ ਸ਼ਰਣਮ ਗੱਛਾਮੀ" ਦੇ ਬੋਲ ਗੂੰਜਾਇਮਾਨ ਹੋਏ। ਸਮਰਾਟ ਅਸ਼ੋਕ ਸਾਰੇ ਰਾਜ-ਤੰਤਰ ਫ਼ੌਜ ਅਤੇ ਕਾਰਿੰਦਿਆਂ ਸਹਿਤ ਬੋਧ ਧਰਮ ਦੀ ਸ਼ਰਨ ਪਿਆ। ਅਸ਼ੋਕ ਦੀ ਮੌਤ ਮਗਰੋਂ, ਪੁੱਤਰ ਕੁਨਾਲ ਸਹਿਤ ਛੇ ਵਾਰਿਸਾਂ ਤਕ ਤਾਂ ਬੋਧ ਧਰਮ ਬਹੁਤ ਵੱਧਿਆ, ਫੁੱਲਿਆ। ਪਰ ਸਤਵੇਂ ਵਾਰਿਸ, ਬ੍ਰਿਹਦ੍ਰਥ ਦੇ ਵੇਲੇ, ਰੁੱਤ ਨੇ ਕਰਵਟ ਲੈ ਲਈ। ਆਪਣਾ ਹੀ ਮੁੱਖ ਸੈਨਾਪਤੀ, 'ਪੁਸ਼ਯਮਿਤਰ ਸ਼ੁੰਗ" ਨੇ ਰਾਜਾ ਬ੍ਰਿਹਦ੍ਰਥ ਤੇ ਬੋਧੀਆਂ ਨੂੰ ਸੰਰਖਣ ਦੇਣਾ, ਦੇਸ਼ ਲਈ ਖਤਰੇ ਦਾ ਫਤਵਾ ਲਾਇਆ। ਬੋਧ ਮਠਾਂ ਵਿਚ ਰਾਜ ਵਿਰੋਧੀ ਗਤੀਵਿਧੀਆਂ ਦਾ ਆਰੋਪ ਲਾਇਆ। ਮੌਕਾ ਵੇਖ ਕੇ ਰਾਜਾ ਬ੍ਰਿਹਦ੍ਰਥ ਨੂੰ ਮਾਰ ਕੇ ਆਪ ਗੱਦੀ ਤੇ ਬੈਠਾ। ਇਹ ਕਹਿੰਦੇ ਹਨ, ਪਰਸ਼ੂਰਾਮ ਤੋਂ ਬਾਦ, ਪਹਿਲਾ ਬ੍ਰਾਹਮਣ ਯੋਧਾ ਸੀ। ਬ੍ਰਾਹਮਣ ਕੁਲ ਦਾ ਰਾਜ, "ਸ਼ੁੰਗਵੰਸ਼" ਦਾ ਰਾਜ ਸਥਾਪਤ ਕੀਤਾ ਅਤੇ ਚੁਣ ਚੁਣ ਕੇ ਬੋਧ ਮਠਾਂ, ਵਿਦਿਆਲਿਆਂ ਅਤੇ ਘਰਾਂ

'ਚੋਂ ਡੇਢ ਲੱਖ ਤੋਂ ਵੱਧ ਬੋਧ ਅਨੁਯਾਈਆਂ ਦਾ ਕਤਲੇ ਆਮ ਕੀਤਾ। ਇਹ ਘਟਨਾ, ਈਸਵੀ ਸੰਨ ਤੋਂ ਤਕਰੀਬਨ ਡੇਢ ਸੌ ਸਾਲ ਪਹਿਲਾਂ ਦੀ ਹੈ। ਕੁਲ ਡੇਢ ਸੌ ਸਾਲ ਪਹਿਲਾਂ ਸਮਰਾਟ ਅਸ਼ੋਕ ਦੀ ਤੂਤੀ ਬੋਲਦੀ ਸੀ, ਅੱਜ ਮੌਰਿਆ ਵੰਸ਼ ਦਾ ਨਾਸ਼ ਹੋ ਗਿਆ ਸੀ... ਰੁੱਤ ਬਦਲ ਗਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ, ਖਤਰਾਂ ਅੰਮ੍ਰਿਤਸਰ ਦੇ ਦੋ ਭਾਈ, ਖੁਸ਼ਹਾਲ ਸਿੰਘ ਅਤੇ ਪ੍ਰਤਾਪ ਸਿੰਘ, ਇਲਾਕੇ ਦੇ ਚਰਚਿਤ ਬਦਮਾਸ਼ ਅਪਰਾਧੀ ਹੈ ਸਨ। ਲੋਗ ਡਾਕੂ ਕਹਿ ਕੇ, ਉਨ੍ਹਾਂ ਦਾ ਪ੍ਰੀਚੈ ਦਿੰਦੇ। ਸਤਿਗੁਰਾਂ ਦਾ ਦੌਰਾ, ਇਲਾਕੇ ਵਿਚ ਹੋਇਆ। ਸ਼ਰਾਬ ਦੇ ਨਸ਼ੇ ਵਿਚ ਆ ਗਏ। ਚਲਦੇ ਹੋਏ ਕੀਰਤਨ ਦਰਬਾਰ ਵਿਚ, ਸਤਿਗੁਰਾਂ ਦੀ ਮੌਜੂਦਗੀ ਵਿਚ ਲੱਗੇ ਖਰੂਦ ਪਾਉਣ। ਸਿੰਘਾਂ ਨੇ ਹਟਾਉਣਾ ਚਾਹਿਆ, ਨਾ ਹੱਟੇ। ਸਤਿਗੁਰਾਂ ਨੇ ਹੁਕਮ ਦਿੱਤਾ, ਇਹਨਾਂ ਨੂੰ ਫੜ ਕੇ ਕੰਨਾਂ ਵਿਚ ਭਜਨ ਦੇ ਦਿਉ। ਭਜਨ ਕੰਨ ਵਿੱਚ ਦਿੰਦਿਆਂ, ਹੋਸ਼ ਨਾ ਰਹੀ। ਭੋਏ ਡਿੱਗ ਪਏ। ਮੰਜੇ ਤੇ ਪਾ ਕੇ ਸਿੰਘ ਘਰ ਛੱਡ ਆਏ। ਹੁਣ ਸਾਧ ਹੋਇ ਗਏ। ਸੁਰਤ ਵਿਚ ਸਤਿਗੁਰ ਵੱਸ ਗਏ। ਸਤਿਗੁਰਾਂ ਨੇ ਖੁਸ਼ਹਾਲ ਸਿੰਘ ਨੂੰ ਤਾਂ ਬਾਦ ਵਿੱਚ ਸੂਬਾ ਭੀ ਥਾਪਿਆ। ਪੁਰਾਣੀ ਚੰਡਾਲ ਚੌਂਕੜੀ ਦੇ ਸਾਥੀ ਇਕ ਵਾਰ ਘਰ ਆਏ। ਕਿਸੇ ਥਾਂ ਤੇ ਮੋਟੀ ਲੁੱਟ ਦੀ ਯੋਜਨਾ ਦੱਸੀ। ਖੁਸ਼ਹਾਲ ਸਿੰਘ ਕਹਿੰਦੇ ਹਨ, ਸਮਾਂ ਲੰਘ ਗਿਆ ਹੈ... ਹੁਣ, ਰੁੱਤ ਬਦਲ ਗਈ ਹੈ। ਆਉ ਤੁਸੀਂ ਭੀ ਬਹਿ ਜਾਉ... ਸਤਿਗੁਰ ਦਾ ਜੱਸ ਕਰੀਏ... ਜਨਮ ਸਫ਼ਲ ਕਰੀਏ।

ਬੋਧ ਭਿੱਖੂ, "ਉਪਗੁਪਤ, ਪਦਯਾਤਰਾ ਕਰਦੇ ਹੋਇ, ਇਕ ਵਾਰ ਥੱਕ ਕੇ ਸੜਕ ਮਾਰਗ ਦੇ ਕਿਨਾਰੇ ਵਿਸ਼ਰਾਮ ਕਰ ਰਹੇ ਸਨ। ਉੱਜੈਨ ਦੀ ਮਸ਼ਹੂਰ ਸੁੰਦਰ ਨਰਤਕੀ ਰਤਨਾਵਲੀ, ਜਵਾਨੀ ਦੀ ਮਸਤੀ ਵਿਚ, ਕਿਸੇ ਹਵੇਲੀ ਵਿਚ ਨਿਰਤ ਕਰਨ ਜਾਂਦਿਆਂ, ਭਿੱਖੂ ਨੂੰ ਪੈਰ ਦਾ ਠੁੱਡਾ ਲੱਗਾ। ਭਿੱਖੂ ਉਪਗੁਪਤ ਉਠ ਬੈਠਾ। ਨਰਤਕੀ ਨੇ ਸਾਧ ਤੋਂ ਖਿਮਾ ਮੰਗੀ ਅਤੇ ਕਿਸੇ ਵੇਲੇ ਘਰ ਆਉਣ ਦਾ ਸੱਦਾ ਭੀ ਦਿੱਤਾ। ਭਿੱਖੂ ਨੇ ਵਾਇਦਾ ਕੀਤਾ, ਫੇਰ ਕਿਸੇ ਵੇਲੇ ਜ਼ਰੂਰ ਆਵਾਂਗਾ। ਬਾਰਾਂ ਵਰ੍ਹੇ ਲੰਘ ਗਏ। ਉਸੇ ਰਾਹ ਤੋਂ ਲੰਘਦਿਆਂ, ਭਿੱਖੂ ਨੂੰ, ਬਚਨ ਚੇਤਾ ਆਇਆ। ਨਗਰ ਵਲ ਟੁਰ ਪਿਆ। ਬਾਹਰ ਮੜ੍ਹੀਆਂ ਕੋਲੋਂ ਲੰਘਦਿਆਂ, ਕਿਸੇ ਇਸਤਰੀ ਦੀ "ਕਰਾਹ" ਸੁਣਾਈ ਦਿੱਤੀ। ਕੋਈ ਦੁਖਿਆਰਨ, ਦਰਦ ਨਾਲ ਬਿਲਖ ਰਹੀ ਸੀ। ਭਿੱਖੂ ਨੇ ਮੜ੍ਹੀਆਂ ਵਿਚ ਕਿਨਾਰੇ, ਬਹੁਤ ਮਾੜੀ ਹਾਲਤ ਵਿਚ, ਮੈਲੇ-ਗੰਦੇ ਬਿਸਤਰੇ ਕਪੜਿਆਂ ਵਿਚ, ਇਕ ਬਹੁਤੀ ਬੀਮਾਰ, ਮਲੀਨ ਜਿਹੀ ਇਸਤਰੀ ਵੇਖੀ। ਨਜ਼ਦੀਕ ਗਏ। ਧਿਆਨ ਨਾਲ ਵੇਖਿਆ, ਤਾਂ ਉਹੋ 12 ਵਰ੍ਹੇ ਪਹਿਲਾਂ ਵਾਲੀ ਨਰਤਕੀ ਰਤਨਾਵਲੀ ਸੀ। ਉਸ ਦੁਖਿਆਰਨ ਨੇ ਭੀ ਭਿੱਖੂ ਨੂੰ ਪਛਾਣ ਲਿਆ। ਦਰਦ ਭਰੀ ਆਪਣੀ ਕਹਾਣੀ ਦੱਸੀ। ਕੋਈ ਅਸਾਧ ਰੋਗ ਲਗ ਗਿਆ। ਨਗਰ ਦਿਆਂ ਲੋਗਾਂ ਨੇ ਮੈਨੂੰ ਮੰਜੇ ਤੇ ਪਾ ਕੇ ਚੁੱਕ ਲਿਆਂਦਾ... ਵੀਰਾਨ ਮੜ੍ਹੀਆਂ ਵਿਚ ਸੁੱਟ ਗਏ। ਕਿਸੇ ਦਇਆਲੂ ਦਾ ਚਿਤ ਕਰੇ ਤਾਂ ਉਸ ਮਿੱਟੀ ਦੇ ਭਾਂਡੇ ਵਿੱਚ, ਰੋਟੀ-ਟੁੱਕੜ ਪਾ ਜਾਂਦਾ ਹੈ। ਮੇਰੇ ਮਾੜੇ ਕਰਮ ਅੱਗੇ ਆ ਗਏ ਹਨ।

ਚਿੰਤਾ ਨਾ ਕਰ ਭੈਣ। ਮੈਂ ਇਕ ਭਾਈ ਬਣ ਕੇ ਤੇਰੀ ਸੇਵਾ ਕਰਾਂਗਾ। ਮੇਰੇ ਕੋਲ,

ਇਸ ਰੋਗ ਦੇ ਇਲਾਜ ਲਈ ਲੋੜੀਂਦੀਆਂ ਜੜ੍ਹੀ-ਬੂਟੀਆਂ ਅਤੇ ਮੰਤਰ ਭੀ ਹਨ। ਮੈਂ, ਤੇਰੇ ਪੂਰੀ ਤਰ੍ਹਾਂ ਸੁਅੱਸਥ ਹੋਣ ਤਕ, ਇਥੇ ਹੀ ਰਹਾਂਗਾ। "ਅਸ਼ਵਘੋਸ਼ ਕੁਸ਼ਾਣ" ਬੋਧ ਵਿਦਵਾਨ ਨੇ, ਇਸ ਪ੍ਰਸੰਗ ਨੂੰ ਕਲਮਬੱਧ ਕੀਤਾ ਹੈ। ਕਹਿੰਦਾ ਹੈ, ਰਤਨਾਵਲੀ ਬਿਲਕੁਲ ਸੁਅੱਸਥ ਹੋ ਗਈ। ਭਿੱਖੂ ਉਪਗੁਪਤ ਜਦੋਂ ਜਾਣ ਲਗਾ ਤਾਂ ਰਤਨਾਵਲੀ ਨੇ ਬਾਂਹ ਫੜ ਲਈ। ਵੀਰ ਜੀ! ਭੈਣ ਨੂੰ ਫਿਰ ਹਨੇਰੀਆਂ ਗੱਲੀਆਂ ਵਿੱਚ ਰੁਲਣ ਲਈ ਨਾ ਛੱਡ ਕੇ ਜਾ। ਹੁਣ ਮੇਰੇ ਅੰਦਰ ਧਰਮ ਦੀ ਜਿਹੜੀ ਲੋਅ ਜਲਾਈ ਹੈ, ਉਹ ਉਵੇਂ ਹੀ ਜਗਦੀ ਰਹੇ। ਮੈਨੂੰ ਭੀ ਨਾਲ ਹੀ ਲੈ ਚੱਲ... ਧਰਮ ਸਿੱਖਿਆ ਅਤੇ ਸੇਵਾ, ਮੇਰੇ ਜੀਵਨ ਦਾ ਆਧਾਰ ਬਣੇ। ਲਿਖਦੇ ਹਨ, ਨਰਤਕੀ ਹੁਣ, ਭਿੱਖਣੀ ਬਣ ਕੇ, ਮਨੁੱਖ ਮਾਤਰ ਨੂੰ ਧਰਮ ਸਿੱਖਿਆ ਦੇਂਦੀ, ਸੇਵਾ ਕਰਦੀ ਹੋਈ, ਸਮਾਂ ਪਾ ਕੇ ਸ਼ਾਂਤ ਹੋਈ।

"ਸੂਰਜ ਏਕੋ ਰੁਤਿ ਅਨੇਕ
ਨਾਨਕ ਕਰਤੇ ਕੇ ਕੇਤੇ ਵੇਸ ॥"...

5
ਸਿੱਖ ਇਤਿਹਾਸ ਦੇ ਸੋਨ ਪਤਰੇ

ਸੰਨ 1708 ਵਿਚ, ਦਸਮ ਪਾਤਸ਼ਾਹ ਦੇ ਨਾਂਦੇੜ ਕੌਤਕ ਤੋਂ ਬਾਦ ਦਾ ਸਮਾਂ, ਸਿੱਖ ਸਮਾਜ ਤੇ ਕਹਿਰ ਬਣ ਕੇ ਵੱਸਿਆ। ਫਰੁਖ਼ਸੀਅਰ, ਜ਼ਕਰੀਆ ਖ਼ਾਨ, ਮੱਸਾ ਰੰਘੜ, ਮੀਰ ਮਨੂੰ ਨੇ ਅਕੱਥ ਜ਼ੁਲਮ ਇਸ ਕੌਮ ਤੇ ਢਾਏ। ਸਤਿਗੁਰ ਅਤੇ ਸਿੱਖ ਦਾ ਪ੍ਰਗਟ ਰਿਸ਼ਤਾ ਨਾ ਹੋਣ ਕਰ ਕੇ ਲੋਭ ਨਸ਼ਿਆਂ, ਵਿਕਾਰਾਂ ਨੇ ਇਸ ਦੇਵ ਸਮਾਜ ਦੇ ਵੱਡੇ ਵਰਗ ਨੂੰ ਪਤਿਤ ਕਰ ਦਿੱਤਾ ਜਾਂ ਕਈਆਂ ਨੇ ਘਰ ਪਰਿਵਾਰ ਤਿਆਗ ਜੰਗਲਾਂ ਦਾ ਰਾਹ ਫੜ ਲਿਆ। ਪਰ ਉਸ ਔਖੇ ਸਮੇਂ ਵਿਚ ਭੀ, ਅਨੇਕਾਂ ਕ੍ਰਾਂਤੀਵੀਰ ਸਿੱਖ ਯੋਧਿਆਂ ਦੇ ਪ੍ਰਸੰਗ, ਅੱਜ ਭੀ ਸਿੱਖ ਇਤਿਹਾਸ ਦੇ ਸੋਨ ਪੱਤਰ ਵਾਂਗ ਰੌਸ਼ਨ ਹਨ।

17ਵੀਂ ਸਦੀ ਦੇ ਅੰਤ ਤਕ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ 12 ਮਿਸਲਾਂ 'ਚੋਂ 11 ਮਿਸਲਾਂ ਆ ਗਈਆਂ। ਪਿਤਾ ਮਹਾਂ ਸਿੰਘ ਅਤੇ ਦਾਦਾ ਸ੍. ਚੜ੍ਹਤ ਸਿੰਘ ਦਾ ਇਸ ਪਿੱਛੇ ਵੱਡਾ ਯਤਨ ਸੀ। 1799 ਵਿਚ ਲਾਹੌਰ 'ਤੇ ਖਾਲਸਾ ਨਿਸ਼ਾਨ ਝੁਲਾਇਆ ਗਿਆ। ਪਰ ਸ੍ਰੀ ਅੰਮ੍ਰਿਤਸਰ ਦੇ ਇਲਾਕੇ, ਭੰਗੀ ਮਿਸਲ ਦੇ ਜੱਥੇਦਾਰ ਸ੍. ਹਰੀ ਸਿੰਘ ਦੇ ਅਧੀਨ ਹੈ ਸਨ ਅਤੇ ਉਸ ਨੇ ਅਜੇ ਤਾਂਈ ਸ਼ੇਰੇ ਪੰਜਾਬ ਦੀ ਅਧੀਨਗੀ ਸਵੀਕਾਰ ਨਹੀਂ ਕੀਤੀ ਸੀ। ਇਹ ਰੜਕ, ਮਹਾਰਾਜੇ ਨੂੰ ਰਾਤ-ਦਿਨ ਚੁਭਦੀ ਰਹਿੰਦੀ ਸੀ। ਸੰਨ 1802 ਮਹਾਰਾਜੇ ਦੀ ਫ਼ੌਜ ਨੇ ਅੰਮ੍ਰਿਤਸਰ ਨੂੰ ਘੇਰ ਕੇ ਹਮਲੇ ਦੀ ਤਿਆਰੀ ਕਰ ਲਈ। ਸ੍. ਹਰੀ ਸਿੰਘ ਕੋਲ ਭੀ ਬੇਪਨਾਹ ਹੌਸਲਾ ਅਤੇ ਮਰ-ਮਿਟਣ ਵਾਲੀ ਫ਼ੌਜ ਸੀ। ਉਸ ਨੇ ਭੀ ਦੋ-ਦੋ ਹੱਥ ਕਰਨ ਦਾ ਨਿਰਣਾ ਲਿਆ। ਪੁਰਾਣੇ ਮਿੱਤਰ, ਅਕਾਲੀ ਫੂਲਾ ਸਿੰਘ ਨੂੰ ਵਿਸ਼ੇਸ਼ ਸੰਦੇਸ਼ ਭੇਜ ਕੇ ਸੱਦ ਲਿਆ। ਅਕਾਲੀ ਫੂਲਾ ਸਿੰਘ ਬਹੁਤ ਬਹਾਦਰ ਅਤੇ ਦੂਰ ਅੰਦੇਸ਼ ਸਿੱਖ ਜਰਨੈਲ ਹੈ ਸੀ। ਉਹ ਸਮਝ ਰਹੇ ਸਨ ਕਿ ਸਿੱਖ ਸ਼ਕਤੀ ਦੀ ਵਰਤੋਂ, ਮੁਗ਼ਲ ਅਤੇ ਪਠਾਨ ਹਮਲਾਵਰਾਂ ਦੇ ਖਿਲਾਫ਼ ਹੋਣੀ ਚਾਹੀਦੀ ਹੈ। ਆਪਸ ਵਿਚ ਲੜ ਕੇ, ਸਿੱਖ ਸ਼ਕਤੀ ਦਾ ਨਾਸ਼ ਕਰਨਾ ਸਮਝਦਾਰੀ ਨਹੀਂ ਹੋਵੇਗੀ। ਦੋਵੇਂ ਫ਼ੌਜਾਂ ਆਮ੍ਹਣੇ ਸਾਮ੍ਹਣੇ ਜੰਗ ਲਈ ਤਿਆਰ ਖੜੀਆਂ ਸਨ। ਅਕਾਲੀ ਫੂਲਾ ਸਿੰਘ ਨੇ ਘੋੜੇ ਨੂੰ ਏੜ ਲਾਈ, ਸਰਪਟ ਦੌੜਾ ਕੇ ਦੋਹਾਂ ਦੇ ਵਿਚਾਲੇ ਲੈ ਗਿਆ। ਮਹਾਰਾਜਾ ਰਣਜੀਤ ਸਿੰਘ ਅਤੇ ਸ੍. ਹਰੀ ਸਿੰਘ ਦੋਹਾਂ ਨੂੰ, ਉਸ ਮੱਧ ਸਥਾਨ ਤੇ ਸੱਦਿਆ ਤੇ ਕਿਹਾ, ਇਹ ਸ੍ਰੀ ਅੰਮ੍ਰਿਤਸਰ, ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ "ਸਿਫਤੀ ਦਾ ਘਰ" ਹੈ। ਇਹ ਕਿਸੇ ਦੇ ਅਧੀਨ ਨਹੀਂ ਰਹਿ ਸਕਦਾ। ਅਸੀਂ ਤੁਸੀਂ ਸਾਰੇ ਮਿਲ ਕੇ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਸ਼ਹਿਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਚੁਕੀਏ, ਰੱਲ ਕੇ ਦੁਸ਼ਮਨਾਂ ਦਾ ਮੂੰਹ ਭੰਨੀਏ। ਦੋਵੇਂ ਯੋਧਾ ਇਸ ਤਜ਼ਵੀਜ਼ ਤੇ ਸਹਿਮਤ ਹੋਇ, ਜੱਫੀ ਪਾ ਕੇ ਭਾਈ ਬਣ ਗਏ।

ਸੰਨ 1803! ਕਈ ਦਿਨਾਂ ਤੋਂ ਸਿੱਖ ਫ਼ੌਜਾਂ ਮੁਲਤਾਨ ਕਿਲੇ ਦਾ ਘੇਰਾ ਪਾਈ ਬੈਠੀਆਂ ਸਨ। ਕਿਲੇ ਦਾ ਦਵਾਰ ਟੁੱਟਦਾ ਨਹੀਂ ਸੀ। ਅਜੇ ਤਾਂਈ ਕਿਲਾ ਸਰ ਨਹੀਂ ਸੀ ਹੋਇਆ। ਮਹਾਰਾਜਾ ਰਣਜੀਤ ਸਿੰਘ, ਇਕ ਦਿਨ ਸ੍ਰੀ ਅੰਮ੍ਰਿਤਸਰ, ਦਰਬਾਰ ਸਾਹਿਬ ਪਰਕਰਮਾ ਵਿਚ ਸਿਰ ਥੱਲੇ ਸੁੱਟ, ਸੋਚਾਂ ਵਿਚ ਡੁੱਬਿਆ ਬੈਠਾ ਸੀ। ਭੰਗੀ ਮਿਸਲ ਦੇ ਜਥੇਦਾਰ ਸਾਧੂ ਸਿੰਘ, ਸ਼ੇਰੇ ਪੰਜਾਬ ਨੂੰ ਉਦਾਸ ਵੇਖਿਆ ਤਾਂ ਨਾਲ ਬਹਿ ਗਏ।

"ਕੀ ਗੱਲ ਏ ਰਣਜੀਤ, ਉਦਾਸ ਜਿਹਾ ਬੈਠਾ ਹੈਂ।"

ਕੀ ਦੱਸਾਂ ਜਥੇਦਾਰ ਜੀ, ਕਈ ਦਿਨ ਹੋ ਗਏ, ਮੁਲਤਾਨ ਦਾ ਕਿਲਾ ਸਰ ਨਹੀਂ ਹੁੰਦਾ। ਕਿਲੇ ਦਾ ਦਰਵਾਜ਼ਾ ਨਹੀਂ ਟੁੱਟਦਾ। ਉਹ ਕਿਲੇ ਦੇ ਉਪਰੋਂ ਬੰਦੂਕਾਂ, ਤੀਰ, ਨੇਜੇ ਚਲਾਉਂਦੇ ਰਹਿੰਦੇ ਹਨ, ਜਿਸ ਕਰ ਕੇ ਸਾਡੇ ਕਈ ਜਵਾਨ ਸ਼ਹੀਦ ਹੋ ਗਏ।

"ਕਿਹੜੀ ਤੋਪ ਵਰਤੀ ਹੈ?—ਸਾਧੂ ਸਿੰਘ ਪੁਛਿਆ।

"ਜੀ ਬਿਜਲੀ, ਚੰਡੀ, ਸਾਰੀਆਂ ਵਰਤ ਵੇਖੀਆਂ"—ਮਹਾਰਾਜੇ ਕਿਹਾ।

ਤੁਸੀਂ ਚਲੋ, ਮੈਂ ਵੱਡੀ ਤੋਪ ਲੈ ਕੇ ਆਉਂਦਾ ਹਾਂ।

ਵੱਡੀ ਤੋਪ ਤੇ ਫ਼ੌਜ ਲੈ ਕੇ, ਜਥੇਦਾਰ ਸਾਧੂ ਸਿੰਘ ਉਸ ਥਾਂ ਪਹੁੰਚੇ। ਤੋਪ ਗੱਡੀ ਗਈ। ਜਥੇਦਾਰ ਸਾਧੂ ਸਿੰਘ ਕਿਹਾ, ਇੱਕੋ ਥਾਂ ਵੀਹ ਗੋਲੇ ਮਾਰੇ ਜਾਣ, ਤਾਂ ਦਰਵਾਜ਼ਾ ਟੁੱਟੇਗਾ।

ਤਿੰਨ ਵਾਰ ਗੋਲੇ ਦਾਗੇ ਤਾਂ ਮੋਟੀ ਧਾਤ ਵਾਲੇ ਦਰਵਾਜ਼ੇ ਤੇ ਹਲਕੀ ਪਾੜ ਜਿਹੀ ਪੈ ਗਈ। ਖਾਲਸਈ ਫ਼ੌਜਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਪਰ ਚਉਥਾ ਗੋਲਾ ਚਲਦਿਆਂ, ਤੋਪ ਗੱਡੀ ਦਾ ਇਕ ਪਹੀਆ ਟੁੱਟ ਕੇ ਡਿੱਗ ਗਿਆ। ਹੁਣ ਕੀ ਕਰੀਏ? ਤੋਪ ਲਾਹੌਰ ਜਾਂ ਅੰਮ੍ਰਿਤਸਰ ਤੋਂ ਬਣ ਕੇ ਆਉਂਦਿਆਂ ਕਈ ਦਿਨ ਲਗ ਜਾਣੇ ਸਨ। ਜਥੇਦਾਰ ਸਾਧੂ ਸਿੰਘ ਕਿਹਾ, ਹੁਣ ਸਾਡੇ ਕੋਲ ਇਕੋ-ਉਪਾਅ ਹੈ, ਵਾਰੋ-ਵਾਰੀ ਇਕ ਜਣਾ, ਪਹੀਏ ਦੀ ਥਾਂ ਆਪਣਾ ਮੋਢਾ ਦੇਵੇ। ਜ਼ਾਹਿਰ ਹੈ ਇਕ ਗੋਲਾ ਦਾਗਦਿਆਂ, ਉਸ ਫ਼ੌਜੀ ਦੇ ਚਿਥੜੇ ਉੱਡ ਜਾਣੇ ਸਨ। ਸੈਯਦ ਗੁਲਾਮ ਜਿਲਾਨੀ, ਇਸ ਜੰਗ ਦਾ ਅੱਖੀਂ ਡਿੱਠਾ ਇਤਿਹਾਸ "ਜੰਗਨਾਮਾ", ਫ਼ਾਰਸੀ ਵਿਚ ਲਿਖਦਾ ਹੈ, ਮੈਂ ਵੇਖਿਆ, ਖਾਲਸਾ ਫ਼ੌਜਾਂ ਇਕ ਦੂਜੇ ਨੂੰ ਧੱਕਾ ਮਾਰਨ ਲੱਗੇ... ਆਪਸ ਵਿਚ ਖਹਿਣ ਲੱਗੇ। ਮੈਂ ਸਮਝਿਆ ਮਰਨਾ ਕਿਹੜਾ ਸੌਖਾ ਹੈ... ਉਹ ਭੀ ਇਤਨੀ ਦਰਦਨਾਕ ਮੌਤ। ਮੌਤੋਂ ਡਰਦਿਆਂ, ਇਕ ਦੂਜੇ ਨੂੰ ਅੱਗੇ ਧੱਕ ਰਹੇ ਹਨ। ਨੇੜੇ ਹੋ ਕੇ ਜਾਂ ਵੇਖਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਹਰ ਸਿੱਖ ਜਵਾਨ ਪਹਿਲਾ ਮੋਢਾ ਦੇਣ ਲਈ ਬਾਜ਼ਿੱਦ ਸੀ। ਫਿਰ ਜੱਥੇਦਾਰ ਸਾਧੂ ਸਿੰਘ ਅੱਗੇ ਆਏ, ਉੱਚੀ ਆਵਾਜ਼ ਵਿਚ ਕਿਹਾ, ਜੱਥੇਦਾਰ ਕੌਣ ਹੈ ?

"ਜੀ ਤੁਸੀਂ"—ਸਿੱਖ ਜਵਾਨਾਂ ਕਿਹਾ।

ਫਿਰ ਪਹਿਲਾ ਮੋਢਾ ਮੈਂ ਦਿਆਂਗਾ। ਆਉ ਮੇਰੇ ਮਗਰ ਪੰਗਤ ਬਣਾ ਲਉ।

ਜੱਥੇਦਾਰ ਨੇ ਮੋਢਾ ਡਾਹਿਆ, ਤੋਪ ਗਰਜੀ, ਗੋਲਾ ਸਹੀ ਨਿਸ਼ਾਨੇ ਤੇ ਲੱਗਾ ਔਰ ਇਧਰ ਜੱਥੇਦਾਰ ਦਾ ਸਰੀਰ ਪਾਟ ਕੇ ਖਿੰਡਰ ਗਿਆ।

ਫਿਰ ਦੂਜਾ, ਤੀਜਾ, ਕੁਲ ਸਤਾਰਾਂ ਗੋਲੇ ਹੋਰ ਚਲੇ, ਸਤਾਰ੍ਹਾਂ ਜਵਾਨ ਸਰੀਰ ਪਾਟ

ਕੇ ਖਿੰਡਰੇ। ਦਰਵਾਜ਼ਾ ਟੁੱਟ ਗਿਆ। ਅਕਾਲੀ ਸਰਦਾਰ ਫੂਲਾ ਸਿੰਘ ਆਪਣੀ ਫ਼ੌਜੀ ਟੁਕੜੀ ਨਾਲ ਅੰਦਰ ਪ੍ਰਵੇਸ਼ ਕੀਤਾ। ਆਮ੍ਹੋ ਸਾਮ੍ਹਣੇ ਦੀ ਜੰਗ ਹੋਈ। ਮੁਜ਼ੱਫ਼ਰ ਖਾਂ ਅਤੇ ਉਸ ਦੇ ਦੋ ਪੁੱਤਰ ਮਾਰੇ ਗਏ... ਦੋ ਪੁੱਤਰ ਜੀਉਂਦੇ ਫੜ ਕੇ ਸ਼ੇਰੇ ਪੰਜਾਬ ਅੱਗੇ, ਜੰਗ ਦੇ ਮੈਦਾਨ ਵਿਚ ਪੇਸ਼ ਕੀਤੇ। ਸ਼ੇਰੇ ਪੰਜਾਬ ਜੰਗ ਦੇ ਮੈਦਾਨ ਵਿਚ ਘੋੜੇ ਤੋਂ ਉਤਰਿਆ... ਦੋਹਾਂ ਲੜਕਿਆਂ ਨੂੰ ਗੱਲ ਨਾਲ ਲਾਇਆ ਤੇ ਕਿਹਾ, ਸਾਡੀ ਜੰਗ ਮੁਜ਼ੱਫ਼ਰ ਖ਼ਾਨ ਨਾਲ ਸੀ, ਉਹ ਮਾਰਿਆ ਗਿਆ। ਇਹ ਮੇਰੇ ਬੱਚੇ ਹਨ... ਇਹਨਾਂ ਦੇ ਹੱਥ ਮੁਲਤਾਨ ਸਪੁਰਦ ਕਰ ਦਿਉ। ਉਨ੍ਹਾਂ ਦੋਹਾਂ ਜਵਾਨ ਭਾਈਆਂ ਨੂੰ ਕਿਹਾ, ਰਾਜ ਸੰਭਾਲੋ, ਆਮ ਆਵਾਮ ਦੀ ਖੁਸ਼ਹਾਲੀ ਲਈ ਜਤਨ ਕਰੋ ਅਤੇ ਖਾਲਸਾ ਰਾਜ ਦੀ ਅਧੀਨਗੀ ਪਰਵਾਨ ਕਰੋ। ਮੁਲਤਾਨ ਕਿਲੇ ਤੇ ਖਾਲਸਈ ਝੰਡਾ ਝੂਲਿਆ—ਰਾਜ ਦੋਹਾਂ ਖ਼ਾਨ ਭਰਾਵਾਂ ਸੰਭਾਲਿਆ... ਆਮਦਨੀ ਦਾ ਅੱਧਾ ਭਾਗ ਲਾਹੌਰ ਜਾਣ ਲੱਗਾ।

ਕਸੂਰ ਸੰਨ 1801 ਵਿਚ ਹੀ ਲਾਹੌਰ ਦਰਬਾਰ ਹੇਠ ਆ ਗਿਆ ਸੀ। ਪਰ 1807 ਵਿਚ, ਨਵਾਬ ਨਿਜ਼ਾਮ ਦੀਨ ਦੀ ਮੌਤ ਮਗਰੋਂ, ਉਸ ਦਾ ਭਰਾ ਕੁਤੁਬਦੀਨ ਕਸੂਰ ਦਾ ਹਾਕਮ ਬਣਿਆ ਤਾਂ ਖ਼ਾਲਸਾ ਰਾਜ ਦਾ ਵਿਰੋਧੀ ਹੋ ਗਿਆ। ਰੋਜ਼ ਨਵੀਆਂ ਨਵੀਆਂ ਸ਼ਿਕਾਇਤਾਂ ਮਿਲਦੀਆਂ। ਸ਼ੇਰੇ ਪੰਜਾਬ ਨੇ ਫ਼ੌਜ ਭੇਜੀ ਪਰ 12 ਕਿਲਿਆਂ ਵਾਲਾ ਕਸੂਰ ਜਿੱਤਿਆ ਨਹੀਂ ਸੀ ਜਾ ਰਿਹਾ। ਕਿਲਿਆਂ ਦੇ ਚੌਤਰਫ਼ੇ, ਸਿੱਖ ਫ਼ੌਜਾਂ ਕਈ ਦਿਨਾਂ ਤੋਂ ਮੋਰਚਾ ਲਾਈ ਬੈਠੀਆਂ ਸਨ। ਅਜੇ ਤਾਂਈ—ਕਿਲਾ ਸਰ ਨਹੀਂ ਸੀ ਹੋਇਆ।

ਇਕ ਦਿਨ ਸ੍ਰ. ਹਰੀ ਸਿੰਘ ਅਤੇ ਸ੍ਰ. ਚੜ੍ਹਤ ਸਿੰਘ, ਸ੍ਰੀ ਅੰਮ੍ਰਿਤਸਰ ਬੈਠੇ ਸਨ। ਇਕ ਬ੍ਰਾਹਮਣ ਰੋਂਦਾ ਆਇਆ, ਕਸੂਰ ਦਾ ਉਸਮਾਨ ਖਾਨ, ਮੇਰੀ ਬੇਟੀ ਨੂੰ ਚੁੱਕ ਕੇ ਲੈ ਗਿਆ ਹੈ। ਮੈਨੂੰ ਇਨਸਾਫ ਮਿਲੇ, ਮੇਰੀ ਬੇਟੀ ਵਾਪਸ ਦਿਵਾਉ। ਉਸ ਵੇਲੇ ਸਿੱਘ ਯੋਧੇ ਲੰਗਰ ਛਕਣ ਦੀ ਤਿਆਰੀ ਵਿਚ ਸਨ।

ਸ੍ਰ. ਹਰੀ ਸਿੰਘ ਨੇ ਕਿਹਾ, ਆਉ ਚਲਦੇ ਹਾਂ। ਸ੍ਰ. ਮਿੱਤ ਸਿੰਘ ਕਿਹਾ, ਪ੍ਰਸ਼ਾਦਾ ਛੱਕ ਲਈਏ।

ਹੁਣ ਕਸੂਰ ਫਤਹਿ ਕਰ ਕੇ ਹੀ ਪ੍ਰਸ਼ਾਦਾ ਛਕਾਂਗੇ। ਖ਼ਾਲਸਾ ਫ਼ੌਜਾਂ ਨੇ ਇਨ੍ਹਾਂ ਸਰਦਾਰਾਂ ਦੀ ਅਗਵਾਈ ਵਿਚ ਕਸੂਰ ਦੀ ਜੰਗ ਲੜੀ। ਅਕਾਲੀ ਫੂਲਾ ਸਿੰਘ ਨਵਾਬ ਕੁਤਬਦੀਨ ਨੂੰ ਕਿਲੇ ਅੰਦਰੋਂ ਜੀਉਂਦਾ ਫੜ ਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਉਸ ਨੂੰ ਬੇਇੱਜ਼ਤ ਕਰ ਕੇ ਕੱਢ ਦਿੱਤਾ। ਕਸੂਰ ਫਿਰ ਲਾਹੌਰ ਦਰਬਾਰ ਅਧੀਨ ਹੋ ਗਿਆ।

ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ, ਸੰਨ 1762 ਵਿਚ ਵੱਡਾ ਘੱਲੂਘਾਰਾ, ਸੰਗਰੂਰ ਨੇੜੇ ਹੋਇਆ। ਭਿਆਨਕ ਜੰਗ ਹੋਈ। ਅਬਦੁਲਸ਼ਾਹ ਅਬਦਾਲੀ ਸਿੱਖਾਂ ਤੋਂ ਬਹੁਤ ਸੜਿਆ-ਭੁੱਜਿਆ ਸੀ। ਇਸ ਜੰਗ ਵਿਚ 40 ਹਜ਼ਾਰ ਸਿੱਖਾਂ ਸ਼ਹੀਦੀ ਪਾਈ ਅਤੇ ਸਵਾ ਲੱਖ ਤੋਂ ਵੱਧ ਅਬਦਾਲੀ ਫ਼ੌਜੀ ਮਾਰੇ ਗਏ। ਇਸ ਜੰਗ ਦੇ ਇਤਿਹਾਸਕਾਰ ਲਿਖਦੇ ਹਨ, ਹਰ ਪਹਿਰ, ਹਰ ਤਿੰਨ ਘੰਟੇ ਦੀ ਜੰਗ ਤੋਂ ਬਾਦ ਅਬਦਾਲੀ ਫ਼ੌਜ ਦੇ 25 ਘੁੜਸਵਾਰ ਅਗਲੇ ਮੋਰਚੇ ਤੋਂ ਪਿੱਛੇ ਆ ਜਾਂਦੇ ਅਤੇ 25 ਨਵੇਂ ਘੁੜਸਵਾਰ ਅੱਗਲੇ ਮੋਰਚੇ ਤੇ ਜੰਗ ਲੜਦੇ। ਪਰ ਸਿੱਖ ਯੋਧੇ ਸ੍ਰ. ਜੱਸਾ ਸਿੰਘ

ਆਹਲੂਵਾਲੀਆ, ਸ੍. ਬਘੇਲ ਸਿੰਘ ਸਵੇਰ ਤੋਂ ਸ਼ਾਮ ਤਕ ਭੁੱਖੇ ਤ੍ਰਿਹਾਏ ਅਣਥੱਕ ਜੰਗ ਲੜਦੇ ਰਹਿੰਦੇ। ਸ਼ਾਮ ਜੰਗ ਰੁਕੀ ਤਾਂ ਅਬਦਾਲੀ ਨੇ ਸਿੱਖ ਭੇਖ ਵਿਚ ਆਪਣਾ ਇਕ ਜਾਸੂਸ ਭੇਜਿਆ, ਪਤਾ ਲਾਉ, ਕੱਲ ਦੀ ਜੰਗ ਲਈ ਹੌਂਸਲਾ ਹੈ ਜਾਂ ਨਹੀਂ।

ਜਾ ਕੇ ਜਾਸੂਸ ਵੇਖਿਆ—

ਸਿੱਖ ਸ਼ਹੀਦਾਂ ਦੀਆਂ ਲਾਸ਼ਾਂ, ਇਕੱਠੀਆਂ ਕਰ ਕੇ ਸਮੂਹਕ ਸਸਕਾਰ ਕੀਤਾ। ਸ਼ਾਮ ਦੀ ਰਹਿਰਾਸ ਦੇ ਉਪਰੰਤ, ਕੀਰਤਨ ਸੋਹਿਲਾ ਦਾ ਪਾਠ ਕੀਤਾ। ਸ੍. ਬਘੇਲ ਸਿੰਘ ਅਰਦਾਸ ਕੀਤੀ, ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ, ਧੰਨ ਸਤਿਗੁਰ ਕਲਗੀਧਰ ਪਿਤਾ, ਤੇਰਿਆਂ ਸਿੱਖਾਂ ਨੇ ਧਰਮ-ਜੰਗ ਵਿਚ ਸ਼ਹਾਦਤਾਂ ਪਾਈਆਂ ਹਨ। ਹੁਣ ਆਗਿਆ ਦਿਉ, ਕਲ ਦੀ ਜੰਗ ਵਿਚ ਦੁਸ਼ਮਨਾਂ ਦੇ ਆਹੂ ਲਾਹੀਏ। ਖਾਲਸੇ ਨੂੰ ਹਰ ਮੈਦਾਨ ਫ਼ਤਹਿ ਬਖ਼ਸ਼ੋ।

ਉਸ ਜਾਸੂਸ ਨੇ ਅਬਦੁਲ ਸ਼ਾਹ ਅਬਦਾਲੀ ਨੂੰ, ਸਿੱਖਾਂ ਦੇ ਬੁਲੰਦ ਹੌਂਸਲੇ ਅਤੇ ਗੁਰੂ ਭਰੋਸੇ ਦੀ ਗੱਲ ਕੀਤੀ ਤਾਂ ਅਬਦਾਲੀ ਦਾ ਹੌਂਸਲਾ ਟੁੱਟ ਗਿਆ। ਵਾਪਸ ਅਬਦਾਲ ਚਲਾ ਗਿਆ। ਆਪਣੇ ਪੀਰ ਜੀ "ਨੂਰ ਮੁਹੰਮਦ" ਅੱਗੇ ਰੋਇਆ, ਇਹ ਸਿੱਖ ਨਹੀਂ ਜਿੱਤੇ ਜਾਂਦੇ। ਅਸੀਂ ਸਾਰਾ ਹਿੰਦੁਸਤਾਨ ਲੁਟ ਖੋਹ ਕੇ ਮੁੜਦੇ ਹਾਂ, ਪੰਜਾਬ 'ਚੋਂ ਲੰਘਦਿਆਂ ਉਹ ਬਾਜ਼ ਵਾਂਗ ਪੈਂਦੇ ਹਨ, ਸਾਰਾ ਧਨ, ਅਤੇ ਲਿਆਂਦੀਆਂ "ਮਾਲੇ ਗ਼ਨੀਮਤ" (ਔਰਤਾਂ) ਖੋਹ ਲੈ ਜਾਂਦੇ ਹਨ।

ਉਸ ਦੇ ਪੀਰ ਨੂਰ ਮੁਹੰਮਦ ਨੇ ਕਿਹਾ, ਤੁਸੀਂ ਲੋਗ, ਸਿੱਖਾਂ ਨੂੰ "ਸਗਾ ਰਾ ਮਦੂਰ, ਕੁੱਤੇ ਦੇ ਪੁੱਤ... ਇਹੋ ਲਫ਼ਜ਼ ਵਰਤਦੇ ਹੋ ਨਾ... ਮੈਂ ਦਸਦਾ ਹਾਂ, ਸਿੱਖ ਕੀ ਹਨ—

"ਸਗਾ ਰਾ ਮਦੂਰ, ਤਿਹਤ ਫ਼ਨਿ ਸ਼ੇਰ ॥
ਬਾ ਮਾਦਾਨੇ ਮਰਦਾਂ ਕਿ ਸ਼ੇਰਾਂ ਦਿਲੇਰ ॥"

ਤੁਸੀਂ ਲੋਕਾਂ ਨੂੰ ਮਾਰਦੇ-ਕੁਟਦੇ ਹੋ, ਬੇਗੁਨਾਹਾਂ ਦੇ ਕਤਲ ਕਰਦੇ ਹੋ, ਲੋਕਾਂ ਦੀਆਂ ਧੀਆਂ ਭੈਣਾਂ ਖੋਹ ਲਿਆਉਂਦੇ ਹੋ। ਉਹ ਤੁਹਾਥੋਂ ਖੋਹ ਕੇ, ਉਨ੍ਹਾਂ ਧੀਆਂ ਭੈਣਾਂ ਨੂੰ ਬਾਇੱਜ਼ਤ ਘਰੋ ਘਰ ਪੁਚਾ ਕੇ ਆਉਂਦੇ ਹਨ। ਉਹ ਸੱਚੇ ਸ਼ੇਰ ਹਨ... ਸ਼ੇਰਾਂ ਤੋਂ ਵੱਧ ਦਿਲੇਰ ਹਨ।

ਮੱਸਾ ਰੰਘੜ, ਲਾਹੌਰ ਨਵਾਬ ਜ਼ੱਕਰੀਆ ਖਾਨ ਦਾ ਸੈਨਾਪਤੀ ਸੀ। ਬਹੁਤ ਕੁਰੱਖ਼ਤ ਅਤੇ ਭ੍ਰਿਸ਼ਟ। ਸੰਨ 1745 ਇਸ ਨੇ, ਸ੍ਰੀ ਦਰਬਾਰ ਸਾਹਿਬ ਦੀ ਬਹੁਤ ਬੇਅਦਬੀ ਕੀਤੀ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ, ਉਸ ਥਾਂ ਤੇ ਗੱਦਾ ਮਸਨਦ ਲਾ ਕੇ ਆਪ ਬੈਠਦਾ, ਹੁੱਕਾ ਪੀਂਦਾ ਅਤੇ ਜਿੱਥੇ ਹਜ਼ੂਰੀ ਰਾਗੀ ਇਲਾਹੀ ਕੀਰਤਨ ਕਰਦੇ ਹੁੰਦੇ ਸਨ, ਉਸ ਥਾਂ ਨਰਤਕੀਆਂ, ਰੰਡੀਆਂ ਦਾ ਨਾਚ ਕਰਵਾਉਂਦਾ ਸੀ। ਗੁਰੂ ਦਾ ਇਕ ਸਿੱਖ, ਭਾਈ ਬਲਾਕਾ ਸਿੰਘ, ਇਹ ਵੇਖ ਕੇ ਨਾ ਸਹਾਰ ਸਕਿਆ। ਬੀਕਾਨੇਰ ਜੱਥੇਦਾਰ ਸ਼ਾਮ ਸਿੰਘ ਦਾ ਜੱਥਾ ਮੌਜੂਦ ਸੀ। ਸਾਮ੍ਹਣੇ ਹਾਜ਼ਰ ਹੋ ਕੇ ਸਾਰੀ ਵਾਰਦਾਤ ਦੱਸੀ। ਸੰਗਤਾਂ ਸੂਰਮਿਆਂ ਵਿੱਚ ਰੋਸ ਦੀ ਲਹਿਰ ਦੌੜ ਗਈ। ਭਾਈ ਮਹਿਤਾਬ ਸਿੰਘ ਉਠ ਖਲੋਤਾ। ਹੱਥ ਜੋੜ ਕਿਹਾ, ਮੈਨੂੰ ਆਗਿਆ ਦਿਉ, ਮੈਂ ਮੱਸਾ ਰੰਘੜ ਦਾ ਸਿਰ ਵੱਢ

ਲਿਆਵਾਂਗਾ। ਭਾਈ ਸੁੱਖਾ ਸਿੰਘ ਭੀ ਨਾਲ ਹੋ ਗਿਆ। ਦੋਹਾਂ ਭੇਖ ਬਦਲਿਆ। ਜ਼ਿਮੀਦਾਰਾ ਭੇਖ ਬਣਾ ਲਿਆ। ਇਕ ਪੇਟੀ ਲੋਹੇ ਦੀ ਲੈ, ਉਸ ਵਿਚ ਟੁੱਟੇ ਹੋਇ ਭਾਂਡੇ, ਕੱਚ ਦੇ ਟੁਕੜੇ ਪਾਏ—ਤੇ ਸਿਰ ਤੇ ਚੁਕ ਸ੍ਰੀ ਦਰਬਾਰ ਸਾਹਿਬ ਪੁੱਜੇ। ਦਰਬਾਨ ਨੂੰ ਕਿਹਾ, ਸਾਡੇ ਵੱਲ ਸਰਕਾਰੀ ਮਾਮਲਾ ਚੋਖਾ ਵੱਧ ਗਿਆ ਹੈ। ਉਹ ਤਾਰਨ ਆਏ ਹਾਂ... ਸੈਨਾਪਤੀ ਜੀ ਭੇਟ ਕਰਨੀ ਹੈ। ਅੰਦਰ ਚਲੇ ਗਏ। ਪੇਟੀ ਭਾਰੀ ਵੇਖੀ ਮੱਸਾ ਰੰਘੜ ਨੇ। ਬਹੁਤਾ ਧਨ, ਮੋਹਰਾਂ ਜਾਪੀਆਂ।

"ਕਿਹੜਾ ਮਾਲ ਹੈ?" ਮੱਸਾ ਰੰਘੜ ਪੁਛਿਆ।

ਜੀ ਆਪ ਆ ਕੇ ਵੇਖ ਲਵੋ, ਗਿਣਤੀ ਮਿਣਤੀ ਕਰ ਲਵੋ। ਮੱਸਾ ਆਇਆ, ਜਿਵੇਂ ਪੇਟੀ ਖੋਲ੍ਹ ਵੇਖਣ ਲੱਗਾ, ਚੀਤੇ ਦੀ ਫੁਰਤੀ ਵਾਂਗ ਮੱਸਾ ਰੰਘੜ ਦਾ ਸਿਰ ਲਾਹ ਲਿਆ—ਨੇਜੇ ਦੀ ਨੋਕ ਤੇ ਟੰਗ ਪਲਕ ਝਪਕਾਉਣ ਮਾਤਰ ਵਿਚ ਬਾਹਰ ਹੋਇ, ਤਿਆਰ ਘੋੜਿਆਂ ਤੇ ਸਵਾਰ ਹੋਇ, ਹਨੇਰੀ ਵਾਂਗ ਬੀਕਾਨੇਰ ਪੁੱਜ ਕੇ, ਜੱਥੇਦਾਰ ਸ਼ਾਮ ਸਿੰਘ ਦੇ ਦਰਬਾਰ ਵਿਚ ਜਾ ਸੁੱਟਿਆ। ਸ਼ਾਮ ਸਿੰਘ ਨੇ ਪੈਰਾਂ ਦੇ ਠੁਡੇ ਮਾਰੇ, ਸੂਰਮੇ ਸਿੱਖਾਂ ਨੂੰ ਸ਼ਾਬਾਸ਼ੀ ਦਿੱਤੀ ਅਤੇ ਸਤਿਗੁਰ ਦਾ ਸ਼ੁਕਰਾਨਾ ਕੀਤਾ।

ਭਾਈ ਨੰਦ ਲਾਲ ਜੀ ਕਹਿੰਦੇ ਹਨ—

"ਐ ਜਿਹੇ ਮੁਰਸ਼ਦ ਕਿ ਅਜ਼ਯਕ ਕਤਰਹ ਆਬ॥
ਕਰਦ ਹਮਚੂ ਰੌਸ਼ਨ ਮਾਹੋ ਆਫਤਾਬ॥"

ਮੇਰੇ ਕਲਗੀਧਰ ਪਾਤਸ਼ਾਹ, ਤੇਰਾ ਲਖ ਵਾਰ ਸ਼ੁਕਰਾਨਾ ਕਿ ਮੇਰੇ ਜਿਹੀ, ਪਾਣੀ ਦੀ ਇਕ ਨਿਮਾਣੀ ਜਿਹੀ-ਬੂੰਦ ਵਿਚ, ਚੰਦ-ਸੂਰਜ ਜਿਹੀ ਰੌਸ਼ਨੀ ਭਰ ਦਿੱਤੀ।

6
ਅਗਨੀ ਵੀਰ

ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਸਿੰਘਾਂ ਦੀਆਂ ਅਕਥ ਕਹਾਣੀਆਂ ਹਨ... ਕੁਝ ਕਹਿਣ-ਲਿਖਣ ਤੋਂ ਪਰ੍ਹੇ।

"ਏਵਡ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ।"

ਇਹਨਾਂ ਨੇ ਵਿਦੇਸ਼ੀ ਹਕੂਮਤ ਵਲੋਂ ਕੀਤੀ ਗਈ ਜ਼ੁਲਮਾਂ ਦੇ ਗੜ੍ਹਿਆਂ ਦੀ ਵਰਖਾ ਲਗਾਤਾਰ 90 ਸਾਲ ਸਹੀ ਹੈ। ਫ਼ਾਂਸੀਆਂ ਤੇ ਝੂਲਦੇ, ਕਾਲੇ ਪਾਣੀ ਦੀਆਂ ਭਿਆਨਕ ਸੈੱਲਾਂ ਵਿਚ ਜਵਾਨੀਆਂ ਗਾਲਦੇ, ਤਸ਼ੱਦਦਤਾਂ ਦੀ ਅੱਗ ਵਿਚ ਦੀਰਘ ਕਾਲ ਤਕ ਤਪ ਕੇ, ਖਰਾ ਕੁੰਦਨ ਹੋਇ ਨਿਕਲੇ ਉਹ ਧੀਰ ਪੁਰਸ਼, "ਅਗਨੀਵੀਰ" ਹਨ।

ਸੰਨ 1970 ਵਿੱਚ ਸਿੱਖ ਜਗਤ ਦੇ ਨਾਮਵਰ ਵਿਦਵਾਨ, ਸ੍ਰ. ਗੁਰਬਖ਼ਸ਼ ਸਿੰਘ "ਪ੍ਰੀਤਲੜੀ" ਲਿਖਦੇ ਹਨ, "ਮੈਂ ਬਾਬਾ ਰਾਮ ਸਿੰਘ ਬਾਬਤ ਬਹੁਤ ਕੁਝ ਪੜ੍ਹਿਆ, ਜਾਣਿਆ ਹੈ ਔਰ ਹੈਰਾਨ ਹੁੰਦਾ ਰਿਹਾ ਹਾਂ ਕਿ ਇਕ ਨਿੱਕੇ ਜਿਹੇ ਤਰਖਾਨ ਦਾ ਪੁੱਤਰ... ਨਾ ਕੋਈ ਧਨੀ ਪਿਛੋਕੜ, ਨਾ ਨਵਾਬੀ, ਨਾ ਰਈਅਤ, ਨਾ ਸਲਤਨਤ... ਨਾ ਲਾਵ ਨਾ ਲਸ਼ਕਰ ਔਰ ਕਦੇ ਸੂਰਜ ਅਸਤ ਨਾ ਹੋਣ ਵਾਲੇ ਅੰਗਰੇਜ਼ੀ ਰਾਜ ਨਾਲ ਕਿਵੇਂ ਟੱਕਰ ਲੈਂਦਾ ਰਿਹਾ।

ਪੂਰੀ ਜਮਾਤ, ਮੁਕੰਮਲ ਜੁਝਾਰੂ ਸੰਗਠਨ, ਪੂਰੀ ਤਰ੍ਹਾਂ ਅਨੁਸ਼ਾਸਤ ਅਨੁਯਾਈਆਂ ਦੀ ਫ਼ੌਜ ਖੜ੍ਹੀ ਕਰ ਲਈ। ਮੈਂ ਭੈਣੀ ਸਾਹਿਬ ਭੀ ਗਿਆ, ਭੌਰ ਦੇ ਝੁਟਪੁਟੇ ਤੋਂ ਹੀ ਆਸਾ ਦੀ ਵਾਰ ਵਿਚ ਸਜ ਬੈਠੇ ਨਾਮਧਾਰੀ ਵੀਰਾਂ ਭੈਣਾਂ! ਸੁਫੇਦ ਹੰਸਾਂ ਦੀਆਂ ਡਾਰਾਂ ਵਾਂਗ, ਇਹਨਾਂ ਵੀਰਾਂ ਬੀਬੀਆਂ ਦੇ ਦਗਮਗ ਕਰਦੇ ਚੇਹਰੇ ਵੇਖੇ ਤੇ ਕਿਤਨੀ ਦੇਰ ਸੋਚਦਾ ਰਿਹਾ, ਇਹ ਇਤਨੀ ਚੜ੍ਹਦੀ ਕਲਾ ਵਿਚ, ਇਤਨੇ ਖੇੜੇ ਵਿਚ ਕਿਵੇਂ ਹਨ? ਮੈਂ ਜਦ ਗਹੁ ਨਾਲ, ਧਿਆਨ ਵਿਚ ਜਾ ਕੇ ਝਾਤ ਮਾਰੀ ਤਾਂ ਵੇਖਿਆ, ਇਹ ਆਜ਼ਾਦ ਲੋਗ ਹਨ। ਵਹਿਮਾਂ, ਭਰਮਾਂ, ਭੁਲੇਖਿਆਂ, ਬ੍ਰਾਹਮਣੀ ਅਡੰਬਰਾਂ, ਸਾਦੇ ਸੁਫੇਦ ਵਸਤਰ, ਸਾਦਾ ਨਿਰਮਲ ਭੋਜਨ, ਸਾਦੇ ਵਿਆਹ, ਨਾਰੀ ਦਾ ਸਨਮਾਨ, ਨਸ਼ਿਆਂ-ਵਿਕਾਰਾਂ ਤੋਂ ਬਹੁਤ ਦੂਰ.... ਬਾਬਾ ਰਾਮ ਸਿੰਘ ਨੇ, ਇਨ੍ਹਾਂ ਨੂੰ ਆਜ਼ਾਦ ਕਰ ਦਿੱਤਾ ਹੈ। ਫ਼ਿਜ਼ੂਲ ਖਰਚੀ, ਗ਼ੈਰ, ਜ਼ਰੂਰੀ ਗੀਤਾਂ-ਰਿਵਾਇਤਾਂ... ਸਭ ਤੋਂ ਆਜ਼ਾਦ ਲੋਗ। ਤਾਂ ਹੀ ਤਾਂ ਇਨ੍ਹਾਂ ਦੀ ਚਾਲ ਵਿਚ ਮਟਕ ਹੈ, ਇਹਨਾਂ ਦੇ ਬੋਲਾਂ ਵਿਚ ਸੰਗੀਤ ਦੀ ਖਨਕ ਹੈ।

ਰਵਿੰਦਰਨਾਥ ਟੈਗੋਰ ਨੇ ਸੰਨ 1910 ਵਿਚ, "ਗੀਤਾਂਜਲੀ" ਮਹਾਂਕਾਵਿ-ਰਚਨਾ ਕੀਤੀ। ਸੰਨ 1913 ਵਿਚ, ਇਸ ਅਦੁੱਤੀ ਰਚਨਾ ਲਈ "ਨੌਬਲ ਅਵਾਰਡ" ਭੀ ਮਿਲਿਆ। ਇਸ ਵਿਚ ਇਕ ਥਾਂ ਲਿਖਦੇ ਹਨ, ਪਹਾੜ ਨੇ ਪਾਣੀ ਨੂੰ ਆਜ਼ਾਦ ਕੀਤਾ, ਤਾਂ ਝਰਨੇ ਨੂੰ ਨੱਚਣਾ ਟੱਪਣਾ ਆਪੇ ਆ ਗਿਆ। ਇਹ ਆਜ਼ਾਦੀ ਦੇ ਤਰਾਨੇ ਹੁੰਦੇ

ਹਨ।

ਰਾਸ਼ਟਰ ਕਵਿ ਸ੍ਰੀ ਮੈਥਲੀਸ਼ਰਨ ਗੁਪਤ ਨੇ ਸੰਨ 1933 ਵਿਚ "ਯਸ਼ੋਧਰਾ" ਪ੍ਰਬੰਧ ਕਾਵਿ ਰਚਨਾ ਕੀਤੀ। ਭਗਵਾਨ ਬੁੱਧ ਦੀ ਸੁਪਤਨੀ ਸੀ, ਯਸ਼ੋਧਰਾ। ਉਸ ਨਾਰੀ ਜੀਵਨ ਦੇ ਯਥਾਰਥ ਨੂੰ ਪਾਠਕਾਂ ਸਾਹਵੇਂ ਪ੍ਰਗਟ ਕੀਤਾ। ਪਤੀ ਤਾਂ ਸੰਨਿਆਸ ਲੈ ਅੱਧੀ ਰਾਤ ਘਰ ਵਾਲੀ ਅਤੇ 6 ਮਹੀਨੇ ਦੇ ਪੁੱਤਰ ਰਾਹੁਲ ਨੂੰ ਸੁੱਤਿਆਂ ਛੱਡ, ਘਰੋਂ ਨਿਕਲ ਗਿਆ। ਉਸ ਨਾਰੀ ਦਾ ਜੀਵਨ, ਚਿਤਰਿਆ। ਕਪਿਲ ਵਸਤੂ ਦੇ ਮਹਿਲ ਵਿਚ ਕਈ ਵਾਰ ਯਸ਼ੋਧਰਾ ਰੋਈ, ਪਤੀ ਵਿਯੋਗ ਵਿਚ ਉਚੀਆਂ ਵਾਜਾਂ ਮਾਰੀਆਂ। ਪਰ ਮਹਿਲ ਦੀਆਂ ਉੱਚੀਆਂ ਦੀਵਾਰਾਂ ਨਾਲ ਟੱਕਰਾ ਕੇ ਉਹ ਵਾਜਾਂ ਵਾਪਸ ਮੁੜ ਆਉਂਦੀਆਂ। ਮੈਥਲੀਸ਼ਰਨ ਗੁਪਤ ਨੇ ਪਹਿਲੀ ਵਾਰ, ਯਸ਼ੋਧਰਾ ਦੇ ਦਰਦ ਨੂੰ ਹਿਰਦੇ ਤੇ ਮਹਿਸੂਸ ਕੀਤਾ.... ਨਾਰੀ ਪੀੜਾ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ।

"ਨਾਰੀ ਜੀਵਨ ਹਾਇ ਤੁਮ੍ਹਾਰੀ ਯਹੀ ਕਹਾਨੀ।
ਆਂਚਲ ਮੇਂ ਹੈ ਦੂਧ ਔਰ ਆਂਖੋਂ ਮੇਂ ਪਾਨੀ"।

ਹੇ ਔਰਤ, ਤੇਰੇ ਕੋਲ ਸਿਰਜਨ ਲਈ ਕੁੱਖ ਹੈ, ਪਾਲਨ ਲਈ ਦੁੱਧ ਹੈ, ਪਰ ਤੂੰ ਸੰਘਾਰ ਸ਼ਕਤੀ ਨਾ ਮੰਗੀ ਵਰਨਾ ਬ੍ਰਹਮਾ, ਵਿਸ਼ਨੂੰ, ਮਹੇਸ਼ ਤਿੰਨੇ ਤੇਰੇ ਚੋਂ ਪ੍ਰਗਟ ਹੁੰਦੇ।

ਸੰਨ 1933 ਵਿਚ "ਯਸ਼ੋਧਰਾ" ਦੇ ਲੋਕਾਰਪਣ ਦੇ ਅਵਸਰ ਤੇ, ਪੱਤਰਕਾਰਾਂ ਨੇ ਪੁਛਿਆ, 22 ਸੌ ਸਾਲਾਂ ਤੋਂ ਸਮੇਂ ਦੀ ਚਾਦਰ ਹੇਠ ਦਬੀ ਹੋਈ–"ਯਸ਼ੋਧਰਾ" ਨੂੰ ਪ੍ਰਗਟ ਕਰਨ ਦਾ ਖਿਆਲ ਕਿਵੇਂ ਆਇਆ? ਤਾਂ ਸ੍ਰੀ ਮੈਥਲੀਸ਼ਰਨ ਗੁਪਤ ਨੇ ਤਤਖਿਣ ਦੋ ਪੰਗਤੀਆਂ ਰਚੀਆਂ ਔਰ ਸੁਣਾਈਆਂ–

"ਰਿਣੀ ਹੂੰ ਗੁਰੂਵਰ ਕਾ ਜਿਸ ਨੇ ਨਾਰੀ ਕੋ ਸਨਮਾਨ ਦੀਆ।
ਜੀਨੇ ਕਾ ਅਧਿਕਾਰ ਦੀਆ, ਅਬਲਾ ਕੋ ਅਭਿਮਾਨ ਦੀਆ।"

ਪਹਿਲੀ ਪੰਗਤੀ ਵਿਚ ਵਰਤਿਆ ਸ਼ਰਧਾ ਪੂਰਨ ਸ਼ਬਦ, "ਗੁਰੂਵਰ", ਗੁਰੂ ਰਾਮ ਸਿੰਘ ਲਈ ਹੈ।

15 ਸਿਤੰਬਰ ਸੰਨ 1971! ਅੱਜ ਅੰਮ੍ਰਿਤਸਰ ਬੁਚੜ ਬੱਧ ਕਾਂਡ ਦੇ ਸਿਲਸਿਲੇ ਵਿਚ ਚਾਰ ਕੂਕੇ ਕ੍ਰਾਂਤੀਵੀਰਾਂ ਨੂੰ ਫ਼ਾਂਸੀ ਤੇ ਲਟਕਾਉਣਾ ਸੀ। ਇਸ ਦਿਨ ਪਹਿਲਾਂ, ਇਕ ਮੈਜਿਸਟਰੇਟ ਆਇਆ ਸੀ, "ਤੁਹਾਡੀ ਕੋਈ ਅੰਤਿਮ ਇੱਛਾ ਹੋਵੇ ਤਾਂ ਕਾਨੂੰਨ ਦੇ ਦਾਇਰੇ ਵਿਚ ਪੂਰਿਆਂ ਕਰਾਂਗੇ। ਸਿੰਘਾਂ ਨੇ ਕਿਹਾ, ਆਜ਼ਾਦੀ ਸਾਡੀ ਇੱਛਾ ਹੈ... ਭਾਰਤ ਦੇਸ਼ ਆਜ਼ਾਦ ਹੋਵੇ। ਉਹ ਤਾਂ ਤੁਸੀਂ ਦੇਣਾ ਨਹੀਂ। ਕਲ ਤੜਕੇ ਅਸੀਂ ਇਸ਼ਨਾਨ ਸਣੇ ਕੇਸੀ ਕਰ ਕੇ, ਸੁੱਚੇ ਵਸਤਰ ਪਾ ਕੇ ਕੀਰਤਨ ਕਰਦਿਆਂ ਆਵਾਂਗੇ। ਗੁਰੂ-ਮਰਿਆਦਾ ਅਨੁਸਾਰ ਚਮੜੇ ਦੇ ਰੱਸਿਆਂ ਦੀ ਥਾਂ, ਰੇਸ਼ਮ ਦੀ ਡੋਰ ਗੱਲ ਪਾ ਝੂਲ ਜਾਵਾਂਗੇ।

ਅੰਤਿਮ ਇੱਛਾ ਮੰਨੀ ਗਈ 15 ਸਿਤੰਬਰ ਤੜਕੇ 4 ਵਜੇ ਫਾਂਸੀ ਦਾ ਵਕਤ ਮੁਕੱਰਰ ਸੀ। ਅੱਜ ਚਾਰ ਗੁਰੂ ਦੇ ਲਾਡਲੇ ਮੌਤ ਨਾਲ ਗਲਵਕੜੀ ਪਾਉਣ ਲਈ ਤਿਆਰ ਸਨ। ਸ੍ਰ. ਬੀਹਲਾ ਸਿੰਘ, ਸ੍ਰ. ਲਹਿਣਾ ਸਿੰਘ, ਸ੍ਰ. ਹਾਕਮ ਸਿੰਘ, ਸ੍ਰ. ਫਤਹਿ

ਸਿੰਘ। ਇਹਨਾਂ ਚੋਂ ਸ੍ਰ. ਹਾਕਮ ਸਿੰਘ ਦਾ ਅਜੇ ਕੁਝ ਮਹੀਨੇ ਪਹਿਲਾਂ ਹੀ ਅਨੰਦ ਕਾਰਜ ਹੋਇਆ ਸੀ। ਪਿਤਾ ਚਾਰ ਸਾਲ ਪਹਿਲਾਂ ਹੀ ਚੜ੍ਹਾਈ ਕਰ ਗਏ ਸਨ। ਮਾਤਾ ਰਣਜੀਤ ਕੌਰ ਵਿਧਵਾ ਸੀ। ਅੱਜ ਨੂੰਹ ਨੇ ਭੀ ਵਿਧਵਾ ਹੋ ਜਾਣੈ। ਧੰਨ ਗੁਰੂ ਦੇ ਸਿੱਖ, ਧੰਨ ਗੁਰੂ ਦੀਆਂ ਸਿਖਣੀਆਂ। ਪਰਿਵਾਰ ਜਨ ਨਾਲ ਮਿਲਣ ਦਾ ਸਮਾਂ 14 ਤਰੀਖ ਸ਼ਾਮ ਦਾ ਤੈਅ ਸੀ। ਹਾਕਮ ਸਿੰਘ ਦੀ ਘਰ ਵਾਲੀ ਕਹਿੰਦੀ ਹੈ, "ਮੇਰੇ ਮੀਤ, ਤੁਹਾਡੀ ਪ੍ਰੀਤ ਦੇਸ਼-ਧਰਮ ਨਾਲ ਹੈ, ਮੇਰੀ ਪ੍ਰੀਤ ਤੁਹਾਡੇ ਨਾਲ ਹੈ। ਤੁਸੀਂ ਆਪਣੀ ਪ੍ਰੀਤ ਨਿਭਾ ਚੱਲੇ ਹੋ... ਮੈਂ ਆਪਣੀ ਪ੍ਰੀਤ ਨਿਭਾਵਾਂਗੀ। ਸਾਡੀ ਪ੍ਰੀਤ ਸੱਚੀ ਹੋਈ ਤਾਂ ਅਗਲੇ ਜਨਮ, ਫਿਰ ਮਿਲਾਂਗੇ।" ਮਿੱਥੇ ਹੋਏ ਸਮੇਂ ਤੇ, ਚਾਰੇ ਅਗਨੀਵੀਰ ਫਾਂਸੀ ਤੇ ਝੂਲ ਗਏ। ਹਾਕਮ ਸਿੰਘ ਦੀ ਮਾਤਾ ਨੇ ਸਸਕਾਰ ਕਰਨਾ ਚਾਹਿਆ, ਪਰ ਹਕੂਮਤ ਦੇ ਡਰ ਵਜੋਂ ਕਿਸੇ ਸਸਕਾਰ ਲਈ ਲੱਕੜ ਬਾਲਨ ਨਹੀਂ ਦਿੱਤਾ। ਪਿੰਡ ਜਾ ਕੇ ਗੱਡਾ ਭਰ ਲੱਕੜਾਂ ਦਾ ਲਿਆ ਚਾਰੇ ਪੁਤਰਾਂ ਦਾ ਸਸਕਾਰ ਕੀਤਾ। ਕਹਿੰਦੀ—ਇਹ ਚਾਰੇ ਮੇਰੇ ਪੁੱਤ ਹਨ।

15 ਜਨਵਰੀ 1872! ਸ੍ਰ. ਹੀਰਾ ਸਿੰਘ ਅਤੇ ਸ੍ਰ. ਲਹਿਣਾ ਸਿੰਘ ਦੀ ਅਗਵਾਈ ਵਿਚ ਨਾਮਧਾਰੀ ਜੱਥੇ ਨੇ ਮਲੇਰਕੋਟਲੇ ਕੌਤਵਾਲੀ ਤੇ ਹਮਲਾ ਕੀਤਾ। ਥਾਣੇ ਦੀ ਗਾਰਦ ਨੂੰ ਭੀ ਸੂਚਨਾ, ਹਮਲੇ ਦੀ ਮਿਲ ਚੁਕੀ ਸੀ। ਪੂਰੀ ਤਿਆਰੀ ਨਾਲ ਖ਼ੂਨੀ ਟਾਕਰਾ ਹੋਇਆ। ਕੌਤਵਾਲ, ਸਮੁੰਦ ਖਾਂ, ਅਤੇ ਸ੍ਰ. ਹੀਰਾ ਸਿੰਘ ਆਮ੍ਹੋ-ਸਾਮ੍ਹਣੇ ਹੋਏ। ਹੀਰਾ ਸਿੰਘ ਨੇ ਕਿਹਾ, ਸਮੁੰਦ ਖਾਂ! ਕਿਤੇ ਤੈਨੂੰ ਪਛਤਾਵਾ ਨਾ ਰਹਿ ਜਾਏ, ਪਹਿਲਾਂ ਵਾਰ ਤੂੰ ਕਰ। ਸਮੁੰਦ ਖਾਂ ਨੇ ਪੂਰੀ ਫ਼ੁਰਤੀ ਨਾਲ ਜ਼ੋਰਦਾਰ ਤਲਵਾਰ ਦਾ ਵਾਰ ਕੀਤਾ। ਢਾਲ ਤੋਂ ਬਗੈਰ ਜੂਝਣ ਵਾਲੇ ਸ੍ਰ. ਹੀਰਾ ਸਿੰਘ ਨੇ ਫ਼ੁਰਤੀ ਨਾਲ ਵਾਰ ਨੂੰ ਰੋਕਣ ਲਈ ਖੱਬਾ ਹੱਥ ਅੱਗੇ ਕੀਤਾ... ਹੱਥ ਗੁੱਟ ਤੋਂ ਵੱਢਿਆ ਗਿਆ। ਦੂਜੇ ਖਿਨ ਜਵਾਨ ਹੀਰਾ ਸਿੰਘ ਨੇ ਇਕੋ ਵਾਰ ਨਾਲ ਸਮੁੰਦ ਖਾਨ ਦਾ ਸੀਸ, ਧੜ ਤੋਂ ਵੱਖ ਕਰ ਦਿੱਤਾ। ਮੁਕਾਬਲਾ ਗਹਿਗੱਚ ਹੋਇਆ। ਦੋਹਾਂ ਪਾਸਿਉਂ ਕੁਝ ਮਰੇ, ਕੁਝ ਜ਼ਖ਼ਮੀ ਹੋਏ। ਸਿੱਖਾਂ ਦਾ ਜੱਥਾ ਉਥੋਂ, ਵਾਹੋਦਾਹੀ, ਰੜ੍ਹ ਪਿੰਡ ਪੁੱਜਾ। ਸ੍ਰ. ਹੀਰਾ ਸਿੰਘ ਨੇ ਇਥੇ ਤੇਲ ਗਰਮ ਕਰ ਕੇ, ਵੱਢਿਆ ਹੋਇਆ ਖੱਬਾ ਗੁਟ ਤਲਿਆ ਅਤੇ ਐਲਾਨ ਕੀਤਾ, ਸਾਨੂੰ ਬਸ ਇੰਨਾ ਹੀ ਹੁਕਮ ਸੀ। ਅਸੀਂ ਹੁਣ ਗ੍ਰਿਫ਼ਤਾਰੀ ਦੇ ਕੇ ਸ਼ਹਾਦਤ ਪਾਉਣੀ ਹੈ... ਜਿਹੜਾ ਜਾਣਾ ਚਾਹੇ ਇਥੋਂ ਨਿਕਲ ਜਾਏ, ਘਰ ਨੂੰ। ਦੋਹਾਂ ਬੀਬੀਆਂ, ਬੀਬੀ ਇੰਦ ਕੌਰ ਤੇ ਬੀਬੀ ਖੇਮ ਕੌਰ ਨੂੰ ਬਾਕਾਇਦਾ ਹੁਕਮ ਦੇ ਕੇ ਉਥੋਂ ਵਾਪਸ ਭੇਜਿਆ... ਅਸੀਂ ਗੁਰੂ ਰਾਮ ਸਿੰਘ ਦੇ ਸਿੱਖ ਹਾਂ, ਔਰਤ ਦੀ ਬੇਪੱਤੀ ਨਹੀਂ ਵੇਖ ਸਕਦੇ।

17 ਅਤੇ 18 ਜਨਵਰੀ 1872 ਨੂੰ ਮਲੇਰਕੋਟਲੇ ਤੋਪਾਂ ਨਾਲ ਕੀਤੇ ਗਏ "ਕੂਕਾ ਸੰਘਾਰ" ਨੂੰ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ, ਡਿਪਟੀ ਕਮਿਸ਼ਨਰ ਮਿ. ਕਾਵਨ ਅਤੇ ਪੁਲਿਸ ਕਪਤਾਨ, ਮਿ. ਪਰਕਿਸ ਸਹਿਤ, ਬ੍ਰਿਟਿਸ਼ ਹਕੂਮਤ ਦੇ ਆਲ੍ਹਾ ਅਧਿਕਾਰੀਆਂ ਨੇ ਬਹੁਤ ਕੋਸ਼ਿਸ਼ ਕੀਤੀ, ਕਿ ਕੋਈ ਭੀ ਮੌਤ ਤੋਂ ਡਰ ਜਾਏ, ਮਾਫ਼ੀ ਮੰਗੇ, ਅਸੀਂ ਸਰਕਾਰੀ ਰਿਕਾਰਡ ਵਿਚ, ਉਸ ਦੀ ਜਾਨ ਬਖਸ਼ੀ ਕਰ ਕੇ ਵਾਇਦਾ ਮਾਫ਼ ਗਵਾਹ ਦੇ ਬਤੌਰ ਪੇਸ਼ ਕਰ ਸਕੀਏ। ਪਰ 66 "ਅਗਨੀਵੀਰ" ਅਗਨ ਦੀ ਤੇਜ ਵਾਲੇ

ਨਾਮਧਾਰੀ ਸ਼ਹੀਦ ਹੋ ਗਏ... ਇਕ ਭੀ ਮੌਤ ਤੋਂ ਨਾ ਡਰਿਆ। ਮੱਧਰੇ ਕਦ ਦਾ ਬਹਾਨਾ ਲਾ ਕੇ ਵਰਿਆਮ ਸਿੰਘ ਨੂੰ, ਛੋਟੀ ਉਮਰ ਦਾ ਹਵਾਲਾ ਦੇ ਕੇ 12 ਵਰ੍ਹੇ ਦੇ ਬਿਸ਼ਨ ਸਿੰਘ ਨੂੰ, ਮਾਮੇ ਸੁਹੇਲ ਸਿੰਘ ਦੀ ਪਿੱਠ ਤੇ ਚੜ੍ਹ ਸ਼ਹੀਦ ਹੋਣ ਵਾਲੇ 7 ਵਰ੍ਹੇ ਦੇ ਬਾਲਕ ਹਰਨਾਮ ਸਿੰਘ ਨੂੰ, ਜਾਨ ਬਖਸ਼ੀ ਦੀ ਪੇਸ਼ਕਸ਼ ਕੀਤੀ, ਪਰ ਕੋਈ ਵੀ ਆਪਣੇ "ਇਰਾਦਾ-ਏ-ਸ਼ਹਾਦਤ" ਤੋਂ ਪਿੱਛੇ ਨਾ ਹੱਟਿਆ। ਦੀਵੇ-ਪਿੰਡ ਦਾ ਸ਼ੇਰ ਸਿੰਘ ਕੁਲ 22 ਵਰ੍ਹੇ ਦੀ ਉਮਰ। ਘਰ ਵਾਲੀ, ਧਨ ਕੌਰ, 6 ਮਹੀਨਿਆਂ ਦੇ ਬਾਲ ਨੂੰ ਲੈ ਮਿਲਣ ਆਈ। ਕਾਵਨ ਨੇ ਤੋਪਚੀ ਨੂੰ ਕਿਹਾ, ਇਸ ਦਾ ਬੱਚਾ ਛੋਟਾ, ਪਿਆਰਾ ਜਿਹਾ ਹੈ... ਇਸ ਨੂੰ ਪੁੱਛੋ, ਜੇ ਜ਼ਿੰਦਗੀ ਲੋੜਦਾ ਹੈ ਤਾਂ ਮਾਫ਼ ਕਰ ਦਿੰਦੇ ਹਾਂ। ਬੀਬੀ ਦੇ ਹੱਥੋਂ, ਸ਼ੇਰ ਸਿੰਘ ਨੇ ਬਾਲਕ ਹੱਥਾਂ ਵਿਚ ਲਿਆ, ਮੱਥਾ ਚੁੰਮਿਆ, ਵਾਪਸ ਘਰ ਵਾਲੀ ਨੂੰ ਫੜਾਇਆ, "ਗੁਰੂ ਰਾਮ ਸਿੰਘ, ਇਸ ਦਾ ਰਾਖਾ" ਕਹਿਆ ਔਰ ਤੋਪਚੀ ਨੂੰ ਗੋਲਾ ਦਾਗਣ ਦਾ ਇਸ਼ਾਰਾ ਕੀਤਾ— ਚਲਾਓ ਤੋਪ!

"ਚੀਨੀ ਵਾਲਿਆ ਤੇਰੇ ਸਕੂਲ ਅੰਦਰ, ਸੁਣਿਐ ਕਿ ਲਗਦੀ ਫੀਸ ਕੋਈ ਨਾ।
ਝਾਤ ਮਾਰ ਜੋ ਵੇਖਿਆ ਜਮਾਤ ਅੰਦਰ, ਪੜ੍ਹਨ ਵਾਲਿਆਂ ਦੇ ਧੜ ਤੇ ਸੀਸ ਕੋਈ ਨਾ।"

ਵੇਲੇ ਦੇ ਤਥਾਕਥਿਤ ਸਿਆਣੇ ਸਿੱਖਾਂ ਨੇ ਹਕੂਮਤ ਦਾ ਸ਼ਤਰੰਜੀ ਮੋਹਰਾ ਬਣ ਕੇ, ਸਰਦਾਰੀਆਂ, ਰਾਇਬਹਾਦਰੀਆਂ, ਨਵਾਬੀਆਂ, ਪੈਂਸ਼ਨਾਂ ਲਵਾਈਆਂ। ਨਾਮਧਾਰੀਆਂ, ਦੇਸ਼-ਧਰਮ ਦਾ ਪੈਗ਼ਾਮ ਸਿਰ ਤੇ ਧਾਰਨ ਕੀਤਾ, ਫ਼ਕੀਰੀ ਪਰਵਾਨ ਕੀਤੀ। ਸਮਾਂ ਲੰਘ ਗਿਆ। ਧਨ ਲਈ ਧਰਮ ਨੂੰ ਪਿੱਠ ਦੇਣ ਵਾਲੇ, ਸ਼ਰਾਬ ਤੇ ਸ਼ਬਾਬ ਦੇ ਨਸ਼ਿਆਂ ਵਿਚ ਡੁੱਬ ਮਰੇ। ਨਾਲ 1857 ਦੇ ਸਿਪਾਹੀ ਵਿਦਰੋਹ ਨੂੰ ਕੁਚਲਣ ਲਈ ਤੋਪਾਂ ਫ਼ੌਜਾਂ ਨਾਲ ਬ੍ਰਿਟਿਸ਼ ਹਕੂਮਤ ਦੀ ਸਹਾਇਤਾ ਕਰ, ਆਪਣੇ ਹੀ ਦੇਸ਼ਵਾਸੀਆਂ ਦਾ ਕਤਲ-ਏ-ਆਮ ਕਰਵਾਉਣ ਦਾ ਕਲੰਕ ਲਵਾ ਬੈਠੇ। ਮਜੀਠਾ ਮਹਾਰਾਜ, ਜਲ੍ਹਿਆਂ ਵਾਲਾ ਬਾਗ਼ ਦੇ ਹਤਿਆਰੇ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਤ ਕਰਨ ਦਾ ਅਤੇ "ਸ਼ੁਕਰਾਨਾ-ਸਮਾਗਮ" ਕਰਨ ਦਾ ਕਲੰਕ ਲੈ ਕੇ ਮਰੇ। ਨਾਮਧਾਰੀ ਸੂਰਵੀਰਾਂ ਦੇ ਅੱਜ ਵੀ ਨਿਸ਼ਾਨ ਝੂਲਦੇ ਨੇ। ਸੁਲਤਾਨ ਬਾਹੂ ਕਹਿੰਦੈ, ਉਹਨਾਂ "ਅਗਨੀ ਵੀਰਾਂ" ਦੀਆਂ ਕਬਰਾਂ ਭੀ ਜੀਵਦੀਆਂ ਹਨ—

"ਲੱਖ ਹਜਾਰ ਕਿਤਾਬਾਂ ਪੜ੍ਹ ਕੇ ਦਾਨਿਸ਼ਮੰਦ ਸਦੀਵੇਂ ਹੂ ॥
ਨਾਮ ਫਕੀਰ ਤਿਹਾਂ ਦਾ ਬਾਹੂ, ਕਬਰ ਜਿਨ੍ਹਾਂ ਦੀ ਜੀਵੇ ਹੂ ॥"

7
ਬਿਘਨ ਨ ਕੋਊ ਲਾਗਤਾ

ਅਰਦਾਸ ਦਾ ਅਰਥ ਹੈ, ਮੇਰੇ ਸਤਿਗੁਰ, ਮੈਂ ਹਾਰ ਗਿਆ। ਸਾਰੀਆਂ ਆਸ਼ਾਵਾਂ, ਸਾਰੇ ਆਸਰੇ ਢਹਿ ਗਏ।

"ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ (ਸਿਰੀ ਰਾਗ ਮਹਲਾ 5)

ਪ੍ਰਕ੍ਰਿਤੀ ਦਾ ਬਹੁਤ ਵੱਡਾ ਰਹੱਸ ਛੁਪਿਆ ਹੋਇਆ ਹੈ, ਇਸ ਗੁਰਬਾਣੀ ਵਿਚ। ਸਰੀਰ ਦੇ ਅੰਦਰ ਭੀ, ਬਾਹਰ ਭੀ, ਕੁਦਰਤ ਦਾ ਕਾਨੂੰਨ ਵਰਤ ਰਿਹੈ। ਸਾਡੇ ਸਾਰੇ ਦੁਖ-ਸੁਖ ਕੁਦਰਤ ਦੇ ਮਿੱਥੇ ਹੋਏ ਵਿਧਾਨ ਅੰਦਰ ਵਰਤ ਰਹੇ ਹਨ। ਇਹ ਵਿਧਾਨ, ਇਕ ਤੰਤਰ ਹੈ। ਸਾਡੇ ਕੀਤੇ ਹੋਏ ਸਾਰੇ ਕਰਮ, ਪੂਰਬਲੇ ਜਨਮਾਂ ਦੇ ਭੀ ਅਤੇ ਹੁਣ ਭੀ ਕੀਤੇ ਜਾ ਰਹੇ ਸਾਰੇ ਮਾੜੇ ਚੰਗੇ ਕਰਮ, ਇਸ ਤੰਤਰ-ਵਿਧਾਨ ਅੰਦਰ ਹਰ ਖਿਨ, ਦਰਜ ਹੋ ਰਹੇ ਹਨ। ਉਨ੍ਹਾਂ ਕੀਤੇ ਕਰਮਾਂ ਅਨੁਸਾਰ, ਭਾਗ-ਲਕੀਰਾਂ ਬਣ ਰਹੀਆਂ ਹਨ। ਦੁਖ, ਸੁਖ, ਪਰਿਵਾਰ, ਇਕੱਤਰ ਹੋ ਰਹੇ ਹਨ। ਪੰਜਵੇਂ ਪਾਤਸ਼ਾਹ ਇਸ ਰਹੱਸ ਨੂੰ ਖੋਲ੍ਹਦੇ ਹਨ—

"ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥"

ਕਿਰਤ ਅਰਥਾਤ ਕੀਤੇ ਹੋਏ ਕਰਮਾਂ ਦੇ ਸੰਜੋਗ ਨਾਲ ਪਰਿਵਾਰ, ਕੁਟੰਬ, ਸੱਜਣ, ਦੁਸ਼ਮਨ ਇਕੱਤਰ ਹੋ ਰਹੇ ਹਨ। ਚੰਗੇ ਕਰਮਾਂ ਦੇ ਪ੍ਰਤੀਫਲ ਵਜੋਂ ਕੁਝ ਸੁਖ ਦੇ ਰਹੇ ਹਨ ਅਤੇ ਮਾੜੇ ਕਰਮਾਂ ਵਜੋਂ ਕੁਝ ਸਾਨੂੰ ਕਸ਼ਟ ਕਲੇਸ਼ ਦੇ ਰਹੇ ਹਨ। ਇਹ ਕਰਮ ਫਲ ਭੋਗਣਾ, ਸਾਡੇ ਭਾਗਾਂ ਦੀ ਨਿਯਤੀ ਹੈ। ਪਰ ਪੰਜਵੇਂ ਪਾਤਸ਼ਾਹ, ਬਿਲਾਵਲ ਰਾਗ ਦੇ ਸ਼ਬਦ ਵਿੱਚ, ਕੁਦਰਤ ਦੇ ਵਿਧਾਨ ਤੰਤਰ ਦੀ ਕਾਟ ਲਈ, ਮੰਤਰ ਦਿੰਦੇ ਹਨ—

"ਬਿਘਨੁ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ ॥
ਰਖਵਾਲਾ ਗੋਬਿੰਦ ਰਾਇ, ਭਗਤਨ ਕੀ ਰਾਸਿ ॥

ਆਪਣੇ ਗੁਰੂ ਤੇ ਡੋਰਾਂ ਸੁੱਟ ਦੇਣੀਆਂ। ਸਾਰੀਆਂ ਆਸਾਂ ਹਥੋਂ ਖਿਸਕ ਜਾਣ, ਬਸ ਇਕ ਆਸ ਗੁਰੂ ਤੇ ਰਹਿ ਜਾਇ—ਏਕ ਆਸ ਰਾਖਹੁ ਮਨ ਮਾਹਿ ॥

ਸਰਬ ਰੋਗ ਨਾਨਕ ਮਿਟਿ ਜਾਹਿ ॥ (ਸੁਖਮਨੀ)

ਰੋਗ, ਮਨ ਦਾ ਹੋਵੇ, ਤਨ ਦਾ ਹੋਵੇ ਜਾਂ ਕੋਈ ਕੁਦਰਤ ਦੀ ਆਪਦਾ... ਆਧਿ, ਬਿਆਧਿ, ਉਪਾਧਿ...

"ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ"

ਸਾਰਿਆਂ ਦੁਖਾਂ, ਸਾਰਿਆਂ ਕਸ਼ਟਾਂ ਦਾ ਨਾਸ਼ ਕਰਨ ਵਾਲਾ ਸਤਿਗੁਰ।

ਸ਼ਰਤ ਇਕੋ ਹੈ, ਸੰਸਾਰਕ ਸਹਾਰਾ ਕੋਈ ਨਾ ਰਹੇ। ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਬਿਘਨ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ॥"

ਬਿਜਲੀ ਕਰੰਟ ਦਾ ਇਕ ਵਿਧਾਨ ਹੈ, ਅਰਥਿੰਗ ਦਾ।

ਜੇ ਸਰੀਰ ਨੂੰ ਕਿਸੇ ਤਰ੍ਹਾਂ ਅਰਥ ਦੀ ਛੋਹ ਹੈ ਤਾਂ ਕਰੰਟ ਲੱਗੇਗਾ। ਜੇ ਅਰਥ ਨਾ ਮਿਲੇ, ਤਾਂ ਬਿਜਲੀ ਦਾ ਕਰੰਟ ਸਰੀਰ ਚੋਂ ਪ੍ਰਵਾਹਿਤ ਹੋ ਕੇ ਲੰਘ ਜਾਇਗਾ, ਕਰੰਟ ਨਹੀਂ ਮਾਰੇਗਾ।

ਭਗਵਾਨ ਸ੍ਰੀ ਕ੍ਰਿਸ਼ਨ, ਅਰਜੁਨ ਨੂੰ ਮੰਤਰ ਦਿੰਦੇ ਹਨ—ਮਨੁੱਖ ਦੀ ਦੇਹ ਅਤੇ ਆਤਮਾ, ਦੋ ਵਜੂਦ ਹਨ। ਜੇ ਆਤਮਾ ਦੇ ਤਲ ਤੇ ਜੀਵਨ ਜੀਵਿਆ ਜਾਏ, ਦੇਹ ਨੂੰ ਵੱਖ ਕਰ ਲਿਆ ਜਾਏ, ਤਾਂ ਕੋਈ ਦੁਖ-ਦਰਦ ਨਹੀਂ ਰਹਿ ਜਾਂਦਾ। ਦੁਨੀਆਂ ਦੇਹ ਆਤਮਾ, ਇਕੱਠੇ ਰਖ ਕੇ ਜੀਵਨ ਭੋਗਦੇ ਹਨ, ਤਾਂ ਹੀ ਦੁਖਾਂ ਨੂੰ ਭੋਗਦੇ ਹਨ।

"ਅਵਿਭਕਤੰ ਚ ਭੂਤੇਸੁ ਵਿਭਗਤੰ ਐਵ ਚ ਸਥਿਤਮ" (ਗੀਤਾ 13:16)

ਸਾਰਾ ਦੁਖ, ਕਲੇਸ਼ ਦੇਹ ਤੇ ਪ੍ਰਭਾਅ ਪਾਉਂਦਾ ਹੈ, ਦੇਹ ਨੂੰ ਵੱਖ ਕਰ ਕੇ ਆਤਮਾ ਤਲ ਤੋਂ ਅਰਦਾਸ, ਧੁਰ ਦਰਗਾਹ ਤਕ, ਸਤਿਗੁਰ ਤਕ ਪੁੱਜਦੀ ਹੈ।

ਮਹਾਂਭਾਰਤ ਕਾਲ ਵਿਚ, ਦੁਆਪੁਰ ਯੁਗ ਵਿਚ, ਦ੍ਰੋਪਤੀ ਨੂੰ ਪੰਜ ਮਹਾਂਬਲੀ ਪਤੀਆਂ ਤੇ ਭਰੋਸਾ ਸੀ... ਦਾਦਾ ਭੀਸ਼ਮ ਪਿਤਾਮਹ, ਦ੍ਰੋਣ ਆਚਾਰਿਆ, ਕ੍ਰਿਪਾ ਚਾਰਿਆ ਤੇ ਭਰੋਸਾ ਸੀ, ਹਸਤਿਨਾਪੁਰ ਦੀ ਕੁਲ ਬਹੂ ਨੂੰ ਬੇਪੱਤ ਨਹੀਂ ਹੋਣ ਦੇਣਗੇ। ਦੁਸ਼ਾਸ਼ਨ ਜਦੋਂ ਸਾੜ੍ਹੀ ਦਾ ਪੱਲੂ ਖਿੱਚਣ ਲੱਗਾ... ਇਕ-ਇਕ ਪਰਤ ਸਾੜ੍ਹੀ ਲੱਥਣ ਲੱਗੀ, ਇਕ-ਇਕ ਕਰ ਕੇ ਸਾਰਿਆਂ ਵੱਲ ਆਸ ਭਰੇ ਨੇਤਰ ਫੇਰੇ... ਸਾਰੇ ਥੱਲੇ ਸਿਰ ਕਰ ਕੇ, ਨੀਵੀਂ ਪਾਇ ਬੈਠੇ ਬੇਵੱਸ ਦਿੱਸੇ ਤਾਂ ਹਿਰਦਾ ਚਿਤਕਾਰ ਉਠਿਆ—ਭਾਈ ਗੁਰਦਾਸ ਜੀ, ਗੁਰਬਾਣੀ ਵਿਚ ਲਿਖਦੇ ਹਨ—

"ਅਖੀਂ ਮੀਟ ਧਿਆਨ ਧਰ, ਹਾ ਹਾ ਕ੍ਰਿਸ਼ਨ ਕਰੇ ਬਿਲਲਾਂਦੀ"

ਉਸ ਖਿਨ, ਹਿਰਦੇ ਦਾ ਮੌਨ ਚਿਤਕਾਰ, ਅਰਦਾਸ ਬਣ ਗਿਆ ਅਤੇ ਪਰਮੇਸ਼ਰ ਪ੍ਰਗਟ ਹੋ ਗਏ, ਰਖਿਆ ਕੀਤੀ।

ਸਲੋਕ ਸਹਸਕ੍ਰਿਤੀ ਵਿਚ, ਪੰਜਵੇਂ ਪਾਤਸ਼ਾਹ, ਇਕ ਪ੍ਰਸੰਗ ਲਿਖਦੇ ਹਨ—

ਜੰਗਲ ਵਿਚ, ਅਲਮਸਤ ਵਿੱਚਰਦੀ ਇਕ ਹਿਰਣੀ ਨੂੰ ਨਿਸ਼ਾਨਾ ਲਾ ਕੇ, ਸ਼ਿਕਾਰੀ ਨੇ ਤੀਰ ਮਾਰਿਆ। ਨਿਸ਼ਾਨੇ ਤੇ ਆਉਂਦਾ ਤੀਰ ਭੋਲੀ ਹਿਰਣੀ ਨੇ ਵੇਖ ਲਿਆ। ਬਸ ਇਕ ਖਿਨ ਦਾ ਸਮਾਂ ਰਹਿ ਗਿਆ। ਤੀਰ, ਹਿੱਕ ਵਿਚ ਖੁੱਭ ਜਾਣੈ ਔਰ ਮੌਤ.... ਮੇਰੇ ਬੱਚੇ ਰੁੱਲ ਜਾਣੇ। ਉਸ ਅਣਬੋਲਿਆਂ ਦੀ ਅਰਦਾਸ ਪਹੁੰਚ ਗਈ, ਦਰਗਾਹ ਵਿਚ। ਪ੍ਰਭੂ ਨੇ ਰਖਿਆ ਕੀਤੀ—

"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ ਆਵਧਹ॥
ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦਤੇ॥" (1354)

ਅਰਦਾਸ ਥਾਂਇ ਪੈ ਗਈ। ਸਤਿਗੁਰ ਕਹਿੰਦੇ ਜਿਸ ਦੀ ਪਰਮੇਸ਼ਰ ਰੱਖੇ, ਉਸ ਦਾ ਇਕ ਰੋਮ ਨਹੀਂ ਕੋਈ ਵਿੰਨ੍ਹ ਸਕਦਾ।

"ਰਖਵਾਲਾ ਗੋਬਿੰਦ ਰਾਇ, ਭਗਤਨ ਕੀ ਰਾਸਿ ॥"

ਦਸਮ ਪਾਤਸ਼ਾਹ ਦਾ ਸਮਾਂ ਸੀ। ਸੰਨ 1701 ਦਾ ਸਮਾਂ! ਦਿੱਲੀ ਸਰਹਿੰਦ ਅਤੇ ਲਾਹੌਰ ਦੀ ਸ਼ਾਹੀ ਫ਼ੌਜਾਂ ਦੇ ਨਾਲ ਨਾਲ ਪਹਾੜੀ ਰਾਜਿਆਂ ਨਾਲ ਭੀ ਝੜਪਾਂ ਹੋ ਰਹੀਆਂ ਸਨ। ਸਤਿਗੁਰ ਜੀ ਦੇ ਹੁਕਮਨਾਮੇ, ਦੂਰ ਦੂਰ ਤਕ ਸਿੱਘ ਸੰਗਤਾਂ ਤਕ ਭੇਜੇ ਗਏ ਸਨ। ਜਿਹੜਾ ਸਿੱਖ, ਘੋੜੇ ਸ਼ਸਤਰ ਭੇਟ ਕਰੇਗਾ, ਉਸ ਨੂੰ ਗੁਰੂ ਦੀਆਂ ਖੁਸ਼ੀਆਂ।

ਪੂਰਬ ਦੇਸ਼ ਤੋਂ ਚਲ ਕੇ, ਗੁਰੂ ਦਾ ਪ੍ਰੇਮੀ ਸਿੱਖ, ਲਾਲ ਸਿੰਘ ਬਹੁਤ ਸ਼ਰਧਾ ਅਤੇ ਲਗਨ ਨਾਲ ਸਤਿਗੁਰਾਂ ਲਈ, ਇਕ ਢਾਲ ਬਣਾ ਕੇ ਲਿਆਇਆ। ਲੋਹਾ, ਤਾਂਬਾ, ਪਿੱਤਲ ਨੂੰ ਢਾਲ ਕੇ ਮਜ਼ਬੂਤ ਢਾਲ ਬਣਾਈ, ਉਪਰ ਗੇਂਡੇ ਦੀ ਮੋਟੀ ਚਮੜੀ ਨੂੰ ਸੋਧ ਕੇ ਚੜ੍ਹਾਇਆ। ਸਿੱਖ ਨੂੰ ਭਰੋਸਾ ਸੀ, ਕਿ ਇਸ ਢਾਲ ਨੂੰ ਦੁਨੀਆਂ ਦੀ ਕੋਈ ਤਲਵਾਰ, ਤੀਰ, ਬੰਦੂਕ ਦੀ ਗੋਲੀ ਵਿੰਨ੍ਹ ਨਹੀਂ ਸਕਦੀ। ਪੂਰਬੋਂ ਟੁਰ ਕੇ ਆਇਆ, ਸ੍ਰੀ ਆਨੰਦਪੁਰ ਸਾਹਿਬ, ਸੰਗਤ ਦੇ ਦਰਬਾਰ ਵਿਚ ਬਿਰਾਜਮਾਨ, ਸਤਿਗੁਰ ਜੀ ਅੱਗੇ ਉਹ ਢਾਲ ਪੇਸ਼ ਕੀਤੀ। ਬਸ ਇਕ ਭੁੱਲ ਕਰ ਗਿਆ। ਵਿਸਰ ਗਿਆ ਕਿ ਹਰਜੂ ਨੂੰ ਹੰਕਾਰ ਨਹੀਂ ਭਾਉਂਦਾ। ਢਾਲ ਦੀ ਸਿਫ਼ਤ ਥੋੜੀ ਵੱਧ ਕਰ ਗਿਆ। ਸਤਿਗੁਰਾਂ ਨੂੰ ਲਗਾ, ਸਿੱਖ ਨੂੰ ਹਉਮੈ ਰੋਗ ਤੋਂ ਮੁਕਤ ਕਰਨਾ ਜ਼ਰੂਰੀ ਹੈ। ਦਰਬਾਰ ਵਿਚ ਕਿਹਾ, ਕਲ ਸਵੇਰੇ ਇਸ ਢਾਲ ਦੀ ਪਰਖ ਕਰਾਂਗੇ। ਲਾਲ ਸਿੰਘ ਡਰ ਗਿਆ। ਜਿਸ ਦੀ ਪ੍ਰੀਖਿਆ ਸਤਿਗੁਰ ਆਪ ਲਵੇ, ਉਹ ਕਿਵੇਂ ਪਾਸ ਹੋ ਸਕਦਾ ਹੈ। ਡੇਰੇ ਗਿਆ। ਮਨ ਵਿਚ ਚਿੰਤਾ-ਬੇਚੈਨੀ ਸੀ। ਕੜ੍ਹਾਹ ਪ੍ਰਸ਼ਾਦ ਤਿਆਰ ਕਰਵਾਇਆ, ਪੰਜ ਗੁਰੂ ਦੇ ਸਿੱਖ ਸੱਦ, ਗੁਰੂ ਚਰਨਾਂ ਵਿਚ ਅਰਦਾਸ ਕੀਤੀ। ਅਰਦਾਸ, ਗੁਰੂ ਚਰਨਾਂ ਵਿਚ ਕਰ ਕੇ, ਭੋਗ ਲਗਿਆ ਪ੍ਰਸ਼ਾਦ ਵਰਤਾਇਆ। ਦੂਜੇ ਦਿਨ, ਕੰਬਦੇ ਹਿਰਦੇ ਨਾਲ ਢਾਲ ਲੈ, ਗੁਰੂ ਦਰਬਾਰ ਵਿਚ ਪਹੁੰਚਿਆ। ਭੋਗ ਉਪਰੰਤ, ਸਤਿਗੁਰ ਜੀ ਨੇ ਢਾਲ ਦੀ ਪਰਖ ਲਈ ਇਕ ਖੁੱਲ੍ਹੇ ਮੈਦਾਨ ਵਿਚ, ਭਾਈ ਲਾਲ ਸਿੰਘ ਨੂੰ ਢਾਲ ਅੱਗੇ ਖੜ੍ਹਿਆਂ ਹੋਣ ਨੂੰ ਕਿਹਾ। ਸਿੱਖ ਢਾਲ ਅੱਗੇ ਕਰ ਕੇ ਖਲੋ ਗਿਆ। ਭਾਈ ਆਲਮ ਸਿੰਘ ਨੂੰ ਇਸ਼ਾਰਾ ਕਰ ਸੱਦਿਆ, ਬੰਦੂਕ ਦਾ ਨਿਸ਼ਾਨਾ ਲਾ ਕੇ ਚਲਾਉਣ ਦਾ ਹੁਕਮ ਦਿੱਤਾ। ਨਿਸ਼ਾਨਾ ਖੁੰਝ ਗਿਆ। ਦੂਜੀ ਵਾਰ, ਫਿਰ ਤੀਜੀ ਵਾਰ ਖੁੰਝ ਗਿਆ। ਇਹ ਕੀ ਹੋਇਆ ? ਮਸ਼ਹੂਰ ਸੀ, ਕਿ ਭਾਈ ਆਲਮ ਸਿੰਘ ਦਾ ਨਿਸ਼ਾਨਾ ਅਚੂਕ ਹੈ। ਸਤਿਗੁਰਾਂ ਨੇ ਆਪ ਬੰਦੂਕ ਹੱਥ ਵਿਚ ਲਈ... ਸਿੱਖ ਦੀ ਢਾਲ ਦਾ ਨਿਸ਼ਾਨਾ ਲਾਇਆ। ਅੱਜ ਹਰ ਹਾਲ ਢਾਲ ਨੂੰ ਵਿੰਨ੍ਹਣਾ ਸੀ। ਢਾਲ ਦੇ ਪਿੱਛੇ, ਸਿੱਖ ਲਾਲ ਸਿੰਘ ਦਾ ਭੀ ਬਚਣਾ ਕਤਈ ਸੰਭਵ ਨਹੀਂ ਸੀ। ਨਿਸ਼ਾਨਾ ਲਾਇਆ, ਪਰ ਘੋੜਾ ਨਹੀਂ ਦੱਬਿਆ, ਬੰਦੂਕ ਨਹੀਂ ਚਲੀ। ਦੂਜੀ ਵਾਰ ਫਿਰ ਨਿਸ਼ਾਨੇ ਅੱਗੇ ਢਾਲ, ਢਾਲ ਦੇ ਪਿੱਛੇ ਸਿੱਖ! ਘੋੜਾ ਨਾ ਦਬਿਆ।

ਕੀ ਗੱਲ ਪਾਤਸ਼ਾਹ, ਘੋੜਾ ਦੱਬੋ।

"ਗੁਰੂ ਦਾ ਇਕ ਸਿੱਖ ਪਿਆਰਾ, ਰੀਝ ਨਾਲ ਬਣਾਈ ਉਸ ਢਾਲ ਸੀ।

ਚਲ ਕੇ ਆਇਆ ਪੂਰਬੋਂ, ਨਾਂ ਉਸ ਦਾ ਸਿੰਘ ਲਾਲ ਸੀ।
ਸਿਫ਼ਤ ਕੀਤੀ ਉਸ ਢਾਲ ਦੀ, ਬਸ ਇਹੋ ਬਣਿਆ ਉਸ ਦਾ ਕਾਲ ਸੀ।
ਨਿਸ਼ਾਨਾ ਲਾਇਆ ਸਤਿਗੁਰੂ, ਉਹ ਸਰਬ ਕਲਾ ਸਮਰੱਥ ਸੀ।
ਹਰ ਵਾਰ ਅੱਗੇ ਆ ਜਾਂਦੇ ਨੌਵਾਂ ਗੁਰੂਆਂ ਦੇ ਹੱਥ ਸੀ।"

ਸਤਿਗੁਰ ਜੀ ਕਹਿੰਦੇ ਹਨ, ਮੈਂ ਕੀ ਕਰਾਂ? ਜਦੋਂ ਨਿਸ਼ਾਨਾ ਲਾਉਂਦਾ ਹਾਂ—ਅੱਗੇ ਨੌਂ ਗੁਰੂਆਂ ਦੇ ਹੱਥ ਆ ਜਾਂਦੇ ਹਨ—ਨਾ ਭਾਈ, ਇਸ ਸਿੱਖ ਨੇ ਨਿਮਾਣਾ ਹੋ ਕੇ ਅਰਦਾਸ ਕੀਤੀ ਹੈ।

ਤਾਂ ਸਤਿਗੁਰ ਜੀ ਕਹਿੰਦੇ ਹਨ—

"ਬਿਘਨ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ॥"

ਸ੍ਰ. ਆਤਮਾ ਸਿੰਘ ਰਈਸ, ਰਾਵਲਪਿੰਡੀ ਦੀ ਮੌਜ਼ਿਜ਼ ਸ਼ਖਸੀਅਤ ਹੈ ਸਨ। ਘਰੋਂ ਬੀਬੀ ਲੀਲਾਵੰਤੀ ਅਤੇ ਸ੍ਰ. ਆਤਮਾ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੀ ਪੂਰਾ ਭਰੋਸਾ ਰਖਦੇ ਸਨ। ਸਰਦਾਰ ਜੀ ਦੀ ਭਰਜਾਈ ਖੁੱਲਿਆਂ ਦੇ ਘਰ 'ਚੋਂ ਸੀ। ਦੇਹ ਧਾਰੀ ਗੁਰੂ ਤੇ ਭਰੋਸਾ ਨਹੀਂ ਰਖਦੀ ਸੀ। ਇਕ ਵਾਰ ਸਰਦਾਰ ਆਤਮਾ ਸਿੰਘ ਸਾਰਾ ਪਰਿਵਾਰ ਘਰ ਵਿਚ ਬੈਠੇ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਫ਼ਤੀ ਭਰੇ ਪ੍ਰਸੰਗ ਸੁਣਾ ਰਹੇ ਸਨ। ਭਰਜਾਈ ਨੂੰ ਦੇਹਧਾਰੀ ਸਤਿਗੁਰ ਦੀ ਸਿਫ਼ਤ ਨਾਗਵਾਰ ਲੱਗੀ। ਬਹਿਸ ਹੋ ਗਈ। ਸਰਦਾਰ ਆਤਮਾ ਸਿੰਘ ਨੇ ਚੁਨੌਤੀ ਦਿੱਤੀ, ਤੇਲ ਦਾ ਕੜਾਹਾ ਗਰਮ ਕਰੋ, ਅਸੀਂ ਦੋਵੇਂ ਹੱਥ, ਉੱਬਲਦੇ ਤੇਲ ਵਿਚ ਪਾਈਏ... ਜਿਸ ਦਾ ਸਤਿਗੁਰ ਪੂਰਨ ਹੋਇਆ, ਉਸ ਦੀ ਰਖਿਆ ਹੋਵੇਗੀ। ਭਰਜਾਈ- ਚਲਾਕੀ ਕੀਤੀ, ਕਿਹਾ, ਪਹਿਲਾਂ ਹੱਥ ਤੁਸੀਂ ਪਾਉ। ਸਰਦਾਰ ਆਤਮਾ ਸਿੰਘ ਨੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ, ਭਰੋਸਾ ਰੱਖ, ਨੰਗਾ ਹੱਥ ਗਰਮ ਤੇਲ ਭਰੇ ਕੜਾਹੇ ਵਿਚ ਪਾ ਦਿੱਤਾ, ਤੇਲ ਕੌਡੇ ਰਾਖਸ਼ ਦੇ ਕੜਾਹੇ ਵਾਂਗ ਠੰਡਾ ਠਾਰ ਹੋ ਗਿਆ—

"ਬਿਘਨ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ॥"

ਸਤਿਗੁਰ ਦਾ ਭਰੋਸਾ ਰਹਿ ਗਿਆ, "ਮੈਂ ਦਾ ਭਰੋਸਾ ਬਾਹਰ ਹੋ ਗਿਆ... ਮੈਂ ਨਹੀਂ, ਸਤਿਗੁਰ ਰਹਿ ਗਿਆ। ਸਰੀਰ ਦੀ ਕੁਦਰਤ ਵਿਚ "ਕਾਦਰ" ਪ੍ਰਗਟ ਹੋ ਗਿਆ ਤਾਂ ਅੱਗ, ਪਾਣੀ, ਹਨੇਰੀ, ਕੁਦਰਤ ਦੀਆਂ ਸਾਰੀਆਂ ਸ਼ਕਤੀਆਂ, ਹੱਥ ਬੰਨ੍ਹ ਕੇ ਖਲੋ ਗਈਆਂ—ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥"

8
ਨਾਨਕ ਕਹੈ ਸਿਆਣੀਐ

ਭਾਈ ਲਹਿਣਾ ਜੀ, ਪਿੰਡ "ਮੱਤੇ ਦੀ ਸਰਾਂ" ਵਿਚ ਰਹਿੰਦੇ ਸੀ। ਪਿਤਾ ਫੇਰੂ ਮਲ, ਚੌਧਰੀ ਤਖ਼ਤ ਮਲ ਕੋਲ ਮੁਨੀਮ ਦੀ ਨੌਕਰੀ ਕਰਦੇ ਸਨ। ਪੈਸਿਆਂ, ਜਾਇਦਾਦਾਂ ਦਾ ਹਿਸਾਬ ਕਿਤਾਬ ਰਖਦੇ ਸੀ। ਬੀਬੀ ਭਿਰਾਂਈ, ਸ਼ਾਹੂਕਾਰ ਤਖਤ ਮਲ ਦੀ ਲੜਕੀ ਸੀ। ਫੇਰੂ ਮਲ ਨੂੰ ਵੀਰ ਜੀ ਆਖ ਕੇ ਸੰਬੋਧਨ ਕਰਦੀ... ਲਿਹਾਜ਼ਾ, ਭਾਈ ਲਹਿਣਾ ਜੀ ਬੀਬੀ ਭਿਰਾਈ ਨੂੰ "ਭੂਆ ਜੀ" ਕਹਿੰਦੇ।

ਇਕ ਵਾਰ ਖਾਤਾ ਵਹੀ ਲਿਖਦਿਆਂ ਜੋੜ ਲਾਉਣ ਵਿਚ ਭੁੱਲ ਹੋ ਗਈ। ਵਹੀ ਦੀ ਤਲਪਟ ਵਿਚ ਰਕਮ ਦਾ ਫਰਕ ਆਵੇ। ਪੈਸਿਆਂ ਦੀ ਹੇਰਾ-ਫੇਰੀ ਦਾ ਇਲਜ਼ਾਮ ਲਾ ਕੇ, ਫੇਰੂ ਮਲ ਜੀ ਨੂੰ ਸ਼ਾਹੂਕਾਰ ਨੇ ਗ੍ਰਿਫ਼ਤਾਰ ਕਰਵਾ ਦਿੱਤਾ। ਚਿੰਤਾ ਵਿਚ, ਭਾਈ ਲਹਿਣਾ ਜੀ, ਤਖਤ ਮਲ ਦੀ ਘਰ ਵਾਲੀ ਨੂੰ ਮਿਲੇ। ਉਦੋਂ ਬੀਬੀ ਭਿਰਾਂਈ ਦਾ ਵਿਆਹ ਖਡੂਰ ਸਾਹਿਬ, ਨਿਹਾਲੇ ਜ਼ਿਮੀਦਾਰ ਨਾਲ ਹੋ ਗਿਆ ਸੀ। ਤਖ਼ਤ ਮਲ ਦੀ ਘਰ ਵਾਲੀ ਨੇ ਕਿਹਾ, ਮੈਨੂੰ ਵੀਰ ਫੇਰੂ ਮਲ ਤੇ ਪੂਰਾ ਯਕੀਨ ਹੈ, ਉਹ ਹੇਰਾਫੇਰੀ ਨਹੀਂ ਕਰ ਸਕਦੇ। ਪਰ ਸ਼ਾਹ, ਬੇਟੀ ਭਿਰਾਂਈ ਦੀ ਗੱਲ ਮੰਨਦਾ ਹੈ। ਸੱਤ ਭਰਾਵਾਂ ਦੀ ਇਕੋ ਭੈਣ। ਉਸ ਕੋਲ ਖਡੂਰ ਜਾ ਕੇ ਸਾਰੀ ਗੱਲ ਦੱਸੋ। ਉੱਧਰ ਇਕ ਦਿਨ ਸ੍ਰੀ ਕਰਤਾਰਪੁਰ ਤੋਂ ਲਾਹੌਰ ਜਾਂਦਿਆਂ, ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਅਤੇ ਭਾਈ ਮਰਦਾਨਾ, ਇਕ ਦਰਖ਼ਤ ਹੇਠ ਆਰਾਮ ਕਰ ਰਹੇ ਸਨ। ਬੀਬੀ ਭਿਰਾਂਈ ਨੇ ਦੋ ਸਾਧ ਵੇਖੇ। ਨਜ਼ਦੀਕ ਆਈ, ਨਮਸਕਾਰ ਕੀਤੀ ਤੇ ਅਰਜ਼ ਕੀਤੀ, ਬਸ ਮਾੜਾ ਜਿਹਾ, ਇਥੇ ਹੀ ਆਰਾਮ ਕਰੋ, ਮੈਂ ਲੰਗਰ ਲੈ ਕੇ ਆਈ। ਘਰੋਂ ਦਾਲ-ਪ੍ਰਸ਼ਾਦਾ ਲੈ ਕੇ ਆਈ। ਬਹੁਤ ਸ਼ਰਧਾ ਪਿਆਰ ਨਾਲ ਪ੍ਰਸ਼ਾਦਾ ਛਕਾਇਆ। ਸਤਿਗੁਰ ਪ੍ਰਸੰਨ ਹੋਇ... ਬੀਬੀ ਨਿਹਾਲ ਹੋਈ। ਹੁਣ ਜਦੋਂ ਵੀ ਉਧਰੋਂ ਲੰਘਦੇ, ਬੀਬੀ ਭਿਰਾਂਈ ਘਰ ਜ਼ਰੂਰ ਜਾਂਦੇ। ਉਸ ਦਿਨ, ਜਦੋਂ ਭਾਈ ਲਹਿਣਾ ਜੀ, ਆਪਣੀ ਚਿੰਤਾ ਲੈ ਕੇ ਬੀਬੀ ਘਰ ਆਏ ਤਾਂ ਅੱਗੇ ਦੋ ਸਾਧ ਵੇਖੇ, ਨਮਸਕਾਰ ਕਰ ਬੀਬੀ ਨੂੰ ਸਾਰੀ ਵਾਰਦਾਤ ਦੱਸੀ। ਬੀਬੀ ਨੇ ਗੁਰੂ ਨਾਨਕ ਪਾਤਸ਼ਾਹ ਅੱਗੇ ਸਾਰੀ ਬ੍ਰਿਥਾ ਸੁਣੋਨ ਲਈ ਕਿਹਾ। ਭਾਈ ਲਹਿਣਾ ਜੀ ਨੇ ਸਾਰੀ ਗੱਲ ਦੱਸੀ। ਸਤਿਗੁਰ ਜੀ ਨੇ ਸਹਜੇ ਬਚਨ ਕੀਤਾ, ਤੇਰੇ ਪਿਤਾ ਬੇਦੋਸ਼ੇ ਹਨ। ਹਿਸਾਬ ਦੇ ਜੋੜ ਵਿੱਚ ਭੁੱਲ ਹੈ.... ਜਲਦੀ ਭੁੱਲ ਫੜੀ ਜਾਣੀ... ਤੇਰੇ ਪਿਤਾ ਕਲ੍ਹ ਨੂੰ ਬਰੀ ਹੋ ਜਾਣਗੇ। ਸਤਿਗੁਰ ਬਚਨ ਅਨੁਸਾਰ ਹੀ, ਦੂਜੇ ਦਿਨ ਖਾਤਿਆਂ ਦੀ ਗਲਤੀ ਫੜੀ ਗਈ। ਫੇਰੂ ਮਲ ਜੀ ਬਰੀ ਹੋ ਕੇ ਘਰ ਆ ਗਏ। ਪਰ ਹੁਣ ਨੌਕਰੀ ਨਹੀਂ ਕਰਨੀ, ਇਸ ਪਿੰਡ ਭੀ ਨਹੀਂ ਰਹਿਣਾ। ਭਾਈ ਲਹਿਣਾ ਜੀ ਦੇ ਸਹੁਰਿਆਂ ਦੇ ਕਹਿਣ ਤੇ ਪਿੰਡ ਸੰਘਰ-ਦੁਕਾਨ ਪਾਈ। ਮਗਰੋਂ ਬੀਬੀ ਭਿਰਾਂਈ

ਨੇ ਜ਼ੋਰ ਦੇ ਕੇ ਖਡੂਰ ਸੱਦ ਲਿਆ। ਰਾਸ਼ਨ-ਪਾਣੀ ਦੀ ਹੱਟੀ ਪਾ ਲਈ। ਗੁਜ਼ਾਰਾ ਚੰਗਾ ਹੋਣ ਲੱਗਾ। ਸ਼ਰਧਾਲੂ ਲਹਿਣਾ ਜੀ, ਮਾਤਾ ਜਵਾਲਾ ਜੀ ਦੇ ਸ਼ਰਧਾਲੂ ਸਨ। ਹਰ ਸਾਲ ਜੱਥਾ ਲੈ ਕੇ ਦਰਸ਼ਨਾਂ ਨੂੰ ਜਾਂਦੇ। ਇਕ ਵਾਰ ਯਾਤਰਾ ਦੇ ਦਰਮਿਆਂ ਗੁਰੂ ਨਾਨਕ ਪਾਤਸ਼ਾਹ ਦੀ ਸ਼ੋਭਾ ਸੁਣੀ। ਅੰਦਰ ਖਿੱਚ ਪਈ। ਬੀਬੀ ਭਿਰਾਂਈ ਨਾਲ ਗੱਲ ਕੀਤੀ। "ਭੂਆ ਜੀ" ਨੇ ਕਿਹਾ, ਤੂੰ ਪਹਿਲਾਂ ਭੀ ਦਰਸ਼ਨ ਤਾਂ ਕੀਤੇ ਹੋਇ ਹਨ। ਉਨ੍ਹਾਂ ਦੀ ਬਖਸ਼ਿਸ਼ ਸਦਕਾ ਤੇਰੇ ਪਿਤਾ, ਬਰੀ ਹੋਏ ਸਨ।

ਹੁਣ ਸ੍ਰੀ ਗੁਰੂ ਨਾਨਕ, ਕਰਤਾਰਪੁਰ ਖੇਤੀ ਕਰਦੇ ਹਨ। ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦਿੰਦੇ ਹਨ। ਭਾਈ ਲਹਿਣਾ, ਕਰਤਾਰਪੁਰ ਦੀ ਰਾਹ ਟੁਰ ਪਿਆ। ਇਕ ਵਾਰ ਜਾਂ ਦਰਸ਼ਨ ਹੋਇ, ਫਿਰ ਕਿਸੇ ਗ਼ੈਬੀ ਰੰਗ ਵਿਚ ਰੰਗੇ ਗਏ। ਰਾਤ, ਸੁਪਨੇ ਵਿਚ, ਮਾਤਾ ਜਵਾਲਾ ਨੇ ਆ ਕਿਹਾ—

"ਤਬ ਦੇਵੀ ਮੁਖ ਬਚਨ ਪ੍ਰਕਾਸੀ॥ ਗੁਰੂ ਨਾਨਕ ਕੀ ਹਉ ਦਾਸੀ॥"

ਸਮਾਂ ਬਿਤੀਤ ਹੋਇਆ। ਭਾਈ ਲਹਿਣਾ ਜੀ ਤੇ, ਸਤਿਗੁਰ ਨਾਨਕ ਪਾਤਸ਼ਾਹ ਦੀ ਕਿਰਪਾ ਹੋਈ, "ਗੁਰੂ ਅੰਗਦ ਦੇਵ" ਜੀ ਬਣ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ। ਖਡੂਰ ਸਾਹਿਬ ਰਹਿੰਦੇ। ਭੂਆ ਭਿਰਾਂਈ ਕੋਲ ਜਾਂਦੇ ਰਹਿੰਦੇ। ਇਕ ਵਾਰ ਭੂਆ ਜੀ, ਬੀਬੀ ਭਿਰਾਂਈ ਘਰ ਗਏ। ਬੀਬੀ ਜੀ ਅਰਜ਼ ਕੀਤੀ, "ਮੇਰੇ ਦਿਨ ਥੋੜ੍ਹੇ ਲਗਦੇ ਹਨ।" ਸਤਿਗੁਰਾਂ ਬਚਨ ਕੀਤਾ, "ਇਵੇਂ ਹੀ ਹੁਕਮ ਹੈ।"

ਬੀਬੀ ਦਾ ਆਤਮ ਬਲ ਉਚੇਰਾ ਕਰਨ ਲਈ ਬਾਣੀ ਉਚਾਰਨ ਕੀਤੀ:

"ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘੱਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥" (ਸਾਰੰਗ ਮਹਲਾ 2)

ਕੁਝ ਦਿਨ ਹੋਰ ਬਿਤੀਤ ਹੋਏ। ਇਕ ਸਵੇਰ, "ਆਸਾ ਕੀ ਵਾਰ" ਵਿਚ ਜਾਣ ਦਾ ਸਮਾਂ ਸੀ। ਤੜਕੇ ਦਾ ਵੇਲਾ ਸੀ। ਸਤਿਗੁਰ ਜੀ ਇਸ਼ਨਾਨ ਕਰ ਕੇ ਬੰਦਗੀ ਵਿਚ ਬੈਠੇ ਸਨ। ਉਥੋਂ ਉਠੇ ਤੇ ਦੀਵਾਨ ਹਾੱਲ ਵੱਲ ਨਾ ਜਾ ਕੇ, ਬੀਬੀ ਭਿਰਾਂਈ ਘਰ ਪਹੁੰਚੇ। ਅੰਤਿਮ ਸਮਾਂ ਸੀ। ਨੇਤਰ ਬੰਦ... ਸਵਾਸਾਂ ਨੂੰ ਸਤਿਗੁਰ ਦਾ ਇੰਤਜ਼ਾਰ ਸੀ। ਪਾਤਸ਼ਾਹ ਪੁੱਜੇ। ਹੋਲੀ ਜਿਹਾ ਕਿਹਾ, "ਭੂਆ ਜੀ।" ਬੀਬੀ ਨੇ ਅੱਖਾਂ ਖੋਲ੍ਹੀਆਂ। ਸਾਮ੍ਹਣੇ ਸਤਿਗੁਰ ਦਾ ਦੀਦਾਰ ਹੋਇਆ, ਮਨ ਦੀ ਮੁਰਾਦ ਪੂਰੀ ਹੋ ਗਈ। ਅਗੰਮ ਯਾਤਰਾ ਦਾ ਪਲ ਸੀ। ਸਤਿਗੁਰ ਜੀ—ਕਹੋ ਧੰਨ ਗੁਰੂ ਨਾਨਕ! ਬੀਬੀ ਦੇ ਮੂੰਹੋਂ ਮੱਧਮ ਜਿਹੀ ਆਵਾਜ਼ ਨਿਕਲੀ, "ਧੰਨ ਗੁਰੂ ਨਾਨਕ"

ਪ੍ਰਾਣ ਉਡਾਰੀ ਮਾਰ ਗਏ। ਸਤਿਗੁਰਾਂ ਸੂਹੀ ਰਾਗ ਵਿਚ ਸ਼ਬਦ ਉਚਾਰਨ ਕੀਤਾ—

"ਜਾਂ ਸੁਖੁ ਤਾਂ ਸਹੁ ਰਾਵਿਓ, ਦੁਖਿ ਭੀ ਸੰਮ੍ਹਾਲਿਓਇ॥
ਨਾਨਕੁ ਕਹੈ ਸਿਆਣੀਏ, ਇਉਂ ਕੰਤ ਮਿਲਾਵਾ ਹੋਇ॥"

ਜੀਵਨ ਦੀ ਯਾਤਰਾ ਚਲ ਰਹੀ ਹੈ। ਇਸ ਲੰਬੀ ਯਾਤਰਾ ਦਰਮਿਆਂ ਕਈ ਨਜ਼ਾਰੇ ਲੰਘਦੇ ਜਾ ਰਹੇ ਹਨ। ਸੁਖਾਂਤ ਭੀ, ਦੁਖਾਂਤ ਭੀ। ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਸੂਹੀ ਰਾਗ ਵਿਚ ਕਹਿੰਦੇ ਹਨ—

"ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥"

ਹਰ ਹਾਲ ਸ਼ੁਕਰਾਨਾ।

ਰਵਿੰਦਰਨਾਥ ਟੈਗੋਰ ਗੀਤਾਂਜਲੀ ਵਿਚ, ਪ੍ਰਭੂ ਸੰਵਾਦ ਕਰਦੇ ਹਨ। ਪਰਮੇਸ਼ਵਰ ਤੂੰ ਮੈਨੂੰ ਦੁਖਾਂ ਦੇ ਜ਼ਖ਼ਮ ਦਿੱਤੇ, ਮੈਂ ਸ਼ੁਕਰਾਨਾ ਕੀਤਾ... ਤੂੰ ਰਾਜ਼ੀ ਕੀਤਾ, ਮੈਂ ਸ਼ੁਕਰਾਨਾ ਕੀਤਾ। ਹੁਣ ਹੇ ਪ੍ਰਮਾਤਮਾ, ਇਕ ਵਾਰ ਉਨ੍ਹਾਂ ਰਾਜ਼ੀ ਹੋਏ ਜਖ਼ਮਾਂ ਤੇ ਝਾਤ ਮਾਰ ਲੈਣ ਦੇ, ਤਾਂ ਜੋ ਤੇਰਾ ਸ਼ੁਕਰਾਨਾ ਕਰ ਸਕਾਂ।

ਸੰਨ 1700! ਪਹਾੜੀ ਰਾਜਾ ਕੇਸਰੀ ਚੰਦ ਨੇ ਕਈ ਹੋਰ ਰਾਜਿਆਂ ਨਾਲ ਮਿਲ ਕੇ ਸ੍ਰੀ ਆਨੰਦਪੁਰ ਸਾਹਿਬ ਲੋਹਗੜ੍ਹ ਘੇਰਾ ਪਾ ਲਿਆ। ਪੰਦਰਾਂ ਦਿਨਾਂ ਤੋਂ ਸਖ਼ਤ ਘੇਰਾ ਪਿਆ ਸੀ, ਪਰ ਲੋਹਗੜ੍ਹ ਦਾ ਦਰਵਾਜ਼ਾ ਕਿਸੇ ਹਾਲ ਟੁੱਟਦਾ ਨਹੀਂ ਸੀ। ਇਕ ਦਿਨ ਕੇਸਰੀ ਚੰਦ ਨੇ ਕੁਟਿਲ ਨੀਤੀ ਬਣਾਈ। ਇਕ ਅਲਮਸਤ ਹਾਥੀ ਨੂੰ ਸ਼ਰਾਬ ਪਿਆ ਕੇ ਦਰਵਾਜ਼ਾ ਤੋੜ ਦਿਆਂਗੇ। ਭੇਤੀਏ ਨੇ, ਇਹ ਖਬਰ ਕਲਗੀਧਰ ਪਾਤਸ਼ਾਹ ਨੂੰ ਦਿੱਤੀ। ਸਤਿਗੁਰ ਜੀ, ਉਸ ਵੇਲੇ, ਮੁੱਖੀ ਯੋਧਿਆਂ ਨਾਲ ਰਣਨੀਤੀ ਬਣਾ ਰਹੇ ਸਨ। ਸਤਿਗੁਰਾਂ ਕੋਲ ਹੀ ਬੈਠੇ ਮੋਟੇ ਤਗੜੇ ਭਾਈ ਦੁਨੀ ਚੰਦ ਦੀ ਪਿੱਠ ਤੇ ਹੱਥ ਰੱਖ ਕੇ ਬਚਨ ਕੀਤਾ, ਸਾਡਾ ਇਹ "ਹਾਥੀ" ਉਸ ਹਾਥੀ ਦਾ ਮੁਕਾਬਲਾ ਕਰੇਗਾ। ਦੁਨੀ ਚੰਦ ਅੰਦਰੋਂ ਡਰ ਗਿਆ। ਰਾਤ ਆਨੰਦਪੁਰ ਛੱਡ ਕੇ, ਘਰ ਮਜੀਠੇ ਭੱਜਣ ਦੀ ਯੋਜਨਾ ਬਣੌਨ ਲਗਾ। ਮਜੀਠੇ ਦੇ ਹੀ ਸ਼ੇਰ ਸਿੰਘ ਨੇ ਸਮਝਾਇਆ, ਦੁਨੀ ਚੰਦ ਸਤਿਗੁਰ ਦਾ ਸ਼ੁਕਰਾਨਾ ਕਰ, ਜੋ ਤੈਨੂੰ ਇਹ ਮਾਨ ਬਖ਼ਸ਼ਿਆ ਹੈ। ਕੇਸਰੀ ਚੰਦ ਦਾ ਹਾਥੀ ਤਾਂ ਦਰਅਸਲ ਉਦੋਂ ਹੀ ਮਰ ਗਿਆ, ਜਦੋਂ ਸਤਿਗੁਰ ਨੇ ਬਚਨ ਉਚਾਰੇ। ਤੈਨੂੰ ਤਾਂ ਨਿਮਿਤ ਮਾਤਰ ਬਣਾ ਕੇ ਮਾਨ ਹੀ ਦੇਣਾ ਹੈ। ਪਰ ਦੁਨੀ ਚੰਦ ਨੂੰ ਹੌਸਲਾ ਨਾ ਪਿਆ। ਅੱਧੀ ਰਾਤ ਰੱਸਾ ਫੜ ਕੇ, ਲੋਹਗੜ੍ਹ ਦੇ ਚੁਬਾਰੇ ਤੋਂ ਥੱਲੇ ਉਤਰਦਿਆਂ, ਰੱਸਾ ਟੁੱਟ ਗਿਆ। ਥੱਲੇ ਆ ਡਿੱਗਾ। ਪੈਰ ਟੁੱਟ ਗਿਆ। ਪਿੰਡ ਦੇ ਹੋਰ ਸਾਥੀ ਮੰਜੇ ਤੇ ਪਾ ਰਾਤੋ-ਰਾਤ ਮਜੀਠੇ ਲੈ ਗਏ। ਦੂਜੇ ਦਿਨ, ਖਬਰ ਲੱਗੀ, ਦੁਨੀ ਚੰਦ ਭੱਜ ਗਿਆ ਹੈ। ਬਾਹਰ ਦੁਸ਼ਮਨ ਸ਼ਰਾਬੀ ਹਾਥੀ ਲੈ ਕੇ ਦਰਵਾਜ਼ੇ ਮੁਹਰੇ ਤਿਆਰ ਸਨ। ਭਾਈ ਬਚਿੱਤਰ ਸਿੰਘ, ਹੱਥ ਜੋੜ ਅਰਜ਼ ਕੀਤੀ, ਪਾਤਸ਼ਾਹ ਇਹ ਸੇਵਾ ਮੈਨੂੰ ਬਖ਼ਸ਼ੋ। ਇਹ ਭਾਈ ਬਚਿੱਤਰ ਸਿੰਘ, ਭਾਈ ਮਨੀ ਸਿੰਘ ਦਾ ਪੁੱਤਰ ਸੀ, ਜਿਸ ਨੂੰ ਸੰਨ 1738 ਵਿਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਭਾਈ ਬਚਿੱਤਰ ਸਿੰਘ ਹੱਥ ਜੋੜ, ਹੁਕਮ ਦੀ ਉਡੀਕ ਕਰ ਰਿਹਾ ਸੀ। ਕਲਗੀਧਰ ਪਾਤਸ਼ਾਹ ਨੇ ਮੇਹਰ ਦੀ ਇਕ ਨਜ਼ਰ ਸਿੱਖ ਤੇ ਮਾਰੀ ਤੇ ਆਗਿਆ ਦਿੱਤੀ, ਜਾ ਬਚਿੱਤਰ ਸਿੰਘ, ਇਹ ਜੱਸ ਤੈਨੂੰ ਹੀ ਮਿਲਣਾ ਸੀ। ਕਾਬਲੀ ਘੋੜੇ ਤੇ ਸਵਾਰ ਹੋਇ, ਹਾਥੀ ਦੇ ਸਾਹਵੇਂ ਹੋਇਆ। ਨਸ਼ੇ ਵਿਚ ਚਿੰਘਾੜਦੇ ਹਾਥੀ ਦੇ ਮੱਥੇ ਤੇ, ਘੋੜੇ ਦੀ ਰਕਾਬ ਤੇ, ਪੈਰਾਂ ਭਾਰ ਖਲੋ ਕੇ ਜ਼ੋਰ ਦੀ ਨਾਗਣੀ ਬਰਛੀ ਮਾਰੀ। ਲੋਹੇ ਦੇ ਮਸਤਕ ਕਵਚ ਨੂੰ ਪਾੜਦੀ ਬਰਛੀ ਹਾਥੀ ਦੇ ਮੱਥੇ ਵਿਚ ਜਾ ਧੱਸੀ। ਹਾਥੀ ਬੌਂਦਲ ਗਿਆ... ਪਾਗਲ ਹੋਇਆ, ਪਿਛਾਂਹ ਨੂੰ ਮੁੜਿਆ, ਪਹਾੜੀ ਫ਼ੌਜਾਂ ਨੂੰ ਮਿੱਧਦਾ ਕੁਚਲਦਾ ਪਹਾੜਾਂ ਵਲ ਭੱਜ ਗਿਆ।

ਇਹੋ ਮੌਕਾ ਸੀ, ਬਾਬਾ ਅਜੀਤ ਸਿੰਘ, ਭਾਈ ਆਲਮ ਸਿੰਘ, ਭਾਈ ਦਇਆ ਸਿੰਘ ਜਿਹੇ ਸੂਰਵੀਰ ਯੋਧਿਆਂ ਨਾਲ ਅਸਮਾਨੀ ਬਿਜਲੀ ਵਾਂਗ ਪੈ ਗਏ। ਦੁਸ਼ਮਣ ਦੇ ਪੈਰ ਉੱਖੜ ਗਏ। ਕੁਝ ਮਾਰੇ ਗਏ, ਕੁਝ ਸਸ਼ਤਰ, ਗੋਲੀ ਬਾਰੂਦ ਛੱਡ ਕੇ ਪਹਾੜਾਂ ਨੂੰ ਭੱਜ ਗਏ।

ਜਾਪਾਨੀ ਵਿਦਵਾਨ, ਤਾਉਬੋ ਸੁਜ਼ੂਕੀ ਦੀ ਬਹੁਤ ਚਰਚਿਤ ਪੁਸਤਕ ਹੈ, "ਵਾਬੀ ਸਾਬੀ"। ਭਗਵਾਨ ਬੁੱਧ ਪ੍ਰਤੀ ਸ਼ੁਕਰਾਨੇ ਦੇ ਭਾਵ ਵਿਚ ਲਿਖੀ ਹੋਈ ਪੁਸਤਕ। ਜੇ ਅਸੀਂ ਗੁਰਮਤਿ ਅਨੁਸਾਰ ਅਰਥ ਕਰੀਏ, ਤਾਂ ਵਾਬੀ ਦਾ ਅਰਥ ਹੈ, "ਜੋ ਤੁਧੁ ਭਾਵੈ" ਅਤੇ "ਸਾਬੀ" ਦਾ ਅਰਥ ਹੈ, "ਸਾਈ ਭਲੀ ਕਾਰ।" ਲੇਖਕ ਨੂੰ ਭਗਵਾਨ ਬੁੱਧ ਤੇ, ਆਪਣੇ ਗੁਰੂ ਤੇ ਅਗਾਧ ਭਰੋਸਾ ਹੈ। ਕਹਿੰਦਾ ਹੈ—ਤਥਾਗਤ ਸਾਨੂੰ ਹਰ ਹਾਲ, ਸ਼ੁਕਰਾਨੇ ਵਿਚ ਰਹਿ ਕੇ, ਦੁਖਾਂ 'ਚੋਂ ਬਾਹਰ ਨਿਕਲ ਜਾਣ ਦੀ ਜਾਚ ਦੱਸ ਗਏ। ਕਹਿੰਦਾ ਹੈ, ਅਗਸਤ 1942 ਵਿਚ ਨਾਗਾਸਾਕੀ ਅਤੇ ਹਿਰੋਸ਼ਿਮਾ ਸ਼ਹਿਰਾਂ ਤੇ ਐਟਮ ਬਮ ਮਾਰੇ, ਤਿੰਨ ਹਜ਼ਾਰ ਤੋਂ ਚਾਰ ਹਜ਼ਾਰ ਸੇਲਸਿਅਸ ਤਾਪ ਮਿੰਟਾਂ ਵਿਚ ਹੋ ਗਿਆ। ਲੱਖਾਂ ਜਾਪਾਨੀਆਂ ਦੇ ਸਰੀਰ, ਸੁੱਕ ਕੇ ਭਾਪ ਬਣ ਗਏ। ਲੱਖਾਂ ਮਰ ਗਏ, ਲੱਖਾਂ ਅਪੰਗ ਹੋ ਗਏ। ਪਰ ਜਿਹੜੇ ਜੀਉਂਦੇ ਰਹਿ ਗਏ, ਉਨਾਂ, "ਵਾਬੀ ਸਾਬੀ" ਦਾ ਧਿਆਨ ਕੀਤਾ, ਸ਼ੁਕਰਾਨਾ ਕੀਤਾ ਔਰ ਆਪਣੀ ਆਪਣੀ ਜਿੰਮੇਵਾਰੀ ਸੰਭਾਲ ਲਈ ਟੁਰ ਪਏ। ਮਾਤਰ ਦੋ ਘੰਟਿਆਂ ਅੰਦਰ, ਵਾਟਰ ਸਪਲਾਈ ਬਹਾਲ ਕਰ ਦਿੱਤੀ ਗਈ। "ਵਾਬੀ-ਸਾਬੀ" ਦੇ ਭਾਵ ਨੇ ਸਾਨੂੰ ਪੈਰਾਂ ਤੇ ਖੜਿਆਂ ਹੋਣ ਲਈ ਲੋੜੀਂਦੀ ਊਰਜਾ ਭਰ ਦਿੱਤੀ।

ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਕਹਿੰਦੇ ਹਨ, ਸੁਖ ਵਿਚ ਭੀ, ਦੁਖ ਵਿਚ ਭੀ, ਜੇ ਸੰਤੁਲਨ, ਸ਼ੁਕਰਾਨਾ ਆ ਜਾਂਦਾ ਹੈ। ਇਹ ਭਾਵ ਲੋਕ ਵਿਚ ਸੁਖੀ ਰਹਿਣ ਦਾ ਅਤੇ ਫਿਰ ਪਰਲੋਕ ਸੁਹੇਲੇ ਹੋਣ ਦਾ, ਪ੍ਰਭੂ ਮਿਲਨ ਦਾ ਮੰਤਰ ਹੈ।

"ਨਾਨਕ ਕਹੈ ਸਿਆਣੀਐ ਇਉ ਕੰਤ ਮਿਲਾਵਾ ਹੋਇ॥"

9
"ਰਾਮ ਪਦਾਰਥੁ ਪਾਇ ਕੈ"

"ਰਾਮ" ਸ਼ਬਦ, ਭਾਰਤੀ ਧਰਮ ਜਗਤ ਵਿਚ ਵਰਤਿਆ ਗਿਆ ਵੈਦਿਕ ਕਾਲੀਨ ਸ਼ਬਦ ਹੈ। ਪਰਮਾਤਮਾ ਦੇ ਬਿੰਬ ਰੂਪ ਵਿਚ, ਭਾਰਤ ਦੀਆਂ ਭਾਸ਼ਾਵਾਂ ਵਿਚ ਪ੍ਰਯੋਗ ਹੋਇਆ ਸ਼ਬਦ ਹੈ। "ਰਮਈਤੀ ਇਤੀ ਸ. ਰਾਮ:" ਜਿਹੜਾ ਪਾਰਬ੍ਰਹਮ, ਜੜ੍ਹ-ਚੇਤਨ, ਚੀਂਟੀ ਤੋਂ ਹਾਥੀ ਤਕ ਸਭ ਵਿਚ ਰਮਿਆ ਹੋਇਆ ਹੈ, ਉਹ "ਰਾਮ" ਹੈ।

ਭਗਤ ਕਬੀਰ ਜੀ, "ਰਾਮ" ਨੂੰ, ਪਦਾਰਥ ਰੂਪ ਵਿਚ ਸੰਬੋਧਨ ਕਰਦੇ ਹਨ-

"ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥"

ਪਦਾਰਥ ਦਾ ਅਰਥ ਹੈ, ਸਬਸਟਾਂਸ, ਮੈਟਰ, ਜਿਸ ਦਾ ਭਾਰ ਹੋਵੇ, ਆਕਾਰ ਹੋਵੇ, ਰੂਪ ਰੰਗ ਹੋਵੇ। ਠੋਸ, ਦ੍ਰਵ ਅਤੇ ਗੈਸ, ਤਿੰਨ ਅਵਸਥਾਵਾਂ ਹੁੰਦੀਆਂ ਹਨ, ਪਦਾਰਥ ਦੀਆਂ। ਜ਼ਾਹਿਰ ਹੈ, "ਰਾਮ" ਦਾ ਰੂਪ, ਰੰਗ, ਭਾਰ, ਆਕਾਰ ਨਹੀਂ ਹੈ। ਅਲੱਖ, ਅਦਿੱਖ, ਅਕਾਲ ਪੁਰਖ ਦੇ ਪ੍ਰਤੀਕ ਰਾਮ, ਪਦਾਰਥ ਨਹੀਂ ਹਨ। ਪਦਾਰਥ ਦੀ ਪ੍ਰੀਭਾਸ਼ਾ ਅਨੁਰੂਪ ਗੁਣ, ਤੱਤ ਨਹੀਂ ਹਨ। ਪਰ ਬ੍ਰਹਮਾਂਡ ਦਾ ਕੋਈ ਪਦਾਰਥ ਐਸਾ ਨਹੀਂ, ਜਿਸ ਵਿਚ ਰਾਮ ਨਾ ਹੋਵੇ। ਪਹਿਲਾਂ ਵਿਗਿਆਨੀ "ਰੱਬ" ਤੋਂ ਮੁਨੱਕਰ ਸਨ। 2010 ਵਿਚ, ਜੇਨੇਵਾ ਵਿਚ, ਦਸ ਹਜ਼ਾਰ ਤੋਂ ਵੱਧ, ਵਿਗਿਆਨੀਆਂ ਦੀ ਮੌਜੂਦਗੀ ਵਿਚ, ਬਹੁਤ ਵੱਡੇ ਪੈਮਾਨੇ ਤੇ ਖਰਚ ਅਤੇ ਮੇਹਨਤ ਨਾਲ ਕੀਤੇ ਗਏ ਪ੍ਰਯੋਗ ਨੇ, ਉਨ੍ਹਾਂ ਦਾ ਨਜ਼ਰੀਆ ਬਦਲ ਦਿੱਤਾ।

27 ਕਿਲੋ ਮੀਟਰ ਲੰਬੀ, ਧਰਤੀ ਵਿਚ 175 ਮੀਟਰ ਗਹਿਰੀ, ਬਹੁਤ ਮਜ਼ਬੂਤ ਲੋਹੇ ਦੀ ਮਜ਼ਬੂਤ ਦੀਵਾਰਾਂ ਅੰਦਰ, ਜਦੋਂ ਪਦਾਰਥ ਵਿਚ ਮੌਜੂਦ ਪ੍ਰੋਟਰੋਨ, ਨਿਉਟਰੋਨ ਅਤੇ ਇਲੇਕਟਰੋਨ ਨੂੰ, ਬਹੁਤ ਸ਼ਕਤੀਸ਼ਾਲੀ, ਹਾਈਡਰੋ-ਕੋਲਾਈਡਰ ਮਸ਼ੀਨ ਨਾਲ ਤੋੜਿਆ ਗਿਆ, ਇਹ ਦੇਖਣ ਲਈ ਕਿ ਭਾਰਤੀ ਲੋਗ, ਕਣ-ਕਣ ਵਿਚ ਭਗਵਾਨ ਕਹਿੰਦੇ ਹਨ, ਉਹ ਸੁਪਰ ਪਾਵਰ, ਉਹ ਪਰਮ ਸ਼ਕਤੀ ਦਾ ਕੀ ਰਹੱਸ ਹੈ। ਜਦੋਂ ਮਸ਼ੀਨ ਨੇ ਪਦਾਰਥ ਨੂੰ ਤੋੜਿਆ ਤਾਂ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ, ਦੁਨੀਆਂ ਦੇ ਵਿਗਿਆਨੀ ਅਚੰਭਿਤ ਰਹਿ ਗਏ। ਉਸ ਪਦਾਰਥ ਦੇ ਪ੍ਰੋਟਰੋਨ ਨੂੰ ਤੋੜਿਆ ਤਾਂ ਉਸ 'ਚੋਂ ਨਿਕਲੀ ਪਰਮ ਸ਼ਕਤੀ ਨੇ 27 ਕਿਲੋ ਮੀਟਰ ਲੰਬੀ ਸੁਰੰਗ ਦੀਆਂ, ਦੋਹਾਂ ਪਾਸਿਆਂ ਦੀਆਂ ਦੀਵਾਰਾਂ ਤੇ, ਇਕ ਸੈਕੰਡ ਵਿਚ ਚਾਰ ਕਰੋੜ ਵਾਰ ਟੱਕਰਾਂ ਮਾਰੀਆਂ। ਵਿਗਿਆਨੀਆਂ ਕਿਹਾ, "This is God Particle ਇਹੋ ਰੱਬ ਹੈ।

ਅਸਾਂ ਭਾਰਤੀਆਂ ਨੇ, ਭਾਰਤ ਦੇ ਰਿਸ਼ੀਆਂ ਨੇ ਕਰੀਬ ਅੱਠ ਹਜ਼ਾਰ ਸਾਲ ਪਹਿਲਾਂ, ਉਸ ਸ਼ਕਤੀ ਨੂੰ ਪਛਾਣ ਲਿਆ ਔਰ ਨਾਮ ਦਿੱਤਾ, "ਰਾਮ"!

"ਰਾਮ", ਨਿਰਗੁਣ ਅਤੇ ਸਰਗੁਣ ਦੋ ਰੂਪਾਂ ਵਿਚ, ਬਿੰਬਤ ਹੋਏ। ਸਰਗੁਣ ਰੂਪ, ਦੇਹ ਰੂਪ ਵਿਚ ਜਗ ਤੇ ਅਵਤਰਿਤ ਦਸ਼ਰਥ ਪੁੱਤਰ ਰਾਮ ਅਤੇ ਸਭ ਵਿਚ ਰਮੇ ਹੋਏ, ਅਦਿੱਖ-ਬ੍ਰਹਮ ਰੂਪ "ਰਾਮ।" ਇਹਨਾਂ ਦੋਹਾਂ ਵਿਚਾਰਧਾਰਾਵਾਂ ਦਾ ਅਨੁਯਾਈਆਂ ਵਿਚ, ਦੀਰਘ ਕਾਲ ਤਕ ਵਿਵਾਦ ਭੀ ਚਲਦਾ ਰਿਹਾ। ਸਾਕਾਰ-ਨਿਰਾਕਾਰ ਮਤਭੇਦ ਰੂਪ ਵਿੱਚ!

ਇਕ ਵਾਰ, ਮਾਘ ਦੇ ਮਹੀਨੇ, ਜਦੋਂ ਸੂਰਜ ਮੱਕਰ ਰਾਸ਼ੀ ਵਿੱਚ ਪ੍ਰਵੇਸ਼ ਕੀਤਾ, ਉਦੋਂ ਹਰ ਸਾਲ ਦੀ ਤਰ੍ਹਾਂ ਤ੍ਰਿਵੇਣੀ ਤਟ ਤੇ, ਮਹਾਂਰਿਸ਼ੀ ਭਾਰਦਵਾਜ ਜੀ ਦੇ ਆਸ਼ਰਮ ਤੇ ਸਾਧੂਆਂ-ਸੰਤਾਂ ਦਾ ਜਮਾਵੜਾ ਹੋਇਆ। ਇਕ ਮਹੀਨਾ ਤਕ, ਤੜ੍ਹਕੇ ਦਾ ਤ੍ਰਿਵੇਣੀ ਇਸ਼ਨਾਨ, ਪੂਜਾ, ਧਿਆਨ ਹੁੰਦਾ, ਸੂਰਜ ਉਦੈ ਹੋਣ ਤੇ ਮਹਾਂਰਿਸ਼ੀ ਯੱਗਵੱਲਕ ਜੀ ਕਥਾ ਕਰਦੇ। ਇਕ ਮਹੀਨਾ ਸੰਤ ਸਮਾਗਮ ਹੁੰਦਾ, ਫਿਰ ਸਾਰੇ, ਆਪਣੇ-ਆਪਣੇ ਆਸ਼ਰਮ, ਜੰਗਲਾਂ-ਪਹਾੜਾਂ ਵਲ ਪਰਤ ਜਾਂਦੇ। ਇਕ ਵਾਰ, ਇਕ ਮਹੀਨੇ ਦੇ ਪ੍ਰਵਾਸ ਮਗਰੋਂ, ਯੱਗ ਵਲੱਕ ਜੀ ਜਾਣ ਲੱਗੇ ਤਾਂ ਭਾਰਦਵਾਜ ਜੀ ਨੇ ਪੈਰ ਫੜ ਲਏ।

"ਕਵਣ ਰਾਮ ਪੂਛਉ ਪ੍ਰਭ ਤੋਹੀ॥ ਕ੍ਰਿਪਾ ਕਰਿ ਏਹੀ ਬਤਾਵਹੁ ਮੋਹੀ॥"

ਹੇ ਸੰਤ ਸ਼ਿਰੋਮਣੀ, ਮੇਰੇ ਤੇ ਅਨੁਕੰਪਾ ਕਰੋ, ਮੈਨੂੰ ਦੱਸੋ, ਰਾਮ ਕੌਣ ਹੈ?

ਅਗੋਂ ਕਹਿੰਦੇ ਹਨ—

ਏਕ ਰਾਮ ਅਵਧੇਸ਼ ਕੁਮਾਰਾ॥ ਤਿਨੁ ਕਰਿ ਬਿਦਿਤ ਸਕਲ ਸੰਸਾਰਾ॥
ਨਾਰੀ ਬਿਰਹ ਦੁੱਖ ਲਹਉ ਅਪਾਰਾ॥ ਭਯਉ ਰੋਸ ਰੁਣ ਰਾਵਣ ਮਾਰਾ॥
ਪ੍ਰਭੂ ਸੋਈ ਰਾਮ ਕਿ ਅਵਰ ਕੋਊ, ਜਾਸੁ ਜਪਤ ਤ੍ਰਿਪੁਰਾਰਿ॥
ਸਤਿਆ ਧਾਮ ਸਰਵੱਗ ਤੁਮ, ਕਹਹੁ, ਬਿਬੇਕ ਬੀਚਾਰ॥

ਅਰਜ਼ ਕਰਦੇ ਹਨ—

ਇਕ ਰਾਮ ਤਾਂ ਅਯੋਧਿਆ ਨਰੇਸ਼ ਦਸ਼ਰਥ ਦੇ ਪੁੱਤਰ ਸਨ। ਉਨ੍ਹਾਂ ਦੀ ਘਰ ਵਾਲੀ ਦਾ ਅਪਹਰਣ ਕਰ ਕੇ ਰਾਵਣ ਲੈ ਗਿਆ। ਕ੍ਰੋਧ ਆਇਆ, ਰਾਵਣ ਨੂੰ ਮਾਰਿਆ। ਉਹੀ ਰਾਮ? ਜਾਂ ਦੂਜਾ ਕੋਈ ਜਿਸ ਨੂੰ ਸ਼ਿਵਜੀ ਭੀ ਅਰਾਧਦੇ ਹਨ। ਤੁਸੀਂ ਸੰਤ ਜੀ, ਸਤਿ ਦੇ ਧਾਮ ਹੋ, ਸਰਵੱਗ ਹੋ, ਆਪਣੇ ਵਿਵੇਕ ਵੀਚਾਰ ਨਾਲ, ਇਹ ਗੁੰਝਲ ਖੋਲ੍ਹੋ॥

ਜਵਾਬ ਵਿਚ ਯੱਗਵੱਲਕ ਜੀ ਨੇ ਰਮਾਇਣ ਦਾ ਇਕ ਪ੍ਰਸੰਗ ਸੁਣਾਇਆ।

ਮਾਤਾ ਸੀਤਾ ਦਾ ਅਪਹਰਣ ਹੋ ਚੁਕਿਆ ਸੀ। ਭਗਵਾਨ ਰਾਮ ਅਤੇ ਲੱਛਮਣ, ਜੰਗਲ ਵਿਚ ਲੱਭਦੇ ਫਿਰਦੇ ਹਨ। ਸ੍ਰੀ ਰਾਮ, ਪੰਖੀਆਂ ਤੋਂ, ਹਿਰਨਾਂ ਤੋਂ, ਭੌਰਿਆਂ ਤੋਂ ਪੁਛਦੇ ਹਨ—

"ਹੇ ਖਗ ਹੇ ਮ੍ਰਿਗ ਹੇ ਮਧੁਕਰ ਸ਼੍ਰੇਣੀ॥
ਤੁਮ ਦੇਖੀ ਸੀਤਾ ਮ੍ਰਿਗ ਨੈਨੀ॥

ਤੁਸਾਂ ਹਿਰਨ ਵਾਂਗ ਨੇਤਰਾਂ ਵਾਲੀ ਮੇਰੀ ਸੀਤਾ ਕਿਤੇ ਵੇਖੀ ਹੈ? ਆਕਾਸ਼ ਮਾਰਗ ਤੋਂ, ਸ਼ਿਵ ਜੀ ਮਾਤਾ ਸਤੀ ਦੇ ਨਾਲ ਕੈਲਾਸ਼ ਪਰਬਤ ਨੂੰ ਜਾ ਰਹੇ ਸਨ। ਸ਼ਿਵਜੀ ਦੀ

ਨਜ਼ਰ, ਆਪਣੇ ਇਸ਼ਟ, ਭਗਵਾਨ ਰਾਮ ਤੇ ਪਈ। ਦਰਸ਼ਨ ਕਰ ਕੇ ਅਤਿ ਪ੍ਰਸੰਨ ਹੋਇ ਕਿਹਾ—

ਜੈ ਸੱਚਿਦਾਨੰਦ ਜਗ ਪਾਵਨ॥
ਅਸਿ ਕਹਿ ਚਲੇਉ-ਮਨੋਜ ਨਸਾਵਨ॥"

ਜੈ, ਸਤਿ ਚਿਤ ਆਨੰਦ, ਜਗ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ! ਇਵੇਂ ਕਹਿ ਕੇ, ਦੁਨੀਆਂ ਦੇ ਕਾਮ ਆਦਿ ਵਿਕਾਰਾਂ ਨੂੰ ਦੂਰ ਕਰਨ ਵਾਲੇ, ਭਗਵਾਨ ਸ਼ਿਵ ਜੀ, ਮ੍ਰਿਗਛਾਲਾ ਚੁੱਕ ਕੇ ਨੇੜਿਉਂ ਦਰਸ਼ਨ ਲਾਭ ਲੈਣ ਲਈ ਟੁਰ ਪਏ। ਵੇਖ ਕੇ, ਸਤੀ ਹੈਰਾਨ ਰਹਿ ਗਈ। ਤੁਸੀਂ ਇਹ ਕੀ ਕਰਦੇ ਹੋ। ਇਕ ਅਤਿ ਸਾਧਾਰਨ ਜਿਹਾ ਵਿਚਾਰਾ ਮਨੁੱਖ, ਜਿਹੜਾ ਆਪਣੀ ਜ਼ਨਾਨੀ ਨਹੀਂ ਲੱਭ ਸਕਦਾ ਪਿਆ... ਉਸ ਦੇ ਮਗਰ ਟੁਰ ਪਏ ਹੋ?

ਸ਼ਿਵਜੀ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਸਤੀ, ਇਹ ਜਗਤ ਨੂੰ ਪਵਿੱਤਰ ਕਰਨ ਲਈ ਨਰ ਰੂਪ ਧਾਰ ਪ੍ਰਗਟੇ ਹੋਇ, ਪਾਰਬ੍ਰਹਮ ਰਾਮ ਹਨ। ਤੂੰ ਸ਼ੰਕਾ ਨਾ ਕਰ। "ਨਹੀਂ", ਮੈਂ ਆਪ ਪਰਖ ਕਰਾਂਗੀ" ਸਤੀ ਨੇ ਕਿਹਾ। "ਜੈਸੀ ਪ੍ਰਭੂ ਦੀ ਇੱਛਾ"— ਸ਼ਿਵਜੀ ਨੇ ਸ਼ਾਂਤ ਚਿਤ ਕਿਹਾ। ਸਤੀ ਜੰਗਲ ਵਿਚ ਪਹੁੰਚ ਗਈ। ਸ਼ਕਤੀਆਂ ਤਾਂ ਹੈ ਹੀ ਸਨ। ਮਾਂ ਸੀਤਾ ਦਾ ਰੂਪ ਧਾਰ ਲਿਆ। ਜਿਸ ਰਾਹ ਤੇ ਸ੍ਰੀ ਰਾਮ ਜਾ ਰਹੇ ਸਨ, ਅੱਗੋਂ ਆਏ ਮਿਲੀ। ਸੋਚਿਆ ਸੀ, ਵਿਛੜੀ ਹੋਈ ਸੀਤਾ ਵੇਖ ਕੇ ਉਨਮਾਦਤ ਹੋਇ ਮਿਲਣਗੇ। ਪਰ ਇਹ ਭੁੱਲ ਗਈ ਕਿ

ਸਭਿਹਿਨ ਛਲਿਤ ਆਪ ਨ ਛਲਾਇਆ॥
ਤਾਂ ਤੇ ਛਲੀਆ ਨਾਮ ਕਹਾਇਆ॥

ਸਾਰੇ ਜੱਗ ਨੂੰ ਛਲਣ ਵਾਲੇ ਨੂੰ ਭ੍ਰਮਿਤ ਕਰਨ ਟੁਰ ਪਈ ਸੀ। ਭਗਵਾਨ ਨੇ, ਸੀਤਾ ਭੇਖ ਵਿਚ, ਮਾਂ ਸਤੀ ਨੂੰ ਵੇਖਿਆ। ਹੱਥ ਜੋੜ, ਸੀਸ ਨਿਵਾ ਕੇ ਨਮਸਕਾਰ ਕੀਤੀ ਤੇ ਕਿਹਾ, ਮਾਤੇ ਤੁਸੀਂ ਇਥੇ ਕਿਵੇਂ? ਭਗਵਾਨ, ਆਸ਼ੁਤੋਸ਼ ਕਿੱਥੇ ਹਨ?

ਚੋਰੀ ਫੜੀ ਗਈ... ਸ਼ਰਮਿੰਦੀ ਹੋਈ ਸਤੀ ਆਕਾਸ਼ ਨੂੰ ਉੱਡ ਗਈ। ਸ਼ਿਵਜੀ ਨੇ ਮੂੰਹ ਫੇਰ ਲਿਆ। ਕਹਿੰਦੀ ਮੈਂ ਭ੍ਰਮਿਤ ਹੋ ਗਈ, ਭੁੱਲ ਹੋ ਗਈ, ਖ਼ਿਮਾ ਕਰੋ। ਨਹੀਂ ਸਤੀ, ਤੈਨੂੰ ਮੇਰੇ ਇਸ਼ਟ ਨੇ "ਮਾਂ" ਕਿਹਾ ਹੈ, ਤੂੰ ਮੇਰੇ ਲਈ ਭੀ "ਮਾਂ" ਸਮਾਨ ਹੋ ਗਈ। ਤੇਰਾ ਕਸੂਰ ਖਿਮਾ ਜੋਗ ਨਹੀਂ... ਤੂੰ ਮੇਰੇ ਗੁਰੂ ਤੇ ਸ਼ੰਕਾ ਕੀਤੀ ਹੈ। ਹੁਣ ਅਗਲੇ ਜਨਮ ਸਾਡਾ ਮਿਲਨ ਹੋ ਸਕਦਾ ਹੈ, ਇਸ ਜਨਮ, ਕਦਾਚਿਤ ਨਹੀਂ। ਸਤੀ ਦੁਖੀ ਮਨ ਉਥੋਂ ਪਿਤਾ "ਯੱਛ ਪ੍ਰਜਾਪਤੀ" ਕੋਲ ਚਲੀ ਗਈ। ਯੱਗ ਦੇ ਅਗਨ-ਕੁੰਡ ਵਿਚ ਛਾਲ ਮਾਰ ਕੇ ਮਰ ਗਈ। ਯੱਗਵੱਲਕ ਜੀ ਕਹਿੰਦੇ ਹਨ, ਸਰਗੁਣ, ਨਿਰਗੁਣ ਦੋਵੇਂ ਅਭੇਦ ਹਨ।

"ਅਗੁਣ, ਅਰੂਪ, ਅਲਖ, ਅਜ ਜੋਈ॥
ਭਗਤ ਹੇਤੁ ਸਗੁਣ ਸੋ ਹੋਈ॥

ਭਗਤਾਂ ਹਿਤ, ਉਹੋ ਨਿਰਾਕਾਰ, ਸਾਕਾਰ ਰੂਪ ਲੈਂਦਾ ਹੈ, ਦੇਹਧਾਰ ਜਗ ਤੇ ਪ੍ਰਗਟ ਹੁੰਦਾ ਹੈ।

ਨਿਰਾਕਾਰ ਅਤੇ ਸਾਕਾਰ ਦੇ ਝਗੜੇ ਨੇ ਹੀ ਅੱਗੋਂ ਅਦਵੈਤ ਅਤੇ ਦਵੈਤ ਮਤ ਦਾ ਰੂਪ ਧਾਰਿਆ। ਗੁਰੂ ਨਾਨਕ ਧਰਮ ਦਰਸ਼ਨ ਨੇ, ਇਸ ਵਿਵਾਦ ਨੂੰ ਸ਼ਾਂਤ ਕਰਨ ਦੇ ਭਰਪੂਰ ਯਤਨ ਕੀਤੇ।

ਪੰਜਵੇ ਪਾਤਸ਼ਾਹ, "ਸੁਖਮਨੀ" ਵਿਚ ਕਹਿੰਦੇ ਹਨ—

"ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥"

ਇਹ ਦੇਹਧਾਰੀ, ਸਰਗੁਣ ਸਰੂਪ ਜਗਤ ਲਈ ਬਹੁਤ ਉਪਯੋਗੀ ਹੈ। ਨਿਰਾਕਾਰ ਨੂੰ, ਅਣਦਿਖਦੇ "ਰਾਮ" ਨੂੰ ਸ਼ਾਇਦ ਕਰੋੜਾਂ ਵਿਚ ਕੋਈ ਵਿਰਲਾ, ਚਿੱਤ ਵਿਚ ਅਹਿਸਾਸ ਕਰੇ। ਸੰਸਾਰ ਨੂੰ ਤਾਂ ਦਿਖਦਾ, ਦੇਹਧਾਰੀ ਗੁਰੂ ਚਾਹੀਦਾ ਹੈ, ਪ੍ਰਗਟ "ਰਾਮ" ਜਿਹੜਾ ਨਰਸਿੰਘ ਰੂਪ ਧਾਰ, ਹਰਨਾਕਸ਼ ਤੋਂ ਜਗ ਨੂੰ ਮੁਕਤ ਕਰੇ, ਰਾਮ ਬਣ ਕੇ ਰਾਵਣ ਦਾ ਸੰਘਾਰ ਕਰੇ, ਦੁਰਗਾ ਬਣ ਕੇ ਮਹਿਖਾਸੁਰ ਨੂੰ ਮਾਰੇ। ਜਗ ਤੇ ਸੁਰ ਅਤੇ ਅਸੁਰ ਪ੍ਰਵਿਰਤੀ ਦੇ ਲੋਗ ਸਦਾ ਰਹੇ ਹਨ, ਸਦਾ ਰਹਿਣਗੇ, ਅੱਜ ਵੀ ਹੰਕਾਰੀ ਹਰਨਾਕਸ਼, ਸਮਾਜ ਨੂੰ ਭੈਅ ਭੀਤ ਕਰ ਰਹੇ ਹਨ... ਅਜ ਭੀ ਕਈ, ਸੀਤਾ ਸਰੂਪ ਲੜਕੀਆਂ, ਔਰਤਾਂ, ਅਜੋਕੇ ਰਾਵਣ ਦੇ ਚੰਗੁਲ ਵਿਚ, ਮੁਕਤੀ ਲਈ ਪੁਕਾਰਦੀਆਂ ਹਨ... ਅੱਜ ਭੀ ਕਈ ਕੌਡੇ ਰਾਖਸ਼ ਮਾਨਸ ਭੇਂਛੀ ਫਿਰ ਰਹੇ ਹਨ, ਕਈ ਸੱਜਣ ਠੱਗ, ਭੋਲੇ ਲੋਗਾਂ ਦਾ ਸ਼ੋਸ਼ਨ ਕਰ ਰਹੇ ਹਨ। ਲੋਗ ਦੁਖੀ ਹਨ, ਇਹਨਾਂ ਦੁਸ਼ਟਾਂ ਦੇ ਨਾਸ਼ ਲਈ ਅਰਦਾਸਾਂ ਕਰਦੇ ਹਨ। ਤਾਂ ਹੀ ਦੁਰਗਾ ਪੂਜਾ ਦੇ ਦਿਨਾਂ ਵਿਚ, ਦੁਰਗਾ ਸਪਤਸ਼ਤੀ ਹਰ ਘਰ ਵਿਚ ਗੂੰਜਦੀ ਹੈ। ਰਾਵਣ ਦਾ ਪੁਤਲਾ ਸੜਦਿਆਂ ਵੇਖ ਅੰਦਰ ਕਿਤੇ ਭਰੋਸਾ ਜਾਗਦਾ ਹੈ, ਮੈਨੂੰ ਸਤਾਉਣ ਵਾਲਾ, ਬਲੈਕਮੇਲ ਕਰਨ ਵਾਲਾ, ਇਹ "ਰਾਵਣ" ਭੀ ਇਕ ਦਿਨ "ਰਾਮ" ਮਾਰੇਗਾ, ਇਸੇ ਤਰਾਂ ਧੂੰ ਧੂੰ ਕਰ ਕੇ ਸੜੇਗਾ।

ਦੁਨੀਆਂ ਦੇ ਤੀਰਥ ਸਥਾਨ, ਮੰਦਰ, ਗੁਰਦੁਆਰੇ ਧਰਮ ਸਥਾਨ, ਸਾਰੇ ਦੇਹਧਾਰੀ ਗੁਰੂਆਂ ਸੰਤਾਂ, ਪੀਰਾਂ, ਨਰ ਅਵਤਾਰਾਂ ਦੇ ਹਨ। ਅਕਾਲ ਪੁਰਖ ਦਾ, ਨਿਰਾਕਾਰ ਦਾ ਕੋਈ ਆਰਾਧਨਾ ਸਥਲ ਨਹੀਂ ਹੈ। ਜਿਥੋਂ ਦੇਹਧਾਰੀ ਗਿਆ, ਉਹ ਥਾਨ ਪਵਿੱਤਰ ਮੰਨਿਆ ਗਿਆ—

"ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮਰਾਜੇ ॥"

ਦੇਹਧਾਰੀ ਦੇ ਮੁੱਖ ਤੋਂ ਜਿਹੜੀ ਬਾਣੀ ਨਿਕਲੀ, ਉਹ "ਗੁਰਬਾਣੀ" ਰੂਪ ਪ੍ਰਤਿਸ਼ਠਿਤ ਹੋਈ... ਜਿਥੇ ਚਰਣ ਛੋਹ ਪ੍ਰਾਪਤ ਹੋਈ, ਉਥੇ ਇਤਿਹਾਸਕ ਗੁਰਦੁਆਰੇ ਸਿਰਜਤ ਹੋਏ। ਹੱਥ ਲਾਇਆ ਤਾਂ ਪੰਜਾ ਸਾਹਿਬ, ਪੈਰ ਕੀ ਖੜਾਂਉ ਲਾ ਪਾਣੀ ਵਗਾਇਆ ਤਾਂ ਨਾਨਕ ਝੀਰਾ ਸਾਹਿਬ, ਪ੍ਰਗਟਿਆ। ਦੇਹ ਧਾਰੀ ਸਤਿਗੁਰ, ਨਰ ਅਵਤਾਰ, ਜਗਤ ਲਈ ਬਹੁਤ ਉਪਯੋਗੀ ਹਨ। ਪ੍ਰਗਟ ਗੁਰੂ, ਪ੍ਰਗਟ ਰਾਮ... ਕਣ-ਕਣ ਵਿਚ ਸਾਰੀ ਕਾਯਨਾਤ ਵਿਚ ਬਿਖਰੇ ਹੋਏ, ਰਮੇ ਹੋਏ "ਰਾਮ" ਦਾ ਦੇਹਧਾਰੀ ਸਰੂਪ "ਰਾਮ!" ਜਗ ਸਦਾ ਦੁਖ ਦੇ ਵੇਲੇ ਪ੍ਰਕਟ "ਰਾਮ" ਨੂੰ ਪੁਕਾਰਦਾ ਹੈ।

ਭਗਤ ਕਬੀਰ ਜੀ ਕਹਿੰਦੇ ਹਨ, "ਰਾਮ" ਪ੍ਰਾਪਤ ਹੋ ਜਾਏ, ਹਿਰਦੇ ਵਿਚ ਪ੍ਰਗਟ

ਹੋ ਜਾਇ ਤਾਂ ਫਿਰ ਸ਼ਾਂਤ, ਮੌਨ ਹੋ ਜਾਣਾ ਚਾਹੀਦਾ ਹੈ, ਕਿਸੇ ਸਾਮ੍ਹਣੇ ਬਾਹਰ ਨਹੀਂ ਖੋਲ੍ਹਣਾ ਚਾਹੀਦਾ ਹੈ। ਸਿੱਪੀ ਰੱਬ ਤੋਂ ਸਵਾਂਤ ਬੂੰਦ ਮੰਗਦੀ ਹੈ, ਕਿਸੇ ਸੁਲੱਖਣੀ ਘੜੀ, ਕਿਸੇ ਭਾਗਾਂ ਵੇਲੇ ਇਕ ਬੂੰਦ ਸਵਾਂਤ ਦੀ ਮੂੰਹ ਵਿਚ ਪੈਂਦੀ ਹੈ ਔਰ ਮੂੰਹ ਬੰਦ ਕਰ ਕੇ ਸਿੱਪੀ, ਸਾਗਰ ਦੇ ਗਹਿਰੇ ਤਲ ਤੇ ਜਾ ਬਹਿੰਦੀ ਹੈ... ਜਗ ਨੂੰ ਕੀਮਤੀ ਮੋਤੀ ਦਿੰਦੀ ਹੈ। ਇਹ ਅੰਤਰ ਆਤਮਾ ਦਾ ਤਲ ਹੁੰਦਾ ਹੈ, ਅੰਤਰ ਮਿਲਨ ਦਾ ਤਲ। ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਕਹਿੰਦੇ ਹਨ—

"ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ"...

10
"ਨਾ ਹਮ ਉਤਮ ਨੀਚ ਨਾ ਮੱਧਿਮ"

ਸਿਰਜਨਹਾਰ ਪ੍ਰਮਾਤਮਾ ਨੇ ਤਾਂ ਇਕ ਧਰਤੀ, ਇਕ ਜੀਅ ਬਣਾਇਆ, ਮਨੁੱਖ ਨੇ, ਮਹਾਦੀਪਾਂ, ਦੇਸ਼ਾਂ, ਪ੍ਰਾਂਤਾਂ, ਨਗਰਾਂ ਵਿਚ ਧਰਤੀ ਵੰਡ ਲਈ। ਅਮੀਰ, ਗ਼ਰੀਬ, ਜਾਤਾਂ, ਭਾਸ਼ਾਵਾਂ, ਮਨੁੱਖ ਨੂੰ ਕਈ ਵਰਗਾਂ ਵਿਚ ਵੰਡ ਦਿੱਤਾ। ਉਤਮ, ਮੱਧਿਮ ਅਤੇ ਨੀਚ, ਤਿੰਨ ਸਮੂਹ ਬਣ ਗਏ। ਹਰ ਵਰਗ-ਸਮੂਹ ਆਪਣੇ ਆਪ ਨੂੰ ਉੱਤਮ ਵੇਖਣਾ ਚਾਹੁੰਦਾ ਹੈ। ਜੋ ਨਿਮਨ ਹੈ, ਉਹ ਮੱਧਿਮ ਹੋਣਾ ਚਾਹੁੰਦਾ ਹੈ, ਮੱਧਿਮ ਹੋਰ ਉਪਰਲੇ ਤਲ, ਉੱਤਮ ਤੇ ਪਹੁੰਚਣਾ ਚਾਹੁੰਦਾ ਹੈ। ਜਿਹੜਾ ਉਪਰ ਹੈ, ਧਨਪਤੀ, ਸ਼ਾਸਕ ਵਰਗ, ਉਹ ਯਥਾ ਸਥਿਤੀ ਬਣਾਈ ਰੱਖਣ ਲਈ ਤੋੜ ਭੰਨ ਵਿਚ ਲੱਗਾ ਹੈ। ਇਸ ਉਪਰਾਲੇ ਵਿਚ ਹਰ ਮਨੁੱਖ ਸੰਘਰਸ਼ ਰਤ ਦਿਸਦਾ ਹੈ। ਮਨੁੱਖ ਸਮਾਜ ਦੀ ਮੁੱਖ ਸਮੱਸਿਆ ਇਹੋ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਸ ਮਨੋਦਸ਼ਾ ਨੂੰ ਸਮਝ ਲਿਆ। ਸੁਖੀ ਹੋਣ ਲਈ ਇਕ ਗਹਿਰਾ ਰਹੱਸ ਖੋਲ੍ਹਦੇ ਹਨ। ਗੂਜਰੀ ਰਾਗ ਵਿਚ, ਮੰਤਰ ਦਿੰਦੇ ਹਨ—

ਜਗ ਵਿਚ, ਕੋਈ ਉੱਤਮ, ਨੀਚ ਜਾਂ ਮੱਧਿਮ ਨਹੀਂ ਹੁੰਦਾ। ਪਿਛਲੇ ਕਰਮਾਂ ਅਨੁਸਾਰ, ਇਹ ਜਨਮ ਮਿਲਿਆ। ਇਸ ਜਨਮ ਦੀ ਸੁਰਤਿ ਅਤੇ ਕਰਮ ਅਨੁਸਾਰ, ਸੁਖੀ, ਸ਼ਾਂਤ ਅਤੇ ਜੀਵਨ ਮੁਕਤ ਹੋ ਸਕਦਾ ਹੈ।

ਪਹਿਲਾ ਪਾਇਦਾਨ ਹੈ, ਸਤਿਗੁਰ-ਪਰਮੇਸ਼ਰ ਦੇ ਪ੍ਰਤੀ ਸ਼ਰਣਾਗਤ ਭਾਵ ਵਿਚ ਸਮਰਪਿਤ ਹੋ ਜਾਣਾ। ਗੁਰੂ ਫਿਰ ਅਗਲੀ ਸੰਥਿਆ ਦਿੰਦਾ ਹੈ—

"ਨਾਮ ਰਤੇ, ਕੇਵਲ ਬੈਰਾਗੀ, ਸੋਗ, ਬਿਜੋਗ, ਬਿਸਰਜਿਤ ਰੋਗ॥"

ਨਾਮ ਪਰਮੇਸ਼ਰ ਦਾ ਹੈ, ਨਾਮ ਰਾਹੀਂ ਪਰਮੇਸ਼ਰ ਨੂੰ ਮੁਖ਼ਾਤਿਬ ਹੋ ਜਾਣਾ। ਉਸ ਤਲ ਤੇ ਇਕ ਘਟਨਾ ਘਟਦੀ ਹੈ। ਪਰਿਵਾਰ ਨਾਲ, ਧਨ-ਸੰਪਤੀ ਨਾਲ, ਰਾਗ ਸੀ, ਪਿਆਰ ਸੀ, ਮੋਹ ਸੀ। ਇਹਨਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਲੋਭ ਸੀ। ਇਸ ਤਲ ਤੋਂ ਪੈਰ, ਰਾਗ ਤਲ ਤੋਂ ਉਪਰਲੇ ਪਾਇਦਾਨ ਤੇ ਰੱਖਣਾ ਹੁੰਦਾ ਹੈ। ਇਹ ਪਾਇਦਾਨ ਵੈਰਾਗ ਦਾ ਹੈ... ਬਸੰਤ ਰਾਗ ਦਾ ਹੈ। ਇਥੇ ਪਹੁੰਚ ਕੇ, ਜਗ ਦੇ ਰਾਗ-ਦਵੇਸ਼ ਪਿੱਛੇ ਛੁੱਟ ਜਾਂਦੇ ਹਨ... ਮੋਹ-ਭੰਗ ਹੋ ਜਾਂਦਾ ਹੈ। ਇਸ ਤੱਲ਼ ਤੇ ਸਤਿਗੁਰ ਕਿਰਪਾ ਨਾਲ ਫੁੱਲਾਂ ਦੀ, ਆਤਮ ਆਨੰਦ ਦੀ ਮਨੋਰਮ ਘਾਟੀ ਵਿਚ ਪਹੁੰਚ ਜਾਈਦਾ ਹੈ। ਇਸ ਤਲ ਤੇ, "ਸੋਗ, ਬਿਜੋਗ, ਬਿਸਰਜਿਤ ਰੋਗ॥"

ਸਤਿਗੁਰ ਕਹਿੰਦੇ ਹਨ—ਸੋਗ, ਵਿਯੋਗ, ਰੋਗ, ਇਹ ਸਾਰੇ ਇਕ ਦੂਜੇ ਦੇ ਨਾਲ ਹੀ ਆਉਂਦੇ ਹਨ।

ਗੁਰੂ ਨਾਨਕ ਪਾਤਸ਼ਾਹ ਸ੍ਰੀ ਲੰਕਾ ਗਏ। ਰਾਜਮਹਿਲ ਦੀਆਂ ਸੁੰਦਰੀਆਂ,

ਨਰਤਕੀਆਂ, ਕਾਮ ਉੱਤੇਜਕ ਭਾਵ ਮੁਦਰਾ ਵਿਚ ਰਿਝਾਉਣ ਦਾ ਉਪਕ੍ਰਮ ਕਰਨ ਲੱਗੀਆਂ। ਪਾਤਸ਼ਾਹ ਨੇ ਬਸੰਤ ਰਾਗ ਵਿਚ ਪਵਿੱਤਰ ਗੁਰਬਾਣੀ ਰਾਹੀਂ ਸੁਮੱਤਿ ਦਿੱਤੀ—

"ਕਾਮਨਿ ਚਾਹੈ ਸੁੰਦਰ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥
ਖੀਲੈ ਬਿਗਸੈ ਤੇਤੋ ਸੋਗ ॥"

ਕਾਮਨੀ ਦਾ ਅਰਥ, ਔਰਤ ਲਾਇਆ ਜਾਂਦਾ ਹੈ। ਇਸ ਅਰਥ ਵਿਚ, ਮਾਤਰ ਔਰਤਾਂ ਹੀ ਭੋਗ-ਬਿਰਤੀ ਦਾ ਪਾਤਰ ਸਮਝੀਆਂ ਜਾਣਗੀਆਂ, ਮਰਦ ਵੱਖਰੇ ਰਹਿ ਜਾਣਗੇ। ਭੋਗ ਬਿਰਤੀ ਵਿਚ ਰੱਤੇ ਹੋਏ ਪੁਰਸ਼ ਭੋਗ, ਕਲੰਕ ਤੋਂ ਵੱਖ ਰਹਿ ਜਾਣਗੇ। ਇਹ ਮੁਕੰਮਲ ਅਰਥਬੋਧ ਨਹੀਂ ਹੋ ਸਕਦਾ। ਕਾਮ ਦਾ ਜਨਮ, ਮਨ ਤੋਂ ਹੁੰਦਾ ਹੈ। ਮਨ ਦੀ ਇੱਛਾ ਅਨੁਸਾਰ, ਇੰਦ੍ਰੀਆਂ, ਕਾਰਜਸ਼ੀਲ ਹੁੰਦੀਆਂ ਹਨ। ਸੋ "ਕਾਮਨਿ" ਦਾ ਸਹੀ ਅਰਥ ਹੈ, ਕਾਮ ਨੂੰ ਜਨਮ ਦੇਣ ਵਾਲਾ ਮਨ। ਇਹ ਮਨ, ਨਾਰੀ-ਪੁਰਖ ਦੋਹਾਂ ਵਿਚ ਸਮਾਨ ਰੂਪ ਵਿਚ ਕ੍ਰਿਆਸ਼ੀਲ ਰਹਿੰਦਾ ਹੈ।

ਤਾਂ, ਸ੍ਰੀ ਲੰਕਾ ਦੀਆਂ ਸੁੰਦਰੀਆਂ ਨੂੰ ਉਪਦੇਸ਼ ਦਿੰਦਿਆਂ, ਗੁਰੂ ਨਾਨਕ ਪਾਤਸ਼ਾਹ ਨੇ ਕੁਦਰਤ ਦੇ ਰਹੱਸ ਨੂੰ ਖੋਲ੍ਹਿਆ। ਮਨੁੱਖ ਦੇ ਰੋਗ ਦਾ ਨਿਦਾਨ ਦੱਸਿਆ—

ਮਨ, ਭੋਗ ਚਾਹੁੰਦਾ ਹੈ। ਇਹ ਭੋਗ, ਨਾਰੀ, ਧਨ, ਨਿਆਰੇ ਸੁਆਦਲੇ ਭੋਜਨ ਦੇ ਰੂਪ ਵਿਚ ਭੋਗਦਾ ਹੈ। ਸਤਿਗੁਰ ਕਹਿੰਦੇ ਹਨ—

"ਪਾਨ, ਫੂਲ, ਮੀਠੇ ਰਸ ਰੋਗ ॥ ਖੀਲੈ ਬ੍ਰਿਗਸੈ ਤੇਤੋ ਸੋਗ ॥"

ਭੋਗ ਤੋਂ ਰੋਗ ਪੈਦਾ ਹੁੰਦੇ ਹਨ ਅਤੇ ਫਿਰ ਸੋਗ ਹੁੰਦਾ ਹੈ। ਦੁਖੀ ਰੋਗੀ ਪਛਤਾਉਂਦਾ ਹੈ। ਇਹ ਤਿੰਨੇ, ਭੋਗ, ਰੋਗ ਅਤੇ ਸੋਗ, ਇਕ ਦੂਜੇ ਦੇ ਨਾਲ ਹੀ ਆਉਂਦੇ ਹਨ। ਪ੍ਰਬੁੱਧ ਜਨ, ਇਹਨਾਂ ਤੋਂ ਪਰਹੇਜ਼ ਕਰਦੇ ਹਨ... ਸੰਯਮ ਨਾਲ ਭੋਗਦੇ ਹਨ। ਕਿਤਨਾ ਗਹਿਰਾ ਮਨੋਵਿਗਿਆਨ, ਸਤਿਗੁਰਾਂ ਨੇ ਸਹਜੇ ਹੀ ਖੋਲ੍ਹ ਦਿੱਤਾ।

ਕਈ ਕਹਿੰਦੇ-ਲਿਖਦੇ ਹਨ—

"Sikhism is a scientific religion."

ਇਸ ਵਾਕ ਤੇ ਮੇਰੀ ਸਹਿਮਤੀ ਨਹੀਂ ਹੈ। "ਵਿਗਿਆਨ" ਸ਼ਬਦ ਸਿੱਖੀ ਲਈ ਸਵੀਕਾਰ ਹੈ, "ਸਾਈਂਸ"—ਨਹੀਂ। ਵਿਗਿਆਨ ਦਾ ਅਰਥ ਹੈ, "ਵਿਸ਼ੇਸ਼ ਗਿਆਨ"! ਇਹ ਵਿਸ਼ੇਸ਼ ਗਿਆਨ, ਆਤਮ ਗਿਆਨ ਹੈ, ਤੱਤ ਗਿਆਨ ਹੈ, ਬ੍ਰਹਮ ਗਿਆਨ ਹੈ। ਇਹ ਸਾਰਥਕ ਸ਼ਬਦ ਹੈ। ਪਰ ਜਿਸ ਨੂੰ ਅਸੀਂ ਸਾਈਂਸ ਕਹਿੰਦੇ ਹਾਂ, ਉਹ ਪ੍ਰਯੋਗਸ਼ਾਲਾ ਵਿਚ ਜਿਹੜਾ ਨਿਸ਼ਕਰਸ਼ ਨਿਕਲੇ, ਉਸ ਤੇ ਪਰਚਾ ਤਿਆਰ ਕਰਦੇ ਹਨ। ਜੇ ਉਹ ਨਿਸ਼ਕਰਸ਼, ਸਾਈਂਟਿਸਟਾਂ ਦੀ ਜਮਾਤ ਵਲੋਂ 95% ਮੰਜ਼ੂਰ ਕਰ ਲਿਆ ਜਾਏ ਤਾਂ ਉਹ "ਥਿਊਰੀ" ਬਣਦੀ ਹੈ ਅਤੇ ਉਹ ਥਿਊਰੀ ਭੀ ਸੌ ਪੰਜਾਹ ਸਾਲਾਂ ਵਿਚ ਹੀ ਨਵੇਂ ਪ੍ਰਯੋਗ, ਨਵੀਂ ਥਿਊਰੀ ਦੁਆਰਾ ਚੈਲੇਂਜ ਕਰ ਦਿੱਤੀ ਜਾਂਦੀ ਹੈ। ਸਾਈਂਸ ਦੀ ਕੋਈ ਭੀ ਥਿਊਰੀ ਸਦੀਵੀ ਨਹੀਂ ਰਹਿੰਦੀ। ਪਹਿਲਾਂ ਕਿਹਾ ਗਿਆ, ਧਰਤੀ ਚਿਪਟੀ ਹੈ ਅਤੇ ਸੂਰਜ ਧਰਤੀ ਦੇ ਦੁਆਲੇ ਭਉਂਦਾ ਹੈ। 17ਵੀਂ ਸਦੀ ਵਿਚ ਗਲੈਲੀਓ ਨੇ ਆਪਣੇ ਆਵਿਸ਼ਕਾਰ, ਮਾਈਕ੍ਰੋਮੀਟਰ ਦੇ ਆਧਾਰ ਤੇ ਕਿਹਾ ਕਿ ਧਰਤੀ ਚਪਟੀ ਨਹੀਂ ਬਲਕਿ ਗੋਲ ਹੈ ਅਤੇ

ਸੂਰਜ ਨਹੀਂ, ਧਰਤੀ ਹੀ ਸੂਰਜ ਦੁਆਲੇ ਭਉਦੀ ਹੈ। ਹਾਲਾਂਕਿ ਇਸ ਸਿਧਾਂਤ ਨੂੰ ਖਾਰਿਜ ਕਰਦਿਆਂ, ਵੇਲੇ ਦੀ ਧਰਮ ਮਾਨਤਾ ਦੇ ਖ਼ਿਲਾਫ਼ ਹੋਣ ਦਾ ਫਤਵਾ ਲਾ ਕੇ, ਗਲੈਲੀਓ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬੰਦੀ ਗ੍ਰਿਹ ਵਿਚ ਹੀ ਸੰਨ 1642 ਵਿਚ ਮੌਤ ਹੋ ਗਈ। 17ਵੀਂ ਸਦੀ ਵਿਚ ਹੀ ਸਰ ਆਈਜ਼ਕ ਨਿਉਟਨ ਨੇ, ਗੁਰੁੱਤਵਾਕਰਖਣ ਦਾ ਕਾਨੂੰਨ—"Law of gravitation"

ਅਤੇ ਤਿੰਨ ਗਤੀ ਸਿਧਾਂਤ—"Three Laws of motion" ਦਿੱਤੇ। ਸੰਨ 1905 ਵਿਚ ਅਲਬਰਟ ਆਈਂਸਟੀਨ ਦੀ ਨਵੀਂ ਥਿਊਰੀ, "Law of Relativity" ਨੇ ਖਾਰਿਜ ਕਰ ਦਿਤਾ। ਸਾਈਂਸ ਦਾ ਕੋਈ ਭੀ ਸਿਧਾਂਤ, ਸਦੀਵੀ ਨਹੀਂ ਰਹਿ ਸਕਦਾ, ਜਦਕਿ ਗੁਰੂ ਨਾਨਕ ਪਾਤਸ਼ਾਹ ਦਾ "ੴ" ਜਾਂ "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"—ਰਹਿੰਦੀ ਦੁਨੀਆਂ ਤਕ ਕਦੀ ਕਟਿਆ ਨਹੀਂ ਜਾ ਸਕਦਾ। ਇਹ ਕਾਲ ਅਤੀਤ ਸਚ ਹੈ।

ਹਰਿਦੁਆਰ ਦੇ ਪੰਡਿਤ, ਗੁਰੂ ਨਾਨਕ ਨੂੰ ਕਹਿੰਦੇ ਹਨ, ਕਿਸੇ ਉੱਚੇ ਕੁਲ ਦੇ ਲਗਦੇ ਹੋ! ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਐ ਜੀ, ਨਾ ਹਮ ਉਤਮ ਨੀਚ ਨ ਮੱਧਿਮ, ਹਰਿ ਸਰਣਾਗਤਿ ਹਰਿ ਕੇ ਲੋਗ ॥"

ਹਮ ਦਾ ਅਰਥ ਹੈ, ਅਸੀਂ-ਤੁਸੀਂ ਸਾਰੇ, ਪਰਮੇਸ਼ਰ ਦੇ ਲੋਗ ਹਾਂ, ਹਰ ਵੇਲੇ ਪਰਮੇਸ਼ਰ ਦੀ ਸ਼ਰਣ ਵਿਚ ਹਾਂ। ਇਹ ਯਥਾਰਥ ਬੋਧ, ਉੱਤਮ, ਮੱਧਮ ਅਤੇ ਨੀਚ ਦਾ ਭੇਦ-ਭਾਵ ਖਤਮ ਕਰ ਦਿੰਦਾ ਹੈ... ਅਸੀਂ ਹਰੀ ਦੇ ਲੋਗ ਹਾਂ। ਔਰ ਹਰੀ ਉੱਚਿਆਂ-ਨੀਵਿਆਂ ਵਿਚ ਵੰਡਿਆ ਹੋਇਆ ਨਹੀਂ ਹੈ।

ਸਤਿਗੁਰ ਨਾਨਕ ਦਾ ਇਹ ਸਿਧਾਂਤ ਕਹਿੰਦਾ ਹੈ—

ਆਪਣੇ ਚੋਂ ਮੈਂ, ਮੇਰੀ ਜਾਤ, ਮੇਰੀ ਹਸਤੀ ਨੂੰ ਮਿਟ ਜਾਣ ਦੇ, ਅੰਦਰ, ਸਤਿਗੁਰ ਨੂੰ, ਪਰਮੇਸ਼ਰ ਨੂੰ ਉਤਰ ਜਾਣ ਦੇ... ਤੇਰੇ ਸਾਰੇ ਦੁਖ, ਕਲੇਸ਼ ਮਿਟ ਜਾਣਗੇ।

ਸ੍ਰੀ ਕ੍ਰਿਸ਼ਨ ਭਗਤ ਮੀਰਾ ਨੇ, ਇਹ ਪ੍ਰਯੋਗ ਕੀਤਾ। ਅੰਦਰ ਸ਼ਿਆਮ ਵੱਸ ਗਿਆ... ਮੀਰਾ ਦਾ ਵਜੂਦ ਸਾਂਵਰੇ ਵਿਚ ਲੀਨ ਹੋ ਗਿਆ। ਤਾਂ ਰਾਣਾ ਜੀ ਨੇ ਜ਼ਹਿਰ ਦਾ ਪਿਆਲਾ, ਮੀਰਾ ਨੂੰ ਦਿੱਤਾ। ਮੀਰਾ ਨੇ ਬੇਝਿਜਕ ਪੀ ਲਿਆ। ਉਥੇ ਮੀਰਾ ਨਹੀਂ, "ਸ਼ਾਮ" ਸੀ ਅਤੇ ਉਸ ਅੰਤਰ ਬਿਰਾਜਮਾਨ ਸਾਂਵਰੇ ਨੇ ਜ਼ਹਿਰ ਨੂੰ ਬੇਅਸਰ ਕਰ ਦਿੱਤਾ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਹਰਿ ਸਰਣਾਗਤਿ ਹਰਿ ਕੇ ਲੋਗ ॥"

ਰਾਜਾ ਜਨਕ ਦੀ ਸਭਾ ਵਿਚ, ਯੱਗਵੱਲਕ, ਅਤੇ ਗਾਰਗੀ ਦਾ ਸ਼ਾਸਤ੍ਰਾਰਥ ਹੋਇਆ। ਗਾਰਗੀ ਪੁਛਦੀ ਹੈ, "ਕਹਿੰਦੇ ਹਨ, ਪਾਣੀ ਤੋਂ ਜੀਵ ਦਾ ਸਿਰਜਨ ਹੋਇਆ ਹੈ। ਇਹ ਪਾਣੀ ਸੁਕ ਕੇ ਕਿੱਥੇ ਚਲਾ ਜਾਂਦਾ ?

"ਇਹ ਪਾਣੀ ਵਾਯੂ ਵਿਚ ਮਿਲ ਜਾਂਦਾ ਹੈ"—ਯੱਗਵੱਲਕ

"ਫਿਰ ਵਾਯੂ ਕਿਸ ਵਿਚ ਹੈ ?"—ਗਾਰਗੀ

"ਵਾਯੂ ਬ੍ਰਹਮੰਡ ਵਿਚ ਲੀਨ ਹੋ ਜਾਂਦੀ ਹੈ"—ਯੱਗਵੱਲਕ।

"ਔਰ ਬ੍ਰਹਮੰਡ ?"—ਗਾਰਗੀ

ਬ੍ਰਹਮੰਡ, ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਬ੍ਰਹਮ ਚੋਂ ਉਤਪਤਿ ਹੋਇਆ ਬ੍ਰਹਮਾਂਡ, ਬ੍ਰਹਮ ਵਿਚ ਹੀ ਲੀਨ ਹੋ ਜਾਂਦਾ ਹੈ।

"ਏਤਤਸਵ ਅੱਛਰਸਯ ਪ੍ਰਸ਼ਾਸਨੈ ਗਾਰਗੀ।"

ਇਹ ਸਾਰਾ, ਸ੍ਰਿਸ਼ਟੀ ਦਾ ਸਿਰਜਨ ਅਤੇ ਵਿਸਰਜਨ, ਇਕੋ—"ਅੱਛਰ" ਦੇ ਵਿਧਾਨ ਅੰਦਰ ਹੈ।

ਅੱਛਰ! ਛਰ ਦਾ ਅਰਥ ਹੈ ਨਾਸ਼ਵਾਨ। ਅੱਛਰ ਜਿਸ ਦਾ ਕਦੀ ਨਾਸ਼ ਨਾ ਹੋਵੇ... ਜੋ ਸਦੀਵੀ ਅਵਿਨਾਸ਼ੀ ਹੋਵੇ। ਤਾਂ ਅੱਛਰ ਦਾ ਅਰਥ ਹੈ, ਅਬਿਨਾਸ਼ੀ ਪਰਮਾਤਮਾ। ਇਹ ਸਾਰਾ ਪਸਾਰਾ, ਅੰਤ "ਅੱਛਰ" ਵਿਚ ਲੀਨ ਹੁੰਦਾ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਇਸੇ ਭਾਵ ਨੂੰ ਸਪੱਸ਼ਟ ਕਰਦੇ ਹਨ—"ਹਰਿ ਸਰਣਾਗਤਿ ਹਰਿ ਕੇ ਲੋਗ॥" ਸਦਾ ਹਰੀ ਦੀ ਸ਼ਰਣ ਵਿਚ, ਹਰੀ ਦੇ ਲੋਗ! ਹਰੀ ਤੋਂ ਵੱਖ ਕੋਈ ਨਹੀਂ, ਕੁਝ ਨਹੀਂ।

11
"ਮਨ ਕਿਉ ਬੈਰਾਗ ਕਰਹਿਗਾ"

ਜੀਵਨ ਦੀਆਂ ਦੋ ਦਿਸ਼ਾਵਾਂ ਹਨ, ਅਨੁਰਾਗ ਅਤੇ ਬੈਰਾਗ। ਜਾਂ ਤਾਂ ਮਨੁੱਖ ਮੋਹ ਵਿਚ ਹੁੰਦਾ ਹੈ, ਪ੍ਰੀਤ ਵਿਚ, ਰਾਗ ਵਿਚ, ਕੁਟੰਬ, ਪਰਿਵਾਰ ਪ੍ਰਤੀ ਪ੍ਰੇਮ ਵਿਚ ਹੁੰਦਾ ਹੈ ਜਾਂ ਫਿਰ ਦਿਲ ਟੁੱਟੇ, ਤਾਂ ਵੈਰਾਗ ਵਿਚ ਚਲਾ ਜਾਂਦਾ ਹੈ। ਜੀਵਨ ਦੇ ਪ੍ਰਤੀ "ਭਾਵ-ਦਸ਼ਾ" ਤਬਦੀਲ ਹੋ ਜਾਂਦੀ ਹੈ।

ਮਹਾਂਭਾਰਤ ਯੁੱਧ ਉਪਰਾਂਤ, ਜਦੋਂ ਬਹੁਤ ਵੱਡੀ ਸੰਖਿਆ ਵਿਚ ਦੋਹਾਂ ਧਿਰਾਂ ਦੇ ਸੈਨਿਕ ਮਾਰੇ ਗਏ। ਕਹਿੰਦੇ ਹਨ, ਭਾਰਤ ਦੇ ਅਧਿਕਾਂਸ਼ ਜਵਾਨ ਇਸ ਜੰਗ ਵਿਚ ਮਾਰੇ ਗਏ। ਬਿਲਖਦੀਆਂ, ਰੋਂਦੀਆਂ ਵਿਧਵਾ ਔਰਤਾਂ ਅਤੇ ਬਿਰਧ ਜਨਾਂ ਦੀਆਂ ਨਿਰਾਸ਼ ਅੱਖਾਂ ਵਿਚ ਝਾਕਣ ਦੀ ਹਿੰਮਤ ਨਾ ਕਰਦੇ ਹੋਏ, ਥੋੜ੍ਹੇ ਜਿਹੜੇ ਜੀਂਵਦਿਆਂ ਰਹਿ ਗਏ, ਉਹ ਬੈਰਾਗੀ ਹੋ ਗਏ, ਸੰਨਿਆਸੀ ਹੋ ਗਈ। ਦੇਸ਼ ਵਿਚ ਫਿਰ ਬੱਚੇ ਜੰਮਣ, ਜਵਾਨ ਹੋਣ ਅਤੇ ਦੇਸ਼ ਦੀ ਰਖਿਆ ਕਰਨ, ਦੇ ਮੰਤਵ ਲਈ, ਪੁਰਸ਼-ਇਸਤ੍ਰੀਆਂ ਵਿਚ "ਰਾਗ" ਜਗਾਉਣ ਲਈ, ਕਹਿੰਦੇ ਹਨ, ਅਜੰਤਾ, ਏਲੋਰਾ, ਖੁਜਰਾਹੋ ਜਿਹੀਆਂ ਪ੍ਰੀਤ ਵਰਧਕ ਕਲਾ ਕ੍ਰਿਤੀਆਂ ਉਕੇਰੀਆਂ ਗਈਆਂ। ਇਹ, ਬੈਰਾਗ ਤੋਂ ਮੁੜ ਰਾਗ ਵੱਲ, ਮਨੁੱਖ ਦੀ ਮਨੋਦਸ਼ਾ ਮੋੜਨ ਦਾ ਉਪਰਾਲਾ ਸੀ।

ਇਹਨਾਂ ਦੋਹਾਂ ਅਵਸਥਾਵਾਂ ਅਨੁਰਾਗ-ਬੈਰਾਗ ਦੇ ਵਿੱਚ ਭੀ ਇਕ ਸਵੈਤੰਤਰ ਸਥਾਨ ਹੁੰਦਾ ਹੈ, "ਸਹਜ" ਜਾਂ "ਸਮ"! ਇਹ "ਗੁਰਸਿੱਖ" ਦਾ ਮੁਕਾਮ ਹੁੰਦਾ ਹੈ। ਰਾਗ-ਬੈਰਾਗ ਦੋਹਾਂ ਦੇ ਮੱਧ! ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ, ਇਸ ਥਾਂ ਨੂੰ "ਅਧਰ" ਕਹਿੰਦੇ ਹਨ। ਧਰ ਦਾ ਅਰਥ ਹੈ ਧਰਤੀ, ਅਵਲੰਬ, ਕੋਈ ਸਹਾਰਾ! ਅ ਧਰ, ਸਾਰੇ ਸੰਸਾਰੀ ਆਸਰੇ, ਸਾਰੇ ਝੂਠੇ ਸਹਾਰੇ ਤਿਆਗ ਦੇਵੇ ਤਾਂ ਧਰਤ ਅਤੇ ਅਸਮਾਨ ਦੇ ਵਿਚਾਲੇ "ਅਧਰ" ਵਿਚ ਮੁਕਾਮ ਬਣਦਾ ਹੈ। ਇਹ ਗੁਰੂ ਦੇ ਹੁਕਮ ਨਾਲ, ਗੁਰੂ ਦੀ ਕਿਰਪਾ ਨਾਲ ਸੰਭਵ ਹੁੰਦਾ ਹੈ—

"ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥"

ਇਹ ਵਿਚਾਲੇ ਦਾ ਤਲ ਹੁੰਦਾ ਹੈ। ਜੇ ਲੋਭ ਹੈ, ਤਾਂ ਉਸ ਦੇ ਉਲਟ ਤਿਆਗ ਨੂੰ ਧਾਰਨ ਕੀਤਾ ਜਾ ਸਕਦਾ ਹੈ। ਜੇ ਕਾਮ ਹੈ ਤਾਂ ਸੰਨਿਆਸ, ਇਕ ਵਿਕਲਪ ਬਣੇਗਾ। ਰਾਜਾ ਭਰਥਰੀ ਹਰੀ, ਉਜੈਨ ਦਾ ਰਾਜਾ! ਕਈ ਰਾਣੀਆਂ ਦਾ ਸ਼ੌਕੀਨ ਬਾਦਸ਼ਾਹ! ਨਵੀਂ ਆਈ, ਸਭ ਤੋਂ ਛੋਟੀ ਉਮਰ ਦੀ ਰੂਪਵਤੀ ਰਾਣੀ ਦੀ ਬੇਵਫਾਈ ਵੇਖੀ... ਮਹਿਲ ਦੇ ਹੀ ਸੁਰੱਖਿਆ ਮੁਖੀ ਨਾਲ ਪ੍ਰੀਤ ਦਾ ਪ੍ਰਸੰਗ ਵੇਖਿਆ ਤਾਂ ਇਕ ਘਟਨਾ ਘਟੀ। ਦੀਵਾਰ

ਘੜੀ ਦੇ ਪੇਂਡੂਲਮ ਵਾਂਗ, ਮਨ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਵਲ ਸੁਭਾਵਕ ਵੱਗ ਜਾਂਦਾ ਹੈ। ਭਰਥਰੀ ਹਰੀ, ਪ੍ਰੀਤ ਵਿਚ, ਰਾਗ ਵਿਚ, ਜੀਵਨ ਜੀਉਂਦਾ ਪਿਆ ਸੀ। ਦਿੱਲ ਟੁਟਿਆ ਤਾਂ ਦਿਲ ਨੇ ਦੂਜਾ ਕਿਨਾਰਾ ਬੈਰਾਗ ਦਾ ਲਿਆ। ਰਾਜ ਪਾਟ, ਛੋਟੇ ਭਾਈ ਬਿਕ੍ਰਮਾਦਿੱਤ ਨੂੰ ਸੌਂਪ, ਜੰਗਲ ਦਾ ਰਾਹ ਫੜ ਲਿਆ। ਕਿਸੇ ਭੋਗੀ ਦਾ ਸੰਨਿਆਸੀ ਹੋ ਜਾਣਾ, ਮਨ ਦੀ ਸੁਭਾਵਕ ਪ੍ਰਤੀਕ੍ਰਿਆ ਹੁੰਦੀ ਹੈ।

ਪਰ ਸਤਿਗੁਰ ਦੀ ਕਿਰਪਾ ਨਾਲ, ਗੁਰਸਿੱਖ ਵਿਚਾਲੇ ਰਹਿੰਦਾ ਹੈ।... ਇਹ "ਸਹਜ-ਲੋਕ" ਹੁੰਦਾ ਹੈ।

ਤੀਜੇ ਪਾਤਸ਼ਾਹ, ਸਿਰੀ ਰਾਗ ਵਿਚ ਪਵਿੱਤਰ ਗੁਰਬਾਣੀ ਰਾਹੀਂ, ਸਿੱਖ ਦੀ ਉਸ ਮਨੋਦਸ਼ਾ ਨੂੰ ਦਸਦੇ ਹਨ—

"ਪੰਖੀ ਬਿਰਖ ਸੁਹਾਵੜਾ ਸਚੁ ਚੁਗੈ ਗੁਰ ਭਾਇ॥
ਹਰਿ ਰਸ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ॥"

ਸੰਸਾਰ ਇਕ ਬਿਰਖ, ਗੁਰਸਿੱਖ, ਪੰਖੀ! ਸੰਸਾਰ ਵਿਚ ਰਹਿੰਦਿਆਂ ਭੀ ਨਿਵੇਕਲਾ ਜੀਵਨ! ਅਧਰ ਲੋਕ ਦਾ ਜੀਵਨ! ਭੋਜਨ ਸੱਚ ਦਾ ਕਰਦਾ ਹੈ। ਜਗ ਵਿਚ ਹਰ ਥਾਂ ਝੂਠ ਦਾ ਬਾਜ਼ਾਰ ਸਜਿਆ ਹੈ। ਝੂਠ ਬੋਲਣਾ, ਝੂਠ ਦਾ ਭੋਜਨ ਛਕਣਾ। ਪਰ ਗੁਰਸਿੱਖ ਲਈ, ਸਤਿਗੁਰ ਕਹਿੰਦੇ ਹਨ—

"ਸਚੁ ਚੁਗੈ ਗੁਰ ਭਾਇ।"

ਗੁਰੂ ਨੂੰ ਭਾਉਂਦਾ..... "ਸੱਚੁ" ਚੁਗਦਾ ਹੈ।

ਪ੍ਰਭੂ ਦੇ ਸਿਮਰਨ ਵਿਚ, ਹਰੀ ਦਾ ਰਸ ਪੀਂਵਦਾ ਹੈ, ਅਤੇ "ਸਹਜ" ਰਹਿੰਦਾ ਹੈ।

"ਹਰਿ ਰਸ ਪੀਵੈ, ਸਹਜ ਰਹੈ, ਉਡੈ ਨ ਆਵੈ ਜਾਇ॥"

ਇਹ ਸਹਜ... ਇਹ ਅਧਰ ਦਾ ਵਾਸਾ... ਇਹੋ ਜੀਵਨ ਮੁਕਤਿ ਦਾ ਲੋਕ ਹੁੰਦਾ ਹੈ। ਹਰਖ ਸੋਗ, ਜਨਮ-ਮਰਣ, ਸੁਖ-ਦੁਖ ਦੇ ਵਿਚਾਲੇ ਦਾ ਤਲ! ਭਗਤ ਕਬੀਰ ਜੀ, ਸਹਜ ਨੂੰ "ਅਕਥ ਕਥਾ", ਜਿਸ ਨੂੰ ਕਥਨ ਦੁਆਰਾ, ਬੋਲ ਦੁਆਰਾ, ਕਹਿਆ ਨ ਜਾ ਸਕੇ—

"ਤਹ ਪਾਵਸ ਸਿੰਧੁ ਧੂਪ ਨਹੀ ਛਹੀਆ, ਤਹ ਉਤਪਤਿ ਪਰਲਉ ਨਾਹੀ॥
ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥
ਸਹਜ ਕੀ ਅਕਥ ਕਥਾ ਹੈ ਨਿਰਾਰੀ॥"

ਦੇਵਤੇ ਨਹੀਂ, ਮਨੁੱਖ ਨਹੀਂ, ਇਵੇਂ ਦਾ ਹੋਰ ਕੋਈ ਨਹੀਂ।

ਨਿਰਾਲੀ ਕਥਾ ਹੈ, "ਸਹਜ" ਦੀ। ਇਥੇ ਗੁਰਸਿੱਖ ਰਹਿੰਦਾ ਹੈ। ਛੋਟਿਆਂ ਹੁੰਦਿਆਂ, ਨਾਮਧਾਰੀ ਸੰਤ, ਮਸਤੀ ਵਿਚ ਮੌਜ ਦੀ ਰਵਾਨੀ ਵਿਚ ਗਾਉਂਦੇ ਸਨ—

"ਉਥੇ ਬ੍ਰਹਮਾ ਨਾ ਵਿਸ਼ਨੂੰ ਕੋਈ ਦਿਸੈ, ਮਹਾਂਦੇਵ ਨੇ ਤਾਰੀਆਂ ਲਾ ਲਈਆਂ"... ਉਸ ਲੋਕ ਦਾ ਵਾਸੀ "ਗੁਰ ਸਿੱਖ"!

ਗੁਰੂ ਨਾਨਕ ਪਾਤਸ਼ਾਹ, ਭਾਈ ਮਰਦਾਨੇ ਨੂੰ ਕਹਿੰਦੇ ਹਨ, "ਮਰਦਾਨਿਆਂ, ਦੁਨੀਆਂ ਦੁਖੀ ਹੈ, ਮੇਰੇ ਤੋਂ ਜਗ ਦਾ ਦੁਖ ਸਹਾਰਿਆ ਨਹੀਂ ਜਾਂਵਦਾ। ਆ ਚਲੀਏ। ਮੇਰੇ ਨਾਲ

ਰਹੇਂਗਾ ਤਾਂ ਦੁੱਖ ਹਈ, ਭੁੱਖ ਹਈ, ਥਕੇਵਾਂ ਹਈ... ਜੇ ਸੁਖ ਭੋਗ ਚਾਹੀਦਾ ਹੈ, ਤਾਂ ਤਲਵੰਡੀ ਵਾਪਸ ਟੁਰ ਜਾ।" ਮਰਦਾਨਾ ਕਹਿੰਦਾ ਹੈ ਅਗੋਂ—"ਓ ਨਾਨਕ ! ਹੁਣ ਤੂੰ ਮੈਨੂੰ ਕਿਤੇ ਜਾਣ ਜੋਗਾ ਨਾ ਛੱਡਿਆ।"

ਸਾਰਾ ਜੀਵਨ, ਮਰਦਾਨਾ, ਗੁਰੂ ਦਾ ਪਰਛਾਵਾਂ ਬਣ ਕੇ ਨਾਲ ਰਿਹਾ। ਅੰਤ ਆਪਣੇ ਪਿਆਰੇ ਗੁਰੂ ਦੀ ਗੋਦ ਵਿਚ ਸਿਰ ਰਖ, ਸਵਾਸ ਤਿਆਗੇ।

ਸਤਿਗੁਰ ਸਹਜ ਹੁੰਦਾ ਹੈ, ਸੰਤ ਸਹਜ ਹੁੰਦਾ ਹੈ। ਸਹਜ ਦਾ ਅਰਥ ਹੈ, ਸਿਰਜਣ, ਪਾਲਨ ਅਤੇ ਵਿਨਾਸ਼ ਸਹਿਤ ਸਾਰੀਆਂ ਸ਼ਕਤੀਆਂ ਦਾ ਸੁਆਮੀ, ਪਰ ਅਡੋਲ! ਮਨੁੱਖ ਦੇਹ ਵਿਚ ਪਾਰਬ੍ਰਹਮ ਪ੍ਰਗਟਿਆ, ਤਾਂ ਨਾਟਕ ਦੇ ਰੰਗਮੰਚ ਤੇ ਮਿਲੇ ਚਰਿੱਤਰ ਦੀਆਂ ਮਰਿਆਦਾਵਾਂ, ਮਾਨਤਾਨਾਂ ਨੂੰ ਕਿਰਦਾਰ ਦੇ ਦੁਖ-ਸੁਖ ਨੂੰ ਅਡੋਲ, ਅਵਿਚਲਿਤ ਨਿਭਾਉਣ ਵਾਲਾ ਮਹਾਂਮਨੁੱਖ। ਗੁਰੂ ਨਾਨਕ ਨੇ 20 ਰੁਪਏ ਦਾ ਲੰਗਰ ਪਾਨੀ ਲੋੜਵੰਦ ਸਾਧਾਂ ਨੂੰ ਛਕਾਇਆ... ਖਰਾ ਸੌਦਾ ਕੀਤਾ। ਪਰ ਪਿਤਾ ਮੇਹਤਾ ਕਾਲੂ, ਸੰਸਾਰਕ ਸੋਚ ਵਾਲਾ ਇਕ ਪਿਤਾ! ਦੋ ਚਪੇੜਾਂ ਮੂੰਹ ਤੇ ਮਾਰੀਆਂ... ਹੰਝੂ ਦੇ ਦੋ ਕਤਰੇ, ਛਪੜੀ ਦੇ ਕੰਢੇ ਡਿੱਗੇ। ਨਵਾਬ ਰਾਏ ਬੁਲਾਰ, ਮੇਹਤਾ ਕਾਲੂ ਨੂੰ 20 ਰੁਪਏ ਹੱਥ ਫੜਾਇ ਤੇ ਬੋਲਿਆ, "ਮੇਹਤਾ ਕਾਲੂ! ਮੈਂ ਤੈਨੂੰ ਪਹਿਲਾਂ ਕਹਿਆ ਸੀ, ਇਸ ਨਾਨਕ ਤਾਂਈ ਕਦੇ ਮਨੁੱਖ ਕਰ ਕੇ ਨਾ ਜਾਣੀ... ਇਹ ਸਾਖਿਆਤ ਖੁਦਾ ਪ੍ਰਗਟਿਆ ਹੈ। ਮੈਂ ਇਸ ਦੇ ਹੱਥਾਂ 'ਚੋਂ ਦੁਨੀਆਂ ਦੀ ਦੌਲਤ ਵਗਦਿਆਂ ਵੇਖਦਾ ਹਾਂ।"

ਈਰਾਨ ਦੇ ਤੇਹਰਾਨ ਸ਼ਹਿਰ ਵਿਚ, ਸਿੱਖਾਂ ਨੇ ਬਹੁਤ ਸੋਹਣਾ ਗੁਰਦੁਆਰਾ ਬਣਾਇਆ। ਸਥਾਨਕ ਈਰਾਨੀਆਂ ਨੇ ਤੇਹਰਾਨ ਰੇਲਵੇ ਸਟੇਸ਼ਨ ਦੇ ਬਾਹਰ, ਗੁਰਦੁਆਰੇ ਵਾਲੇ ਰਸਤੇ ਤੇ ਇਕ ਖ਼ੂਬਸੂਰਤ "ਦੁਵਾਰ" ਬਣੌਨ ਦੀ ਇੱਛਾ ਪ੍ਰਗਟ ਕੀਤੀ। ਕਮੇਟੀ ਨੇ ਖੁਸ਼ੀ ਨਾਲ ਮੰਜ਼ੂਰੀ ਦਿੱਤੀ। ਦੁਵਾਰ ਤਿਆਰ ਹੋ ਗਿਆ, ਉਸ ਦਾ ਨਾਂ ਕੀ ਰੱਖੀਏ? ਸਿੱਖਾਂ ਨੂੰ ਬੇਨਤੀ ਕੀਤੀ, ਸ੍ਰੀ ਗੁਰੂ ਨਾਨਕ ਦੇ ਕੁਝ ਜੀਵਨ ਪ੍ਰਸੰਗ ਸੁਣਾਉ। ਸਿੱਖਾਂ ਨੇ ਕਈ ਇਤਿਹਾਸਕ ਪ੍ਰਸੰਗ ਸੁਣਾਏ, ਜਦੋਂ ਇਹ ਗੱਲ ਦੱਸੀ, ਕਿ ਪੰਜਾ ਲਾ ਕੇ ਪਹਾੜ ਨੂੰ ਰੋਕ ਦੇਣ ਵਾਲਾ, ਖੜਾਉ ਦੀ ਠੁੱਡ ਨਾਲ ਧਰਤੀ 'ਚੋਂ ਪਾਨੀ ਵਗਾ ਦੇਣ ਵਾਲਾ, ਸਰਬ-ਕਲਾ ਸਮਰੱਥ, ਗੁਰੂ ਨਾਨਕ ਨੇ ਕਦੇ ਆਪਣੀ ਜੇਬ ਵਿਚ ਇਕ ਪੈਸਾ ਨਹੀਂ ਰਖਿਆ, ਦੌਲਤ ਨਹੀਂ ਰੱਖੀ, ਤਾਂ ਉਹਨਾਂ ਈਰਾਨੀਆਂ ਕਿਹਾ, ਬਸ, ਜੋ ਚਾਹੀਦਾ ਸੀ, ਉਹ ਮਿਲ ਗਿਆ। ਜਿਸ ਨੇ ਕਦੇ ਆਪਣੇ ਪਾਸ ਦੌਲਤ ਨਾ ਰੱਖੀ, ਉਹੋ ਸੱਚਾ ਦੌਲਤਮੰਦ ਹੈ... ਦੁਨੀਆਂ ਨੂੰ ਰਿਜ਼ਕ ਦੇਣ ਵਾਲਾ। ਹੁਣ ਇਸ ਦਰਵਾਜ਼ੇ ਦਾ ਨਾਂ ਹੋਇਆ, "ਦਰਵਾਜ਼ਾ-ਏ-ਦੌਲਤ"!

ਭਿੱਖੂ ਨਾਗਸੈਣ ਨੇ "ਮਿਲਿੰਦ ਪ੍ਰਸ਼ਨ" ਨਾਂ ਦਾ ਇਕ "ਬੋਧ ਗ੍ਰੰਥ" ਲਿਖਿਆ ਹੈ। ਰਾਜਾ ਮਿਲਿੰਦ ਪੁਛਦਾ ਹੈ, "ਗੁਰੂ ਕਿਵੇਂ ਦਾ ਹੁੰਦਾ ਹੈ?"

ਭਿੱਖੂ ਨਾਗਸੈਨ ਕਹਿੰਦੇ, "ਗੁਰੂ ਸਮੁੰਦਰ ਜਿਹਾ ਹੁੰਦਾ ਹੈ।"

"ਸਮੁੰਦਰ ਦਾ ਕੀ ਭਾਵ ਹੈ?"—ਰਾਜਾ ਮਿਲਿੰਦ।

ਸਮੁੰਦਰ ਵਿਚ ਅਨੇਕਾਂ ਨਦੀਆਂ, ਬਰਸਾਤੀ ਹੜ੍ਹ ਵਿਚ ਉਫਨਦੀਆਂ ਮਿਲਦੀਆਂ

ਹਨ। ਅਨੰਤ ਜਲ ਰਾਸ਼ੀ ਵਾਲਾ ਸਮੁੰਦਰ! ਪਰ ਕਦੇ ਸਮੁੰਦਰ ਵਿੱਚ ਹੱੜ ਆਇਆ ਵੇਖਿਆ ਹੈ?

ਇਹ ਸਹਜਤਾ, ਸਦੀਵੀ-ਗੰਭੀਰਤਾ, ਸਮੁੰਦਰ ਦੀ ਪਛਾਣ ਹੈ। ਤਾਂ ਕਹਿੰਦਾ ਹਾਂ—ਗੁਰੂ ਸਮੁੰਦਰ ਵਰਗਾ ਹੁੰਦਾ ਹੈ।

19 ਜਨਵਰੀ 1872! ਵਿਸ਼ੇਸ਼ ਰੇਲ ਗੱਡੀ ਤੇ ਸਤਿਗੁਰ ਰਾਮਸਿੰਘ ਸੱਚੇ ਪਾਤਸ਼ਾਹ, ਪ੍ਰਯਾਗਰਾਜ (ਇਲਾਹਾਬਾਦ) ਸੂਬਿਆਂ ਸਹਿਤ ਪਹੁੰਚੇ। 20 ਜਨਵਰੀ ਨੂੰ ਵੇਲੇ ਦੇ ਵਾਈਸ ਰਾਏ ਆਫ਼ ਇੰਡੀਆ, "ਲਾਰਡ ਮਿਉ" ਨੇ ਜੇਲ੍ਹ ਦਾ ਦੌਰਾ ਕੀਤਾ। ਜੇਲ੍ਹ ਅਧਿਕਾਰੀਆਂ ਤੋਂ, ਇਹਨਾਂ ਖ਼ਤਰਨਾਕ ਕੈਦੀਆਂ ਦੇ ਰਿਕਾਰਡ ਵੇਖੇ, ਜ਼ੁਬਾਨੀ ਭੀ ਬਹੁਤ ਕੁਝ ਸੁਣਿਆ ਸੀ। ਕਿਹਾ, "ਇਹਨਾਂ ਦਾ ਜੀਉਂਦਿਆਂ ਰਹਿਣਾ, ਅੰਗਰੇਜ਼ੀ ਹਕੂਮਤ ਲਈ, ਬਹੁਤ ਵੱਡਾ ਖਤਰਾ ਹੈ। ਮੇਰਾ "ਅੰਡਮਾਨ ਨਿਕੋਬਾਰ" ਦਾ ਦੌਰਾ ਹੈ। ਦੌਰੇ ਤੋਂ ਆਉਂਦਿਆਂ ਹੀ, ਇਹਨਾਂ ਨੂੰ ਸਜ਼ਾਏ ਮੌਤ ਦੇ ਦੇਵਾਂਗੇ।"

ਭਾਈ ਨਾਨੂੰ ਸਿੰਘ ਨੇ ਸਤਿਗੁਰਾਂ ਅੱਗੇ ਚਿੰਤਾ ਪ੍ਰਗਟ ਕੀਤੀ.. ਲਾਰਡ ਮਿਉ ਦਾ ਬਿਆਨ ਦਸਿਆ। ਸਤਿਗੁਰ ਜੀ ਨੇ ਸਹਜ ਭਾਵ ਬਚਨ ਕੀਤਾ, "ਅੰਡਮਾਨ ਤੋਂ ਆਪ ਜੀਉਂਦਾ ਆਵੇਗਾ ਤਾਂ ਨਾ!"

ਕਾਲੇ ਪਾਣੀ ਦੀ ਸਜ਼ਾ ਭੁਗਤ ਰਹੇ ਇਕ ਕੈਦੀ "ਗੁਲ ਸ਼ੇਰ ਖਾਂ" ਨੇ ਜ਼ਮਾਨਤ ਦੀ ਅਰਜ਼ੀ ਲਾਈ ਸੀ। ਲਾਰਡ ਮਿਉ ਨੇ ਉਹ ਅਰਜ਼ੀ ਖਾਰਿਜ ਕਰ ਦਿੱਤੀ ਸੀ। ਅੰਦਰੋਂ ਚਿੜ੍ਹਿਆ ਬੈਠਾ ਸੀ। ਮੌਕਾ ਵੇਖ, "ਲਾਰਡ ਮਿਉ" ਦਾ ਕਤਲ ਕਰ ਦਿੱਤਾ। ਗੁਰੂ ਦਾ ਬਚਨ ਵਰਤਿਆ।

ਸਾਰੀਆਂ ਸ਼ਕਤੀਆਂ ਦਾ ਸਵਾਮੀ, ਪਰ ਰੇਲ ਗੱਡੀ ਵਿੱਚ, ਲੁਧਿਆਣੇ ਤੋਂ ਆਉਂਦਿਆਂ, ਸੂਬਾ ਸਾਹਿਬ ਸਿੰਘ ਅਰਜ਼ ਕੀਤੀ, "ਇਹਨਾਂ ਅੰਗਰੇਜ਼ਾਂ ਨੂੰ ਦੋ ਹੱਥ ਭੀ ਅਸਾਂ ਨਾ ਵਿਖਾਏ... ਐਵੇਂ ਮੁਫਤੇ ਗ੍ਰਿਫ਼ਤਾਰ ਹੋ ਗਏ।" ਤਾਂ ਸਤਿਗੁਰ ਜੀ ਬਚਨ ਕੀਤਾ, ਸਹਜ ਰਹੋ... ਪ੍ਰਮੇਸ਼ਰ ਦੇ ਭਾਣੇ ਅੰਦਰ ਸਭ ਵਰਤ ਰਿਹਾ ਹੈ। ਇਹਨਾਂ ਖਿੱਲਿਆਂ ਦੀ ਕੀ ਮਜਾਲ ਸੀ, ਸਾਨੂੰ ਹੱਥ ਲਾ ਲੈਂਦੇ।

ਤਾਂ ਪੰਜਵੇਂ ਪਾਤਸ਼ਾਹ, ਕਹਿੰਦੇ ਹਨ—

"ਮਨ ਕਿਉਂ ਬੈਰਾਗ ਕਰਹਿਗਾ ਸਤਿਗੁਰ ਮੇਰਾ ਪੂਰਾ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨ ਅੰਮ੍ਰਿਤਸਰ ਸਦ ਹੀ ਭਰਪੂਰਾ॥"

ਸਿੱਖ ਨਸੀਬਾਂ ਵਾਲਾ... ਪੂਰਾ ਸਤਿਗੁਰ ਮਿਲਿਆ। ਸਰਬ ਪੱਖੋਂ ਪੂਰਾ... ਹਰ ਤਰ੍ਹਾਂ ਸਮਰੱਥ!

"ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥"

ਮਨਸਾ ਪੂਰਨ ਕਰਨ ਵਾਲਾ, ਸਾਰਿਆਂ ਸੁਖਾਂ ਦਾ ਭੰਡਾਰ, ਅੰਮ੍ਰਿਤ ਦਾ ਸਰੋਵਰ...! ਮੈਨੂੰ ਗ੍ਰਿਹਸਥ ਜੀਵਨ ਤਿਆਗ ਕੇ ਸੰਨਿਆਸ ਦੀ, ਜੰਗਲਾਂ ਨੂੰ ਜਾਣ ਦੀ ਜ਼ਰੂਰਤ ਨਹੀਂ। ਸਤਿਗੁਰ ਦੀ ਸਿੱਖਿਆ ਨਾਲ ਵਸੇ ਤਾਂ ਸਿੱਖ ਦਾ ਘਰ ਹੀ, ਜੰਗਲ ਦੇ ਆਸ਼੍ਰਮ

ਵਾਂਗ ਹੋ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਲਿਖਦੇ ਹਨ, "ਗੁਰਸਿੱਖ ਦਾ ਜੀਵਨ, ਇਲਾਹੀ ਕੋਟ ਹੁੰਦਾ ਹੈ, ਰੱਬ ਦਾ ਕਿਲ੍ਹਾ... ਇਸ ਵਿਚ ਭੈੜੀਆਂ-ਮੰਦੀਆਂ ਬਲਾਵਾਂ ਨੂੰ ਪ੍ਰਵੇਸ਼ ਦੀ ਆਗਿਆ ਨਹੀਂ ਹੁੰਦੀ।"

ਭਾਈ ਸੱਤਾ-ਬਲਵੰਡ ਦੀਆਂ ਵਾਰਾਂ ਵਿਚ ਪ੍ਰਮਾਣ ਮਿਲਦਾ ਹੈ, ਇਕ ਨਿਵੇਕਲਾ ਰਾਜ, ਇਕ ਸੱਚਾ ਸਮਰਾਜ... ਇਹ ਗੁਰੂ ਨਾਨਕ ਦਾ ਰਾਜ ਪ੍ਰਸ਼ਾਸਨ ਹੈ। ਇਹ ਮਹਿਲ, ਸੱਚ ਦਾਂ ਹੈ... ਇਸ ਦੀ ਨੀਂਵ ਵਿਚ "ਸਤਿ" ਹੈ। ਸਿੱਖ ਦੇ ਪ੍ਰਾਣ ਵਿਚ ਸਤਿ ਹੈ, ਸਤਿਗੁਰ ਹੈ, ਪਰਮੇਸ਼ਰ ਹੈ। ਗੁਰਾਂ ਨੇ ਇਸ ਮਹਿਲ ਦੀ ਨੀਂਵ ਵਿਚ ਆਪਣੀ ਸਤਿਆ ਪਾਈ ਹੈ। ਤਾਂ ਹੀ, ਜਨਵਰੀ 1872, ਮਲੇਰਕੋਟਲੇ, ਤੋਪਾਂ ਨਾਲ ਉਡਾਉਂਦਿਆਂ ਅੰਗਰੇਜ਼ੀ ਹਕੂਮਤ ਨੇ, ਡਿਪਟੀ ਕਮਿਸ਼ਨਰ ਮਿ. ਕਾਵਨ ਨੇ ਪੂਰਾ ਜ਼ੋਰ ਲਾ ਲਿਆ ਕਿ ਮੌਤ ਤੋਂ ਡਰ ਕੇ ਕੋਈ ਤਾਂ ਟੁੱਟੇ, ਜਾਨ ਬਖਸ਼ੀ ਦਾ ਲੋਭ ਦਿੰਦੇ ਰਹੇ... ਵਰਿਆਮ ਸਿੰਘ ਨੂੰ ਮਧਰਾ ਕਦ ਕਹਿ ਕੇ, ਬਿਸ਼ਨ ਸਿੰਘ ਨੂੰ ਨਾਬਾਲਿਗ ਕਹਿ ਕੇ, ਮਾਮੇ ਸੁਹੇਲ ਸਿੰਘ ਦੀ ਪਿੱਠ ਤੇ ਸਵਾਰ ਹੋਇਆ 7 ਵਰ੍ਹੇ ਦੇ ਬਾਲਕ ਹਰਨਾਮ ਸਿੰਘ ਨੂੰ ਜਾਂ ਦੀਵੇ ਪਿੰਡ ਦੇ ਸ਼ੇਰ ਸਿੰਘ ਨੂੰ ਮਿਲਣ ਆਈ ਘਰ ਵਾਲੀ ਧੰਨ ਕੌਰ, ਛਿਆਂ ਮਹੀਨਿਆਂ ਦਾ ਬਾਲ ਕੁੱਛੜ ਸਹਿਤ, ਵੇਖ ਕੇ ਭ੍ਰਮ ਹੋਇਆ ਮਿ. ਕਾਵਨ ਨੂੰ, ਕਿ ਸ਼ਾਇਦ ਇਹ ਕਮਜ਼ੋਰ ਪੈ ਜਾਣ, ਮਾਫ਼ੀ ਮੰਗ, ਵਾਇਦਾ ਮੁਆਫ਼ ਗਵਾਹ ਬਣ ਜਾਣ। ਅਸੀਂ ਉਸ ਤੋਂ ਬਿਆਨ ਦਿਵਾ, ਗੁਰੂ ਰਾਮ ਸਿੰਘ ਅਤੇ ਉਸ ਦੇ ਸਾਥੀ ਕੂਕਿਆਂ ਨੂੰ "ਹਕੂਮਤ" ਲਈ ਖਤਰਾ ਦੱਸ ਕੇ, ਮਲੇਰਕੋਟਲੇ ਦੇ "ਨਰਸੰਘਾਰ" ਨੂੰ ਜਾਇਜ਼ ਵਿਖਾ ਸਕੀਏ। ਪਰ ਕੂਕੇ ਸੱਚ ਨੂੰ ਚੁਗਣ ਵਾਲੇ, ਸਤਿ ਦੀ ਨੀਂਵ ਤੇ ਉਸਾਰੇ ਹੋਏ ਗੁਰੂ ਮਹਿਲ ਦੇ ਵਾਸੀ ਹੈ ਸਨ...। ਉਹ ਸ਼ਹੀਦੀ ਪਰਵਾਨੇ ਹੈ ਸਨ... ਸਹਜ ਹੈ ਸਨ। ਰਾਗ ਔਰ ਬੈਰਾਗ ਦੋਹਾਂ ਤੋਂ ਦੂਰ...

"ਮਨ ਕਿਉ ਬੈਰਾਗੁ ਕਰਹਿਗਾ, ਸਤਿਗੁਰ ਮੇਰਾ ਪੂਰਾ!"

12
"ਨਾ ਜਾਨਾ ਬੈਕੁੰਠ ਕਹਾ ਹੀ"

ਮਨੁੱਖ ਦੀ ਕਲਪਨਾ ਵਿਚ, ਇਕ ਬੈਕੁੰਠ ਵਸਾਇਆ ਗਿਆ ਹੈ। ਈਸਾਈ, ਹੈਵਨ ਦੀ ਗੱਲ ਕਰਦੇ ਹਨ, ਇਸਲਾਮ, ਜੱਨਤ ਦਾ ਸੁਪਨਾ ਵੇਖਦੇ ਹਨ ਅਤੇ ਭਾਰਤੀ ਜਨ ਮਾਨਸ, ਸਵਰਗ ਦੀ ਚਾਹਤ ਰਖਦੇ ਹਨ। ਭਗਤ ਕਬੀਰ ਜੀ ਕਹਿੰਦੇ ਹਨ, "ਜਾਨੁ ਜਾਨੁ ਸਭਿ ਕਹਹਿ ਤਹਾ ਹੀ"—ਸਾਰੇ ਸਵਰਗ ਵਿਚ ਜਾਣ ਦੀ ਗੱਲ ਕਰਦੇ ਹਨ... ਸਵਰਗ ਲੋਚਦੇ ਹਨ। ਪਰ ਕਿਸੇ ਨੂੰ ਨਹੀਂ ਪਤਾ, ਬੈਕੁੰਠ ਕਿੱਥੇ ਹੈ।

ਧਰਮ ਸ਼ਾਸਤ੍ਰਾਂ ਵਿਚ, ਸਵਰਗ ਸ਼ਬਦ ਦੀ ਵਰਤੋਂ ਕਈ ਥਾਂ ਹੋਈ ਹੈ। ਪਰ ਹਜ਼ਾਰਾਂ ਸਾਲਾਂ ਤਕ, ਸੰਸਕ੍ਰਿਤ ਵਿਚ ਲਿਖੇ, ਵੇਦਾਂ, ਪੁਰਾਣਾਂ, ਧਰਮ ਸ਼ਾਸਤਰਾਂ ਨੂੰ ਆਮ ਜਨ ਪੜ੍ਹ ਸਮਝ ਨਹੀਂ ਸਕਦਾ ਸੀ। ਇਕੋ ਮਾਤਰ, ਬ੍ਰਾਹਮਣ ਹੀ ਦੇਵ ਭਾਸ਼ਾ (ਸੰਸਕ੍ਰਿਤ) ਨੂੰ ਪੜ੍ਹ ਸਕਦੇ ਸਨ। ਲਿਹਾਜ਼ਾ ਹਜ਼ਾਰਾਂ ਸਾਲਾਂ ਤਕ ਬ੍ਰਾਹਮਣ ਸਮਾਜ, ਇਹਨਾਂ ਧਰਮ ਸ਼ਾਸਤ੍ਰਾਂ ਦੇ ਅਧਿਕਾਰੀ ਰਹੇ। ਆਪਣੇ ਮਨ, ਅਤੇ ਸਮਝ ਅਨੁਸਾਰ, ਵੇਦਾਂ-ਸ਼ਾਸਤ੍ਰਾਂ ਦੇ ਅਰਥ ਅਤੇ ਵਿਆਖਿਆ ਭੀ ਕਰਦੇ ਰਹੇ। "ਸਵਰਗ" ਦਾ ਅਰਥ ਸੀ, ਸਵੈ-ਗਮਨ... ਆਪਣੇ ਅੰਦਰ ਦੀ ਯਾਤਰਾ। ਹਰ ਮਨੁੱਖ ਦਾ ਵਜੂਦ, ਇਕ "ਨਗਰ" ਹੈ, ਇਕ ਸ਼ਹਿਰ। ਇਸ ਨਗਰ ਵਿਚ, ਚੋਰਾਂ, ਲੁਟੇਰਿਆਂ, ਹਤਿਆਰਿਆਂ ਦੀਆਂ ਬਸਤੀਆਂ ਹਨ। ਕਸਾਈ ਮੁਹੱਲਾ, ਕੂੰਜੜਾ ਮੁਹੱਲਾ, ਚੋਰ ਬਸਤੀ ਆਦਿ। ਕੋਈ ਕਾਮ ਦੇ ਚਾਹਵਾਨਾਂ ਦਾ ਮੁਹੱਲਾ, ਕੋਈ ਲੋਭੀਆਂ, ਕ੍ਰੋਧੀਆਂ ਦੀਆਂ ਬਸਤੀਆਂ ਇਸ ਦੇਹ ਵਿਚ ਹਨ। ਇਸੇ ਨਗਰ ਵਿੱਚ ਇਕ ਮੇਰਾ ਘਰ ਹੈ, ਮੇਰਾ "ਨਿਜ ਥਾਂਵ।" ਇਸ ਘਰ ਅੰਦਰ ਮੇਰਾ ਨਿਜ ਸਵਰੂਪ ਹੈ... ਮੇਰੀ ਜੋਤਿ। ਇਹ ਪ੍ਰਭੂ ਜੋਤਿ ਹੈ। ਇਹ ਥਾਂ "ਸਵਰਗ" ਕਿਹਾ ਗਿਆ। ਅੰਤਰ ਯਾਤਰਾ ਦਾ ਸ਼ਿਖਰ! ਸਤਿਗੁਰ ਇਸ ਥਾਂ ਦੀ ਦੱਸ ਪਾਉਂਦੇ ਹਨ—"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥" ਇਸ ਥਾਂ ਰੱਬੀ ਨਾਦ ਵਜ ਰਿਹੈ... ਸੁੰਨ ਸਮਾਧਿ! ਸੰਸਾਰ ਦੇ ਸ਼ੋਰ, ਮਨ, ਬੁੱਧੀ ਦੀ ਚੰਚਲਤਾ ਇਥੇ ਨਹੀਂ ਪਹੁੰਚ ਸਕਦੀ। ਪੰਜਵੇਂ ਪਾਤਸ਼ਾਹ, "ਸੁਖਮਨੀ" ਵਿਚ ਇਸ ਥਾਂ ਦਾ ਭੂਗੋਲ ਦਸਦੇ ਹਨ—

"ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥"

ਇਹ ਵਿਸਮਾਦੀ ਦ੍ਰਿਸ਼ ਹੁੰਦਾ ਹੈ। ਭਗਤ ਚਾਹੇ ਭੀ ਤਾਂ ਇਸ "ਸਵਰਗ" ਬਾਬਤ ਕੁਝ ਦੱਸ, ਲਿਖ ਨਹੀਂ ਸਕਦਾ। ਮਨੁੱਖੀ ਇੰਦ੍ਰੀਆਂ ਤੋਂ ਹੋਣ ਵਾਲੇ ਗਿਆਨ ਤੋਂ ਪਰ੍ਹੇ ਇਕ ਅਲੌਕਿਕ, ਇੰਦ੍ਰੀਆਂ ਤੋਂ ਅਤੀਤ... ਆਤਮਾ ਦੇ ਅਨੁਭਵ, ਅਹਿਸਾਸ ਦਾ ਮੰਦਰ! ਭਗਤ ਕਬੀਰ ਜੀ, ਆਪਣਾ ਅਨੁਭਵ, ਇਸ ਥਾਂ ਬਾਬਤ ਕਹਿੰਦੇ ਹਨ—ਇਥੇ

ਹੀ ਦਸਵਾਂ ਦਰਵਾਜ਼ਾ ਹੈ। ਨੌ ਦਰਵਾਜ਼ੇ ਇੰਦ੍ਰੀਆਂ ਦੇ ਹਨ। ਦੋ ਅੱਖਾਂ ਦੇ ਦਵਾਰ, ਦੋ ਕੰਨ, ਦੋ ਨਾਸਿਕਾ, ਇਕ ਰਸਨਾ, ਦੋ ਮਲ ਮੂਤਰ ਦੇ ਦਵਾਰ। "ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥ ਕਹਤੁ ਕਬੀਰ ਨਵੈ ਘਰ ਮੂਸੇ, ਦਸਵੈਂ ਤਤੁ ਸਮਾਈ।" ਨਉ ਦਰਵਾਜ਼ੇ ਲੰਘ ਕੇ ਦਸਵਾਂ ਖੋਲ੍ਹਣਾ ਹੁੰਦੈ। ਇਸ ਦੁਰਲੱਭ ਅੰਤਰ ਸਥਾਨ ਨੂੰ ਸਵਰਗ ਕਿਹਾ ਗਿਆ... ਬੈਕੁੰਠ ਕਿਹਾ ਗਿਆ। ਤਾਂ ਵੇਦਾਂਤ ਨੇ ਕਿਹਾ, "ਸਵ: ਗਮਨ ਕਰੋਤੀ ਸ: ਸਵਰਗ:॥"

ਜਿਹੜਾ ਸਾਧਕ, ਜਿਹੜਾ ਭਗਤ, ਉਥੇ ਪੁੱਜਣ ਦਾ ਲਖਸ਼ ਕਰਦੈ, ਉਹ ਹੌਲੀ ਹੌਲੀ ਨਉ ਦਰਵਾਜ਼ੇ ਸੰਕੋਚਣੇ ਆਰੰਭ ਕਰ ਦਿੰਦਾ ਹੈ—

"ਮੂੰਦ ਲੀਏ ਦਰਵਾਜੇ, ਬਾਜੀਅਲੇ ਅਨਹਤਾ ਵਾਜੇ॥"

ਇਹ ਭਗਤਾਂ ਦਾ ਮਾਰਗ ਹੈ, ਸਾਧਕਾਂ ਦਾ ਪਥ ਹੈ। ਬਹੁਤ ਬਿਖਮ ਮਾਰਗ ਹੈ। ਜਗ ਦੇ ਸਾਰੇ ਬੰਧਨ, ਮੋਹ-ਮਾਇਆ ਦੇ ਸਾਰੇ ਰੱਸੇ ਤੋੜ ਕੇ, ਪੈਰ ਅਗਲੇ ਪਾਇਦਾਨ ਤੇ ਰੱਖਣਾ ਹੁੰਦਾ ਹੈ।

ਪਰ, ਹਜ਼ਾਰਾਂ ਸਾਲਾਂ ਤੋਂ, ਮਨੁੱਖੀ ਚੇਤਨਾ ਨੂੰ, ਦਿਸ਼ਾਹੀਨ ਕਰ ਦਿੱਤਾ ਗਿਆ। ਗਲਤ ਰਾਹ ਤੇ ਪਾ ਦਿੱਤਾ ਗਿਆ। ਸਵਰਗ ਦਾ ਲੋਭ ਦਿੱਤਾ ਗਿਆ, ਇਹ ਧਰਤੀ ਸਵਰਗ ਹੈ। ਸੁੰਦਰ ਬਾਗ, ਨਿਆਰੇ ਪੰਖੀ, ਨਦੀਆਂ, ਝਰਨੇ, ਅਤਿ ਸੁੰਦਰ ਹਨ, ਸਵਰਗ ਜਿਹੇ। ਇਸ ਸ੍ਰਿਸ਼ਟੀ ਦੇ ਪੰਜ ਤੱਤ, ਹਰ ਜੀਵ ਦੇ ਸਿਰਜਨਕਾਰੀ-ਪੰਜ ਤੱਤ, ਮਿੱਟੀ, ਪਾਣੀ, ਹਵਾ, ਅਗਨ ਅਤੇ ਆਕਾਸ਼। ਇਹ ਸਾਰੇ ਸਾਡੇ ਜਨਮ ਦਾਤਾ ਹਨ, ਪਾਲਨਹਾਰ ਹਨ। ਇਹਨਾਂ ਤੱਤਾਂ ਤੋਂ ਮਨੁੱਖ ਦਾ ਧਿਆਨ, ਕਿਸੇ ਕਲਪਨਾ ਦੇ ਸਵਰਗ ਪਾਸੇ ਤਬਦੀਲ ਕਰ ਦਿੱਤਾ ਗਿਆ। ਮੇਰੀ ਮਾਤਾ, ਮੇਰਾ ਪਿਤਾ, ਮੇਰਾ ਸਤਿਗੁਰ, ਇਹਨਾਂ ਦੇ ਚਰਨਾਂ ਵਿਚ ਸਵਰਗ ਹੈ। ਜਿੱਥੇ ਸੰਤ-ਸਾਧ ਵਸਦੇ ਹਨ, ਉਹ ਬੈਕੁੰਠ ਹੈ, ਪਰ ਹਜ਼ਾਰਾਂ ਸਾਲਾਂ ਤੋਂ ਬਾਰ-ਬਾਰ ਮਨੁੱਖ ਨੂੰ, ਕਿਸੇ ਅਦਿੱਖ ਲੋਕ ਤੇ ਸਵਰਗ ਦਾ ਲੋਭ ਦਿੱਤਾ ਜਾਂਦਾ ਰਿਹਾ। "ਧਰਮ", ਜਿਵੇਂ ਅਸੀਂ ਦਸਦੇ ਹਾਂ, ਕਰਮ, ਜਿਵੇਂ ਦੇ ਅਸੀਂ ਕਰਮ ਕਾਂਡ ਨਿਰਧਾਰਤ ਕਰਦੇ ਹਾਂ, ਉਵੇਂ ਕਰੋ—ਤਾਂ "ਸਵਰਗ" ਦੀ ਪ੍ਰਾਪਤੀ ਹੋਵੇਗੀ। ਦਸਵੀਂ, ਤੇਰ੍ਹਵੀਂ, ਪਿੰਡ ਦਾਨ, ਭੋਜ, ਸਾਰੇ ਅਨੁਸ਼ਠਾਨ, ਪੰਡਿਤਾਂ, ਪੁਰੋਹਿਤਾਂ ਦੇ ਦੱਸੇ ਅਨੁਸਾਰ ਕਰਨ ਦਾ ਵਿਧਾਨ, ਤਾਂ ਜੋ ਮ੍ਰਿਤਕ ਨੂੰ ਸਵਰਗ ਵਿਚ "ਥਾਂ" ਮਿਲ ਸਕੇ। ਇਕ ਸੋਚੀ ਸਮਝੀ ਯੋਜਨਾ ਅਨੁਸਾਰ, ਇਹ ਕ੍ਰਮ ਚਲਦਾ ਰਿਹਾ ਹੈ। "ਦੋ ਧਾਰੀ ਤਲਵਾਰ" ਮਨੁੱਖ ਤੇ ਚਲਦੀ ਰਹੀ। ਪੁਜਾਰੀਆਂ ਨੂੰ ਮਾਇਆ ਭੇਟ ਹੁੰਦੀ ਰਹੀ ਅਤੇ ਮਨੁੱਖੀ ਚੇਤਨਾ ਨੂੰ ਕਿਸੇ ਕਲਪਨਾ ਦੇ ਸਵਰਗ ਲੋਕ ਵੱਲ ਮੋੜ ਦਿੱਤਾ ਗਿਆ। ਮਨੁੱਖ, ਮਾਤਾ, ਪਿਤਾ, ਗੁਰੂ, ਮਿੱਟੀ, ਹਵਾ, ਪਾਣੀ, ਪਰਿਆਵਰਨ, ਸਾਰਿਆਂ ਤੋਂ ਤੋੜਨ ਦੀ ਸਾਜ਼ਿਸ਼ ਰਚੀ ਗਈ। ਧਰਤੀ ਸਵਰਗ ਸੀ। ਮਨੁੱਖ, ਇਸ ਜਗ ਨੂੰ "ਜੰਨਤ" ਬਣਾ ਸਕਦੇ ਸਨ। ਪਰ ਯੋਜਨਾਬੱਧ ਸਾਜ਼ਿਸ਼ਾਂ ਨੇ ਮਨੁੱਖ ਦੀ ਸੁਰਤ ਹੀ ਤਬਦੀਲ ਕਰ ਦਿੱਤੀ। ਮਨੁੱਖ ਮਰਨ ਤੋਂ ਬਾਦ ਸਵਰਗ ਵਿਚ, ਜਿੱਥੇ ਸੁੰਦਰ ਪਰੀਆਂ, ਅਪਸਰਾਵਾਂ ਹੁੰਦੀਆਂ ਹਨ... ਜਿਥੇ ਕਾਮਧੇਨੂ ਕਪਿਲਾ ਗਊ, ਜਿਸ ਤੋਂ ਛਕਣ ਨੂੰ ਜਿਹੜੇ ਪਦਾਰਥ ਦੀ ਅਭਿਲਾਖਾ ਕਰੋ,

ਉਹ ਪਦਾਰਥ ਤਤਕਾਲ ਤਿਆਰ ਮਿਲਦਾ ਹੈ... ਕਲਪ ਬ੍ਰਿਖ ਹੇਠ ਬੈਠ ਕੇ ਜੋ ਚਿਤਵੋ, ਉਹ ਪੂਰਨ ਹੁੰਦਾ ਹੈ। ਉਥੇ ਸਦੀਵੀ ਜਵਾਨੀ ਰਹਿੰਦੀ ਹੈ। ਕੋਈ ਬੁੱਢਾ ਨਹੀਂ ਹੁੰਦਾ, ਕੋਈ ਬਿਮਾਰ ਨਹੀਂ ਹੁੰਦਾ। ਲੋਭੀ ਮਨੁੱਖ, ਜੋ ਜੋ ਚਾਹੁੰਦਾ ਹੈ, ਭੋਗ ਦੀ ਉਹ ਸਾਰੀ ਸਮੱਗ੍ਰੀ, ਕਲਪਨਾ ਦੇ ਉਸ ਸਵਰਗ ਵਿਚ, ਮੌਜੂਦ ਦੱਸੀ ਗਈ। ਮਨੁੱਖ, ਭੋਗ ਦੇ ਲੋਭ ਵਿਚ ਮੰਦਰਾਂ ਵਿਚ ਤਾਂ ਬੇਸ਼ੁਮਾਰ ਦੌਲਤ ਦਿੰਦਾ ਰਿਹਾ, ਮਾਤਾ-ਪਿਤਾ ਦੀਆਂ ਜ਼ਰੂਰਤਾਂ ਨੂੰ ਭੁੱਲ ਗਿਆ। ਭੈਣ, ਭਰਾ, ਸਮਾਜ, ਸਭ ਵਿਸਰ ਗਏ। ਤਾਂ ਭਗਤ ਕਬੀਰ ਜੀ ਕਹਿੰਦੇ ਹਨ—

"ਨਾ ਜਾਨਾ ਬੈਕੁੰਠ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥"

ਬੈਕੁੰਠ ਕਿੱਥੇ ਹੈ? ਕੋਈ ਨਹੀਂ ਜਾਣਦਾ। ਪਰ ਬੈਕੁੰਠ ਸਾਰੇ ਜਾਣਾ ਚਾਹੁੰਦੇ ਹਨ।

ਉਲਟੀ ਚਾਲ ਚੱਲੀ ਗਈ। ਗੁਰੂ ਚਰਨਾਂ ਵਿਚ ਪਰਮ ਆਨੰਦ ਸੀ, ਸੁਖ ਦਾ ਸਵਰਗ ਵਸਦਾ ਸੀ। ਮਨੁੱਖ ਦੇ ਮਨੋਵਿਗਿਆਨ ਵਿਚ, ਸਵਰਗ ਦੀ ਕਲਪਨਾ ਵਸਾ ਦਿੱਤੀ ਗਈ—ਅਤੇ ਸੱਚ ਹੈ,

"ਜਬ ਲਗ ਮਨ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀਂ ਚਰਨ ਨਿਵਾਸੁ॥"

ਮਨੁੱਖ ਨੂੰ, ਉਸ ਦੀਆਂ ਜੜ੍ਹਾਂ ਤੋਂ ਉਖਾੜ ਦਿੱਤਾ ਗਿਆ। ਪੁਜਾਰੀਆਂ ਨੇ ਕਿਹਾ, ਮੰਦਰ ਵਿਚ ਦਾਨ ਕਰੋ, ਦੇਵਤੇ ਲਈ ਸੋਨੇ ਦਾ ਸਿੰਘਾਸਨ ਭੇਟ ਕਰੋ... ਤੁਹਾਡੇ ਸਾਰੇ ਪਾਪ ਮਿਟ ਜਾਣਗੇ। ਹਰ ਅਪਰਾਧ, ਪਾਪ ਕਰਮ ਤੋਂ ਮੁਕਤੀ ਦਾ ਵਿਧਾਨ, ਪੁਜਾਰੀ ਤਿਆਰ ਦਸਦੇ ਹਨ। ਹਰ ਪਾਪ ਤੋਂ ਮੁਕਤ ਹੋਣ ਦਾ ਰੇਟ ਬਣਿਆ ਹੋਇਆ ਹੈ। ਸੰਨ 1972 ਵਿਚ ਕਪੜੇ ਦੇ ਵਾਪਾਰ ਦੇ ਸਿਲਸਿਲੇ ਵਿਚ, ਹਰ ਪਖਵਾੜੇ ਮੈਂ ਡਾਲਟਨਗੰਜ ਤੋਂ ਰਾਮਾਨੁਜਗੰਜ (ਹੁਣ ਛੱਤੀਸਗੜ੍ਹ) ਜਾਂਦਾ ਸੀ। ਸਾਡੇ ਇਕ ਦੁਕਾਨਦਾਰ ਵਾਪਾਰੀ, ਮੇਸਰਜ਼ "ਕੰਨੀ ਰਾਮ ਕੇਵਲ ਪ੍ਰਸਾਦਿ" ਹੁੰਦੇ ਸੀ। ਚੰਗੇ ਸਰਦੇ ਪੁਜਦੇ ਲੋਗ ਸਨ। ਉਨ੍ਹਾਂ ਆਪਣੇ ਘਰ ਦੇ ਤਬੇਲੇ ਵਿਚ ਦੁੱਧ ਲਈ, ਗਊਆਂ ਰੱਖੀਆਂ ਸਨ। ਸੇਵਾਦਾਰ ਭੀ ਰੱਖੇ ਸਨ। ਇਕ ਸਵੇਰ ਵੇਖਿਆ, ਕਿਲ੍ਹੇ ਨਾਲ ਬੱਧੀ ਹੋਈ ਇਕ ਗਊ ਮਰ ਗਈ ਸੀ। ਰਾਤ, ਪਤਾ ਨਹੀਂ ਕੀ ਹੋਇਆ। ਸੱਪ ਲੜ ਗਿਆ ਜਾਂ ਹੋਰ ਕੁਝ! ਖ਼ੈਰ, ਪੰਡਿਤ ਜੀ ਆਏ। ਦੱਸਿਆ, ਖੁੱਟੇ ਤੇ ਬੱਧੀ ਗਊ ਮਰ ਗਈ ਹੈ। ਜੇ ਮੌਤ ਤੋਂ ਪਹਿਲਾਂ ਗੱਲ ਦਾ ਰੱਸਾ ਖੋਲ੍ਹ ਦਿੰਦੇ ਤਾਂ ਬਚ ਜਾਂਦੇ। ਹੁਣ "ਗਊ ਹੱਤਿਆ" ਦਾ ਮਹਾਂਪਾਪ ਤੁਹਾਡੇ ਸਿਰ ਲੱਗ ਗਿਆ। ਹੁਣ ਕੀ ਵਿਧਾਨ ਹੈ, ਪਾਪ ਤੋਂ ਮੁਕਤੀ ਦਾ?

ਪਾਪ ਮੁਕਤੀ ਦਾ ਅਨੁਸ਼ਠਾਨ ਹੈ। ਪੂਜਾ ਸਮੱਗ੍ਰੀ, ਅਨਾਜ ਬਸਤਰ ਦੇ ਨਾਲ ਸੋਨੇ ਦੀ ਗਊ ਦਾਨ ਦਾ ਵਿਧਾਨ ਹੈ। ਪਿੰਡ ਦੇ ਲੋਕਾਂ ਨੂੰ ਭੋਜ ਭੀ ਦਿਉ। ਇਹ ਸਭ ਕੁਝ ਵਿਧੀ ਵਿਧਾਨ ਅਨੁਸਾਰ, ਉਸ ਵਾਪਾਰੀ ਪਰਿਵਾਰ ਨੇ ਕੀਤਾ, ਇਕ ਤੋਲਾ ਸੋਨੇ ਦੀ ਗਊ ਭੀ ਪੁਜਾਰੀ ਨੂੰ ਭੇਂਟ ਕੀਤੀ।

ਪੰਜਵੇਂ ਪਾਤਸ਼ਾਹ ਦਾ ਸਮਾਂ ਸੀ। ਭਾਈ ਤਿਲੋਕੇ ਦੇ ਪਿੰਡ "ਮਹੇਸ਼ ਯੋਗੀ" ਉਤਾਰਾ ਕੀਤਾ। ਚੇਲਿਆਂ ਨੇ ਪਿੰਡ ਵਿੱਚ ਹੋਕਾ ਦਿੱਤਾ, ਸ਼ਿਵਜੀ ਭਗਵਾਨ ਦੇ ਵਿਸ਼ੇਸ਼ ਵਰ ਪ੍ਰਾਪਤ, "ਮਹੇਸ਼ਯੋਗੀ" ਜੀ—ਪਧਾਰੇ ਹਨ। ਜਿਹੜਾ ਦਰਸ਼ਨ ਕਰੇਗਾ, ਉਸ ਨੂੰ ਇਕ

ਵਰ੍ਹੇ ਦਾ ਸਵਰਗ ਪ੍ਰਾਪਤ ਹੋਇਗਾ। ਭੀੜਾਂ ਲਗ ਗਈਆਂ। ਆਲੇ ਦੁਆਲੇ ਦੇ, ਕਈ ਪਿੰਡਾਂ ਦੇ ਲੋਗ ਇਕ ਸਾਲ ਦੇ ਸਵਰਗ ਸੁਖ-ਭੋਗ ਦੇ ਲੋਭ ਵਿਚ ਲਾਈਨਾਂ ਲਗ ਦਰਸ਼ਨ ਕਰਦੇ। ਸਾਰੇ ਭੁਗਤ ਗਏ ਤਾਂ ਪੁੱਛਿਆ, "ਭਾਈ ਕੋਈ ਅਭਾਗਾ ਰਹਿ ਤੇ ਨਹੀਂ ਗਿਆ? ਜੀ ਇਕ ਸਿੱਖ ਹੈ, "ਗੁਰੂ ਅਰਜਨ ਦੇਵ" ਦਾ... ਕਹਿੰਦਾ ਹੈ, "ਆਪਣੇ ਗੁਰੂ ਦੀ ਕਿਰਪਾ ਨਾਲ, ਮੈਨੂੰ ਜੀਉਂਦਿਆਂ ਹੀ ਸਵਰਗ ਤੋਂ ਵੱਧ ਆਨੰਦ ਮਿਲ ਗਿਆ ਹੈ... ਮੋਇਆਂ, ਕਿਸੇ ਸਵਰਗ ਦੀ ਲੋੜ ਨਹੀਂ...

ਆਪਣਾ ਵਿਸ਼ੇਸ਼ ਸਿਆਣਾ ਸੇਵਕ ਭੇਜਿਆ, ਇਸ ਸਿੱਖ ਨੂੰ ਦੋ ਸਾਲ ਦਾ ਸਵਰਗ ਦੇ ਆਉ। ਸੇਵਕ ਗਿਆ, ਬਹੁਤ ਸਮਝਾਇਆ, ਪਰ ਸਿੱਖ ਇੱਕੋ ਗੱਲ ਕਰਦਾ, "ਅਨੰਦੁ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ॥"

ਸਤਿਗੁਰ ਤੋਂ ਮਿਲਿਆ, ਸਤਿ ਚਿਤ ਆਨੰਦ ਤੋਂ ਵੱਖ ਹੋਰ ਕਿਸੇ ਸਵਰਗ ਦੀ ਲੋੜ ਨਹੀਂ।

ਮਹੇਸ਼ ਯੋਗੀ ਆਪ ਆਏ। ਗਵਾਂਢ ਦਾ ਕੋਈ ਬਾਲਕ ਕਹਿ ਗਿਆ, ਯੋਗੀ ਜੀ ਆਪ ਆ ਰਹੇ ਹਨ।

ਕਾਹਲੀ, ਕਾਹਲੀ ਭਾਈ ਤਿਲੋਕੇ ਨੇ ਬੂਹੇ ਬਾਰੀਆਂ ਬੰਦ ਕਰ ਲਈਆਂ। ਕਿਤੇ ਭੁਲੇਖੇ ਨਾਲ ਯੋਗੀ ਤੇ ਨਜ਼ਰ ਨਾ ਪੈ ਜਾਏ। ਗੁਰੂ ਦਾ ਸਿੱਖ, ਜੀਵਨ ਮੁਕਤ ਹੁੰਦਾ ਹੈ, ਸਦੀਵੀ ਆਨੰਦ ਦੀ ਮੌਜ ਵਿਚ। ਕਿਤੇ ਇਹ ਨਾ ਹੋਵੇ, ਯੋਗੀ ਦਾ ਭੁਲ ਭੁਲੇਖੇ ਮੂੰਹ ਦਿਸ ਜਾਏ ਔਰ ਮੁਗਾਲਤਾ ਪਾ ਜਾਏ ਕਿ ਮੇਰੇ ਦਰਸ਼ਨ ਕਰ ਕੇ ਮੁਕਤੀ ਮਿਲ ਗਈ।

ਯੋਗੀ ਜੀ ਆਏ। ਨਾਲ ਦੋ ਚੇਲੇ ਭੀ ਆਏ। ਦਰਵਾਜ਼ੇ ਖਿੜਕੀਆਂ ਸਭ ਬੰਦ ਵੇਖੇ। ਬਾਹਰੋਂ ਵਾਜ ਮਾਰੇ, ਵੇ ਸੱਜਣਾਂ ਤੂੰ ਜਿੰਨੇ ਸਾਲ ਦਾ ਕਹੇਂ, ਤੈਨੂੰ ਸਵਰਗ ਦਾ ਵਾਸਾ ਦੇ ਦੇਵਾਂ। ਦਰਵਾਜ਼ਾ ਨਾ ਖੁੱਲਿਆ। ਹਾਰ ਗਿਆ ਯੋਗੀ। ਇਕ ਸਿੱਖ ਦੇ ਆਤਮ ਬਲ ਅਗੇ ਯੋਗ ਬਲ ਫਿੱਕਾ ਪੈ ਗਿਆ। ਅਰਜੋਈ ਕਰਨ ਲੱਗਾ, ਵਾਸਤਾ ਹਈ ਤੈਨੂੰ ਤੇਰੇ ਗੁਰੂ ਦਾ, ਇਕ ਵਾਰ ਦਰਵਾਜ਼ਾ ਖੋਲ੍ਹ, ਮੈਂ ਗੁਰਸਿੱਖ ਦੇ ਦਰਸ਼ਨ ਕਰ ਲਵਾਂ। ਲੈ ਚਲ ਮੈਨੂੰ ਆਪਣੇ ਨਾਲ.... ਆਪਣੇ ਗੁਰੂ ਦਾ ਦੀਦਾਰ ਕਰਵਾ ਦੇ। ਵਾਸਤਾ ਈ ਤੈਨੂੰ ਗੁਰੂ ਦਾ। ਭਾਈ ਤਿਲੋਕੇ ਦਰਵਾਜ਼ਾ ਖੋਲਿਆ। ਮੈਨੂੰ ਮੇਰੇ ਗੁਰੂ ਦਾ ਵਾਸਤਾ ਪਾਇਆ ਹੈ। ਬਾਹਰ ਯੋਗੀ ਰੋਂਦਾ ਵੇਖਿਆ। ਵੇ ਸਿੱਖਾ! ਤੈਨੂੰ ਜਿਹੜੀ ਦਾਤ ਗੁਰੂ ਤੋਂ ਮਿਲੀ ਹੈ, ਕਿਰਪਾ ਕਰ, ਮੇਰੀ ਝੋਲੀ ਵਿਚ ਭੀ, ਉਹ ਸਦੀਵੀ ਆਨੰਦ ਪਵਾ ਦੇ। ਅੱਜ ਤਕ ਮੈਂ ਲੋਭ ਵੇਚਦਾ ਰਿਹਾਂ... ਆਪ ਭੀ ਲੋਭੀਆਂ ਵਿੱਚ ਘਿਰਿਆ ਰਿਹਾਂ। ਭਾਈ ਤਿਲੋਕਾ, ਰੋਂਦੇ, ਯੋਗੀ ਨੂੰ ਵੇਖ, ਦ੍ਰਵ ਗਿਆ। ਨਾਲ ਲੈ ਕੇ ਟੁਰ ਪਿਆ। ਰਸਤੇ ਵਿੱਚ, ਯੋਗੀ ਪੁਛਿਆ, ਤੁਹਾਡੇ ਗੁਰੂ ਦੀ ਉਮਰ ਕਿਤਨੀ ਕੁ ਹੋਵੇਗੀ?

ਜੀ ਹੋਵੇਗੀ, ਤਕਰੀਬਨ 42 ਸਾਲ! ਭਾਈ ਤਿਲੋਕੇ ਕਿਹਾ।

"ਬਸ!" ਇਤਨੀ ਛੋਟੀ ਉਮਰ ਦੇ ਹਨ।

ਯੋਗੀ, ਇਕ ਵਾਰ ਫਿਰ ਭ੍ਰਮ ਵਿਚ ਪੈ ਗਿਆ। ਮਨ ਵਿਚ ਸੋਚ ਆਈ, ਮੈਂ ਇਸ ਵੇਲੇ ਢਾਈ ਸੌ ਸਾਲ ਦਾ, ਪੂਰਨ ਯੋਗੀ, ਔਰ ਇਹ ਮਾਤਰ 42 ਸਾਲ ਦੇ। ਮੇਰੇ ਸਾਮ੍ਹਣੇ

ਤਾਂ ਬੱਚੇ ਹੀ ਹੋਏ ਨਾ। ਭ੍ਰਮ ਨੇ ਹੰਕਾਰ ਦਾ ਰੂਪ ਧਾਰਿਆ ਤਾਂ ਉਧਰ, ਘਟ ਘਟ ਦੇ ਜਾਨਣਹਾਰ ਸਤਿਗੁਰਾਂ, ਸੇਵਕਾਂ ਨੂੰ ਹੁਕਮ ਦਿੱਤਾ, ਛੇਤੀ ਨਾਲ ਇਸ ਥਾਂ ਨੂੰ, ਚੰਗੀ ਤਰ੍ਹਾਂ ਕਨਾਤਾਂ ਨਾਲ ਘੇਰਾ ਦਿਉ। ਇਕ ਹੰਕਾਰੀ-ਯੋਗੀ ਆ ਰਿਹਾ ਹੈ... ਉਸ ਦੇ ਮੱਥੇ ਨਹੀਂ ਲਗਣਾ। ਹੁਕਮ ਅਨੁਸਾਰ ਚਹੁੰ ਪਾਸੇ ਕਨਾਤਾਂ ਦਾ ਘੇਰਾ ਪਾ ਲਿਆ। ਭਾਈ ਤਿਲੋਕੇ ਨਾਲ, ਉਹ ਯੋਗੀ ਭੀ ਉਥੇ ਪਹੁੰਚਿਆ। ਦੁਵਿਧਾ ਵਿਚ ਪਿਆ, ਬਾਹਰੋਂ ਬਚਨ ਕਰਨਾ ਚਾਹੁੰਦਾ ਹੈ। ਸਤਿਗੁਰ ਜੀ ਪੁੱਛਿਆ, "ਯੋਗੀ ਜੀ ਤੁਹਾਡਾ ਇਕ ਕੰਨ, ਖੱਬੇ ਪਾਸੇ ਦਾ ਕਿੱਥੇ ਗਿਆ।"

ਯੋਗੀ ਹੈਰਾਨ ਹੋਇਆ। ਫੇਰ ਸੋਚਿਆ ਸ਼ਾਇਦ ਕਿਤੋਂ ਨਜ਼ਰ ਪੈ ਗਈ ਹੋਵੇਗੀ। ਇਹ ਕਹਾਣੀ ਸਿਰਫ਼ ਯੋਗੀ ਹੀ ਜਾਣਦਾ ਸੀ। ਤਕਰੀਬਨ 240 ਵਰ੍ਹੇ ਪਹਿਲਾਂ, ਦਸ ਵਰ੍ਹੇ ਦੀ ਉਮਰੇ, ਇਕ ਦਰਿਆ ਵਿਚ ਇਸ਼ਨਾਨ ਕਰਦਿਆਂ, ਕੰਨ ਵਿਚ ਪਈ ਮੁੰਦਰਾ ਸਹਿਤ, ਇਕ ਮੱਛ ਝਪੱਟਾ ਮਾਰ ਕੇ ਇਕ ਕੰਨ ਪੁੱਟ ਕੇ ਲੈ ਗਿਆ। ਉਦੋਂ ਦਾ, ਉਵੇਂ ਦੀ ਮੁੰਦਰਾ ਵਾਲਾ ਬਸ ਇਕ ਸੱਜਾ ਕੰਨ ਹੈ ਸੀ। ਪਰ ਇਹ ਕੰਨ ਵਾਲੀ ਗਲ ਤਾਂ ਮੇਰੇ ਚੇਲਿਆਂ ਨੂੰ ਭੀ ਨਹੀਂ ਪਤਾ।

ਇਕ ਗੁਪਤ ਘਟਨਾ... ਯੋਗੀ ਹੀ ਇਕੱਲਾ ਜਾਣਦਾ ਸੀ।

ਕਨਾਤ ਦੇ ਉਪਰੋਂ ਸਤਿਗੁਰਾਂ ਦਾ ਹੱਥ ਬਾਹਰ ਆਇਆ, "ਵੇਖੋ ਯੋਗੀ ਜੀ, ਕਿਤੇ ਇਹ ਤਾਂ ਨਹੀਂ?" ਸਤਿਗੁਰੂ ਜੀ।

ਯੋਗੀ ਲਈ, ਹੈਰਾਨੀ ਦੀ ਕੋਈ ਹੱਦ ਨਾ ਰਹੀ। ਵਿਸਮਾਦ-ਵਿਸਮਾਦ! ਉਹੋ ਮੇਰਾ ਕੰਨ, ਉਹੋ ਮੁੰਦਰਾ ਸਹਿਤ! ਦੋ ਸੌ ਚਾਲ੍ਹੀ ਵਰ੍ਹੇ ਪਹਿਲਾਂ ਦੀ ਘਟਨਾ! ਅੱਜ ਮੇਰਾ ਉਹ ਕੰਨ। ਰੋ ਪਿਆ। ਸਤਿਗੁਰ ਮੈਂ ਅੱਜ ਤਾਂਈ ਭੁਲਿਆ ਹੋਇਆ ਸਾਂ। ਥੋੜ੍ਹੀ ਜਿਹੀ ਤੰਤਰ ਵਿਦਿਆ! ਮਾੜੀ ਜਿਹੀ ਯੋਗ ਸ਼ਕਤੀ! ਦੁਨੀਆਂ ਨੂੰ ਪ੍ਰਭਾਵਤ ਕਰਨ ਵਿਚ ਸਮਾਂ ਗਵਾਂ ਲਿਆ। ਕਿਰਪਾ ਕਰੋ... ਮੈਨੂੰ ਸਿੱਖੀ ਬਖ਼ਸ਼ੋ!

ਤਾਂ ਭਗਤ ਕਬੀਰ ਜੀ ਕਹਿੰਦੇ ਹਨ—

ਉਹ ਪ੍ਰਮਾਤਮਾ, "ਪਰਮਿਤਿ" ਹੈ, ਉਸ ਦੀ ਮਿਤ ਨਹੀਂ ਪਾਈ ਜਾ ਸਕਦੀ, "ਪਰ ਮਨ" ਹੈ, ਕਿਸੇ ਦੀ ਸੋਚ ਵਿਚ ਨਹੀਂ ਆ ਸਕਦਾ। ਪਰ ਧਰਮ ਦੇ ਸੌਦਾਗਰ "ਬਾਤਨ ਹੀ ਬੈਕੁੰਠ ਸਮਾਨਾ" ਗੱਲਾਂ ਨਾਲ ਹੀ ਬੈਕੁੰਠ ਵਿਚ ਪੁੱਜਣ ਦੀ, ਦੂਜਿਆਂ ਨੂੰ ਪਹੁੰਚਾਣ ਦਾ ਦਾਅਵਾ ਕਰਦੇ ਹਨ। ਉਹ ਲੋਗ ਜਾਂ ਤਾਂ ਅਪਰਾਧੀ ਹਨ, ਜਗ ਨੂੰ ਗੁਮਰਾਹ ਕਰਨ ਦੇ ਜਾਂ ਫਿਰ ਭੋਲੇ ਲੋਗ ਹਨ, ਤਰਸ ਦੇ ਪਾਤਰ!

13
ਮਰਿਆਦਾ ਪੁਰਸ਼ੋਤਮ

ਨਿਰਾਕਾਰ ਅਤੇ ਸਾਕਾਰ, ਪਰਮਾਤਮਾ ਦੇ ਦੋਹਾਂ ਸਰੂਪਾਂ ਲਈ, "ਰਾਮ" ਦੀ ਵਰਤੋਂ ਹੋਈ ਹੈ। ਜੜ੍ਹ ਅਤੇ ਚੇਤਨ, ਸੰਪੂਰਨ ਸ੍ਰਿਸ਼ਟੀ ਵਿਚ, ਹਰ ਇਕ ਵਿਚ ਰਮੇ ਹੋਇ ਰਾਮ ਜਾਂ ਰਘੂਕੁਲ ਦੇ ਵੰਸ਼ਜ... ਦਸ਼ਰਥ ਪੁੱਤਰ ਰਾਮ, ਦੋਹਾਂ ਰੂਪਾਂ ਵਿੱਚ ਪ੍ਰਮਾਤਮਾ ਦੇ ਪ੍ਰਤੀਕ ਰੂਪ ਰਾਮ! ਇਕ ਵਾਰ ਮੇਰੇ ਇਕ ਸਿੱਖ ਮਿੱਤਰ, ਧਰਮ ਵਾਰਤਾ ਦੇ ਸੰਦਰਭ ਵਿਚ ਕਹਿਣ ਲੱਗੇ, ਗੁਰਬਾਣੀ ਵਿਚ, ਰਾਮ ਸ਼ਬਦ ਵਰਤੋਂ ਹੋਈ ਹੈ, ਪਰ ਉਹ ਨਿਰਾਕਾਰ ਬ੍ਰਹਮ... ਸਾਰਿਆਂ ਵਿਚ ਰਮੇ ਹੋਏ "ਰਾਮ" ਬਾਬਤ ਪ੍ਰਯੋਗ ਹੋਇਆ ਹੈ। ਮੈਂ ਅਰਜ਼ ਕੀਤੀ, ਨਿਰਾਕਾਰ ਬ੍ਰਹਮ ਜਦੋਂ ਆਕਾਰ ਧਾਰਦਾ ਹੈ, ਅਸੀਂ ਉਸ ਨਰ ਤਨ-ਧਾਰੀ ਨੂੰ ਨਰ ਅਵਤਾਰ ਜਾਂ ਗੁਰ ਅਵਤਾਰ ਜਿਹੇ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਦੋਵੇਂ ਅਭੇਦ ਹਨ। ਗੁਰਬਾਣੀ ਪ੍ਰਮਾਣ ਵਜੋਂ, ਨੌਵੇਂ ਪਾਤਸ਼ਾਹ ਦੇ ਸ਼ਲੋਕਾਂ 'ਚੋਂ ਇਕ ਸ਼ਲੋਕ ਅੱਗੇ ਰੱਖਿਆ—

"ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ ॥"

ਇਹ ਰਘੁਕੁਲ ਦੇ ਨਾਥ ਤਾਂ, "ਦਸ਼ਰਥ ਪੁੱਤਰ ਰਾਮ" ਹੀ ਹਨ।

ਸੰਸਾਰ ਦੇ ਸਾਰੇ ਰਿਸ਼ਤੇ, ਨਾਤੇ, ਮਰਿਆਦਾਵਾਂ ਦੇਹਧਾਰੀ ਨਿਭਾਉਂਦਾ ਹੈ। ਨਿਰਾਕਾਰ ਲਈ ਕੋਈ ਕਰਤੱਵ ਨਹੀਂ ਨਿਰਧਾਰਤ, ਮਰਿਆਦਾਵਾਂ, ਮਾਨਤਾਵਾਂ ਨਿਰਵਾਹ ਕਰਨ ਦੀ ਕੋਈ ਸ਼ਰਤ ਨਹੀਂ। ਉਸ ਨੇ ਤਾਂ ਕੁਦਰਤ ਹੱਥ ਸਾਰੀ ਵਿਵਸਥਾ ਸੌਂਪ ਦਿੱਤੀ ਆਪ ਬਸ ਦਰਸ਼ਕ ਬਣ ਕੇ, ਵੇਖ ਰਿਹਾ ਹੈ—

"ਕਰਿ ਆਸਣ ਡਿਠੋ ਚਾਉ ॥"

ਹਰ ਸ਼ੁਭ ਜਾਂ ਅਸ਼ੁਭ ਕਰਮਾਂ ਦਾ ਫਲ ਕੁਦਰਤ ਦੇ ਵਿਧਾਨ ਅਨੁਸਾਰ ਨਿਰਧਾਰਤ ਹੁੰਦਾ ਹੈ। ਕੋਈ ਹਮਲਾਵਰ ਕਿਸੇ ਮੁਲਕ ਤੇ ਹਮਲਾ ਕਰਦਾ ਹੈ, ਹਜ਼ਾਰਾਂ ਲੱਖਾਂ ਮੌਤਾਂ ਹੁੰਦੀਆਂ ਹਨ, ਕਿਸੇ ਦਾ ਕਤਲ ਕੋਈ ਕਰਦਾ ਹੈ, ਧੱਕਾ ਕਰਦਾ ਹੈ, ਜੱਜ ਵਾਂਗ ਨਿਰਾਕਾਰ ਰੱਬ ਦੀ ਸਿਰਜੀ ਕੁਦਰਤ, ਕਿਸੇ ਨੂੰ ਰੋਕਦੀ ਨਹੀਂ, ਹੱਥ ਨਹੀਂ ਫੜ੍ਹਦੀ, ਸਿਰਫ਼ ਕੁਦਰਤ ਦੇ ਮਿੱਥੇ ਕਾਨੂੰਨ ਅਨੁਸਾਰ, ਸਜ਼ਾ ਦਾ ਨਿਰਣਾ ਦਿੰਦੀ ਹੈ। ਪਰ ਉਹੀ ਨਿਰੰਕਾਰ, ਜਦੋਂ ਦੇਹ ਧਾਰ ਨਾਨਕ ਰੂਪ ਧਾਰਦਾ ਹੈ ਤਾਂ ਦੁਖਿਆਰਿਆਂ ਪ੍ਰਤੀ ਸੰਵੇਦਨਾ ਦੇ ਹੰਝੂ ਕੇਰਦਾ ਹੈ, ਹਮਲਾਵਰ ਪ੍ਰਤੀ, ਪ੍ਰਮਾਤਮਾ ਦੇ ਵਿਧਾਨ ਪ੍ਰਤੀ, ਰੋਸ ਦਾ ਪ੍ਰਗਟਾਵਾ ਕਰਦੇ ਹਨ—

"ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥"

ਇਕ ਪ੍ਰਸ਼ਨ ਪ੍ਰਮਾਤਮਾ ਅੱਗੇ ਰਖਦੇ ਹਨ।

ਇਹੋ ਕਾਰਣ ਹੈ, ਜਗਤ ਨਰ ਅਵਤਾਰ ਮੰਗਦਾ ਹੈ, ਦੇਹ ਧਾਰੀ ਗੁਰੂ ਮੰਗਦਾ ਹੈ।

ਕਹਿੰਦੇ ਹਨ, ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਸਿਰਜਨਾ ਕੀਤੀ। ਆਪਣੇ ਹੀ ਅੰਸ਼ 'ਚੋਂ ਜੀਅ ਸਾਜੇ। ਇਕ ਬਜ਼ੁਰਗ ਦੇਵਤੇ ਨੇ ਸ਼ੰਕਾ ਜ਼ਾਹਿਰ ਕੀਤੀ, ਹੁਣ ਇਹ ਜੀਅ ਆਪਣੀ ਮਨਮਤਿ ਅਨੁਸਾਰ ਇਕ ਦੂਜੇ ਨੂੰ ਮਾਰਨਗੇ, ਹੱਕ ਖੋਹਣਗੇ। ਦੁਖੀ ਹੋਣਗੇ... ਜੀਵਾਤਮਾ ਇਕ ਵਾਰ ਤੁਸਾਂ ਤੋਂ ਦੂਰ ਹੋ ਗਈ... ਫਿਰ ਕੱਖਾਂ ਵਿਚ ਰੁਲ ਜਾਏਗੀ। ਵਾਪਸੀ ਦਾ ਕੋਈ ਦਵਾਰ ਨਹੀਂ ਇਸ ਜੀਅ ਨੂੰ ਦਿੱਸਣਾ। ਤਾਂ ਪ੍ਰਮਾਤਮਾ ਨੇ ਵਚਨ ਦਿੱਤਾ, ਜਦੋਂ ਧਰਤੀ ਦਾ ਜੀਅ ਦੁਖੀ ਹੋਵੇਗਾ, ਮੈਨੂੰ ਪੁਕਾਰੇਗਾ... ਮੈਂ ਦੇਹ ਧਾਰ ਧਰਤੀ ਤੇ ਜਨਮ ਲਵਾਂਗਾ। ਤਾਂ ਪਵਿੱਤਰ ਗੁਰਬਾਣੀ ਵਿਚ, ਕਲ੍ਯ ਭੱਟ ਦੀ ਬਾਣੀ ਵਿੱਚ, ਇਹ ਭਾਵ ਪ੍ਰਗਟ ਹੁੰਦਾ ਹੈ—

"ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗ ਪ੍ਰਮਾਣੁ ਨਾਨਕ ਗੁਰੁ ਅੰਗਦ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥"

ਦੇਹ ਧਾਰੀ ਗੁਰੂ ਪ੍ਰੰਪਰਾ, ਗੁਰਬਾਣੀ ਕਹਿੰਦੀ ਹੈ—

ਅਬਿਚਲੁ ਹੈ, ਅਟਲ ਹੈ—ਇਹ ਫੁਰਮਾਨ ਆਦਿ ਪੁਰਖ, ਪ੍ਰਮਾਤਮਾ ਦਾ ਹੈ।

ਤਾਂ ਨਿਰਾਕਾਰ ਜਾਂ ਸਾਕਾਰ, "ਰਾਮ" ਅਭੇਦ ਹਨ।

ਪ੍ਰਸੰਗ ਮਰਿਆਦਾ ਦਾ ਹੈ। ਥੋੜਾ ਧਿਆਨ ਨਾਲ ਵੇਖਣਾ। ਰਾਮ ਅਜੇ ਦੋ ਕੁ ਮਹੀਨੇ ਦੇ ਹਨ। ਇਕ ਰਾਤ ਰੋਣ ਲੱਗੇ। ਕਿਸੇ ਹਾਲ ਚੁੱਪ ਨਾ ਹੋਣ। ਰੋਣ ਦੀ ਆਵਾਜ਼ ਸੁਣ ਕੇ, ਕੈਕਈ ਅਤੇ ਸੁਮਿਤਰਾ ਭੀ, ਕੌਸ਼ਲਿਆ ਦੇ "ਸ਼ਯਨ ਕੱਛ" ਵਿਚ ਆ ਗਈਆਂ। ਕੈਕਈ ਨੇ ਕਿਹਾ, ਲਿਆਉ ਮੈਨੂੰ ਦਿਉ, ਬਾਲ! ਕੈਕਈ ਦੀ ਗੋਦ ਵਿੱਚ ਜਾਂਦਿਆਂ "ਰਾਮ", ਚੁੱਪ ਹੋ ਗਏ। ਇਹ ਮਰਿਆਦਾ ਦੀ ਪਹਿਲੀ ਸੰਥਾ ਸੀ, ਕਿ ਮਾਂ ਤਾਂ ਮਾਂ ਹੁੰਦੀ ਹੈ, ਮਤਰੇਈ ਜਾਂ ਸਗੀ ਦਾ ਭੇਦ ਨਹੀਂ ਕਰਨਾ।

18ਵਰ੍ਹੇ ਦੇ ਹੋਏ ਤਾਂ ਰਿਸ਼ੀ ਵਿਸ਼ਵਾਮਿੱਤਰ ਜੀ ਅਵਧ ਨਰੇਸ਼ ਕੋਲ ਆਏ। ਮੰਗ, ਰਾਮ-ਲਛਮਣ ਦੋਹਾਂ ਦੀ ਕੁਝ ਦਿਨਾਂ ਲਈ ਕੀਤੀ। ਰਾਖਸ਼ ਵਣ ਵਿਚ, ਤਪ-ਯੱਗ ਨਹੀਂ ਕਰਨ ਦਿੰਦੇ... ਬਹੁਤ ਤੰਗ ਕਰਦੇ ਹਨ। ਦੋਵੇਂ ਭਰਾ ਵਿਸ਼ਵਾਮਿੱਤਰ ਜੀ ਦੇ ਨਾਲ ਗਏ। ਤਾੜਕਾ ਮਾਰੀਚ ਅਤੇ ਸੁਬਾਹੂ ਆਦਿ ਰਾਖਸਾਂ ਨੂੰ ਮਾਰ ਕੇ, ਰਿਸ਼ੀ ਆਸ਼੍ਰਮ ਨੂੰ ਭੈਅ ਮੁਕਤ ਕੀਤਾ। ਵਿਸ਼ਵਾਮਿੱਤਰ ਨੇ ਇਕ ਵਾਰ ਕਿਹਾ, ਚਲੋ, ਜਨਕਪੁਰੀ ਚਲਦੇ ਹਾਂ। ਰਾਜਾ ਜਨਕ ਨੇ ਆਪਣੀ ਲੜਕੀ ਸੀਤਾ ਦੇ ਵਿਆਹ ਲਈ ਸਵੈਂਬਰ ਰਚਿਆ ਹੈ। ਕਈ ਦੇਸ਼ਾਂ ਦੇ ਮਹਾਂਬਲੀ ਰਾਜੇ ਆ ਰਹੇ ਹਨ... ਵੇਖਣ ਵਾਲਾ ਨਜ਼ਾਰਾ ਹੋਵੇਗਾ। ਤੁਰ ਪਏ। ਰਸਤੇ ਵਿਚ ਇਕ ਸ਼ਿਲਾ ਜਿਹੀ ਵੇਖੀ-ਤਾਂ ਸ੍ਰੀ ਰਾਮ ਖਲੋ ਗਏ। ਵਿਸ਼ਵਾਮਿੱਤਰ

ਜੀ ਨੇ ਦਸਿਆ, ਗੌਤਮ ਮੁਨੀ ਦੀ ਪਤਨੀ ਅਹਿੱਲਯਾ, ਮੁਨੀ ਦੇ ਸ਼ਾਪ ਨਾਲ ਪੱਥਰ ਦੀ ਸ਼ਿਲਾ ਹੋ ਗਈ ਹੈ। ਸ੍ਰੀ ਰਾਮ ਨੇ ਪੈਰ ਛੁਹਾਇਆ ਤਾਂ ਦਿੱਵ ਰੂਪ ਧਾਰ ਕੇ ਅਹਿੱਲਯਾ ਦੀ ਮੁਕਤ ਜੀਵਾਤਮਾ, ਧੰਨ ਸ੍ਰੀ ਰਾਮ ਕਰਦੀ ਆਕਾਸ਼ ਵਿਚ ਉਡਾਰੀ ਮਾਰ ਗਈ। ਜਨਕਪੁਰੀ, ਸ਼ਿਵਜੀ ਦਾ ਧਨੁਖ ਸੀ, ਪਰਸ਼ੂਰਾਮ ਰੱਖ ਗਏ ਸਨ। ਸਾਰੇ ਯੋਧਾ, ਬਲਵਾਨ ਸਮਝੇ ਜਾਣ ਵਾਲੇ ਰਾਜੇ ਤੋੜਨਾ ਤਾਂ ਦੂਰ ਦੀ ਗੱਲ... ਰਤਾ ਹਿਲਾ ਵੀ ਨਾ ਸਕੇ। ਰਾਜਾ ਜਨਕ ਨੇ ਦੁਖੀ ਹੋਇ ਘੋਸ਼ਣਾ ਕੀਤੀ, ਲਗਦਾ ਹੈ, ਧਰਤੀ ਵੀਰਾਂ ਤੋਂ ਹੀਨ ਹੋ ਗਈ ਹੈ... ਮੇਰੀ ਲੜਕੀ ਅਣਵਿਆਹੀ ਰਹਿ ਜਾਇਗੀ। ਵਿਸ਼ਵਾਮਿੱਤਰ ਜੀ ਨੇ ਪ੍ਰੇਰਿਆ, ਸ੍ਰੀ ਰਾਮ ਦੇ ਧਨੁਖ ਨੂੰ ਛੁਹੰਦਿਆਂ ਟੁੱਟ ਗਿਆ... ਸੀਤਾ ਨੇ ਹਰਖ ਮਨਾਇਆ, ਵਰਮਾਲਾ, ਸ੍ਰੀ ਰਾਮ ਦੇ ਗਲ ਵਿਚ ਪਾ ਦਿੱਤੀ।

ਹੁਣ ਬੜੀ ਵੱਡੀ ਦੁਵਿਧਾ ਖੜੀ ਹੋ ਗਈ। ਸ੍ਰੀ ਰਾਮ ਕਹਿੰਦੇ ਹਨ, ਵਿਸ਼ਵਾਮਿੱਤਰ ਜੀ ਨੂੰ, ਇਹ ਵਿਆਹ ਕਿਵੇਂ ਹੋ ਸਕਦਾ ਹੈ। ਨਾ ਮੇਰੇ ਮਾਤਾ-ਪਿਤਾ, ਨਾ ਭਾਈ ਕੁਟੰਬ ਜਨ! ਇਹ ਸੰਭਵ ਨਹੀਂ। ਵਿਸ਼ਵਾਮਿੱਤਰ ਕਹਿੰਦੇ ਹਨ, ਫੇਰ ਕੀ ਹੋਇਆ? ਤੁਹਾਡੇ ਪਿਤਾ ਰਾਜਾ ਦਸ਼ਰਥ ਨੇ ਭੀ ਤਾਂ ਤਿੰਨ ਵਿਆਹ ਕੀਤੇ ਹਨ... ਤੁਸੀਂ ਇਕ ਵਿਆਹ ਹੋਰ, ਅਯੋਧਿਆ ਸਾਰਿਆਂ ਦੀ ਹਜ਼ੂਰੀ ਕਰ ਲੈਣਾ। ਹੁਣ ਤਾਂ ਭਰੀ ਰਾਜ ਸਭਾ ਵਿਚ ਸੀਤਾ ਤੁਹਾਨੂੰ ਵਰ ਚੁਕੀ ਹੈ—ਗੱਲ ਵਿਚ ਮਾਲਾ ਪਾ ਕੇ ਆਪਣਾ "ਵਰ" ਤੁਹਾਨੂੰ ਸਵੀਕਾਰ ਚੁਕੀ ਹੈ। ਫਿਰ ਸ੍ਰੀ ਰਾਮ ਨੇ, ਵਿਸ਼ਵਾਮਿੱਤਰ ਜੀ ਦੇ ਪੈਰ ਫੜ ਕੇ ਸਹੁੰ ਚੁੱਕੀ, ਮੇਰੀ ਇਕੋ ਅਰਧਾਂਗਨੀ, ਸੀਤਾ ਹੋਵੇਗੀ... ਮੈਂ ਜੀਵਨ ਵਿਚ ਦੂਜਾ ਵਿਆਹ ਨਹੀਂ ਕਰਾਂਗਾ। ਇਕ ਪਤਨੀ ਦੀ ਮਰਿਆਦਾ ਦਾ ਸੰਕਲਪ ਆਰੰਭ ਕੀਤਾ ਤਾਂ ਉਸੇ ਖਿਨ, ਲੱਛਮਣ ਨੇ ਧਨੁਖ-ਬਾਣ ਸ੍ਰੀ ਰਾਮ ਦੇ ਪੈਰਾਂ ਤੇ ਰੱਖ ਕੇ ਸਹੁੰ ਚੁੱਕੀ, ਮੈਂ ਭੀ ਇਕ ਪਤਨੀ ਦੀ ਮਰਿਆਦਾ ਸਵੀਕਾਰ ਕਰਦਾ ਹਾਂ-ਸੌਗੰਧ ਲੈਂਦਾ ਹਾਂ, ਦੁਖ ਵਿਚ, ਸੁਖ ਵਿਚ, ਹਰ ਥਾਂ ਤੁਹਾਡਾ ਪਰਛਾਵਾਂ ਬਣ ਕੇ ਸਦਾ ਨਾਲ ਰਹਾਂਗਾ।

ਸ਼ਿਵ ਧਨੁੱਖ ਟੁੱਟਣ ਕਰ ਕੇ ਪਰਸ਼ੂਰਾਮ ਅਤਿ ਕ੍ਰੋਧ ਵਿਚ ਭਰੇ ਹੋਏ, ਜਨਕ ਦਰਬਾਰ ਵਿਚ ਹਾਜ਼ਰ ਹੋਏ। ਕਹਿੰਦੇ ਜਿਸ ਨੇ ਭੀ ਇਹ ਧਨੁੱਖ ਤੋੜਿਆ ਹੈ, ਉਸ ਨੂੰ ਜੀਂਵਦਿਆਂ ਨਹੀਂ ਛੱਡਾਂਗਾ। ਸ੍ਰੀ ਰਾਮ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਪਰਸ਼ੂਰਾਮ ਬੋਲੇ—

ਸੁਨਹੁ ਰਾਮ ਜਿਹ ਸ਼ਿਵ ਧਨੂ ਤੋਰਾ॥
ਸਹਸਤ੍ਰਬਾਹੂ ਸਮ ਸੋ ਰਿਪੁ ਮੇਰਾ॥

ਰਾਮ! ਸੁਣ ਲਉ, ਜਿਸ ਨੇ ਮੇਰੇ ਸ਼ਿਵਜੀ ਦਾ ਧਨੁਖ ਤੋੜਿਆ ਹੈ, ਉਹ ਸਹਸਤ੍ਰਬਾਹੂ ਵਾਂਗ ਮੇਰਾ ਦੁਸ਼ਮਨ ਹੈ। ਜਾਨਣਯੋਗ ਹੈ ਕਿ ਰਾਜਾ ਸਹਸਤ੍ਰਬਾਹੂ ਨੂੰ, ਉਸ ਦੇ ਸਾਰਿਆਂ ਪੁੱਤਰਾਂ ਅਤੇ ਸੈਨਾ ਸਹਿਤ, ਪਰਸ਼ੂਰਾਮ ਨੇ ਮਾਰ ਦਿੱਤਾ ਸੀ। ਲੱਛਮਣ ਕ੍ਰੋਧ ਵਿੱਚ, ਪਰਸ਼ੂਰਾਮ ਨੂੰ ਜਵਾਬ ਦਿੰਦੇ ਹਨ। ਸ੍ਰੀ ਰਾਮ ਨੇ ਲਛਮਣ ਨੂੰ ਸ਼ਾਂਤ ਕੀਤਾ ਤੇ ਬਹੁਤ ਨਿਮਰਤਾ ਨਾਲ ਬੋਲੇ—

ਕਹੇਉ ਰਾਮ ਰਿਸ ਤਜੀਏ ਕਪੀਸਾ॥
ਕਰ ਕੁਠਾਰ, ਆਗੇ ਇਹੁ ਸੀਸਾ॥"

ਮੁਨੀ ਜੀ, ਰੋਸ ਤਿਆਗ ਦਿਉ... ਪਰਸ਼ੂਰਾਮ ਦੇ ਅੱਗੇ ਸਿਰ ਨਿਵਾ ਕੇ ਖਲੋ ਗਏ ਤੇ ਬੋਲੇ—ਤੁਹਾਡੇ ਹੱਥ ਵਿਚ ਕੁਹਾੜਾ ਹੈ ਅਤੇ ਅੱਗੇ ਮੇਰਾ ਸਿਰ ਹੈ, ਮਾਰ ਕੇ ਚਿਤ ਸ਼ਾਂਤ ਕਰੋ। ਪਰਸ਼ੂਰਾਮ ਨੇ ਜਦੋਂ ਕੁਹਾੜੇ ਵਾਲਾ ਹੱਥ ਉਪਰ ਨੂੰ ਚੁਕਿਆ ਤਾਂ ਵੇਖਿਆ, ਰਾਮ ਨਹੀਂ, ਸ਼ਿਵ ਜੀ ਦਾ ਸਿਰ ਹੈ... ਮੇਰੇ ਇਸ਼ਟ ਕੈਲਾਸ਼ਪਤੀ ਦਾ ਸਿਰ। ਕੁਹਾੜਾ ਹੱਥੋਂ ਡਿੱਗ ਪਿਆ... ਰੋਣ ਲੱਗੇ... ਖਿਮਾ ਮੰਗਣ ਲਗੇ।

ਸ੍ਰੀ ਰਾਮ ਜਨਕਪੁਰੀ ਤੋਂ ਅਯੋਧਿਆ, ਸੀਤਾ ਦੇ ਨਾਲ ਪਰਤੇ। ਰਾਜ ਮਹਿਲ ਨੂੰ ਸਜਾਇਆ ਸ਼ਿੰਗਾਰਿਆ ਗਿਆ। ਸ੍ਰੀ ਰਾਮ ਦਾ ਰਾਜ ਅਭਿਸ਼ੇਕ ਕੀਤਾ ਗਿਆ। ਸ੍ਰੀ ਰਾਮ ਅਯੋਧਿਆ-ਨਰੇਸ਼ ਘੋਸ਼ਿਤ ਕੀਤੇ ਗਏ। ਪਰ ਉਸੇ ਰਾਤ, ਕੈਕਈ ਨੇ ਰਾਜਾ ਦਸ਼ਰਥ ਤੋਂ, ਰਾਮ ਨੂੰ ਚੌਦਾਂ ਸਾਲਾਂ ਦਾ ਬਨਵਾਸ ਅਤੇ ਆਪਣੇ ਪੁੱਤਰ ਭਰਤ ਨੂੰ, ਰਾਜ ਗੱਦੀ ਦਿੱਤੀ ਜਾਏ ਦਾ ਵਰ ਮੰਗ ਲਿਆ। ਰਾਜਾ ਦਸ਼ਰਥ, ਵਚਨ ਵਿਚ ਬੱਧੇ ਹੋਇ ਰੋਂਦੇ ਹਨ, ਤੜਫਦੇ ਹਨ। ਰਾਮ ਨੂੰ ਕੋਲ ਬਿਠਾ ਕੇ ਸਮਝਾਇਆ, ਤੇਰਾ ਰਾਜ ਅਭਿਸ਼ੇਕ ਹੋ ਗਿਆ ਹੈ। ਘੋਸ਼ਣਾ ਅਨੁਸਾਰ, ਹੁਣ ਤੂੰ ਅਯੋਧਿਆ ਦਾ ਰਾਜਾ ਹੈਂ। ਸਾਰੀ ਸੈਨਾ ਤੇਰਾ ਹੁਕਮ ਮੰਨੇਗੀ। ਤੂੰ ਮੈਨੂੰ ਕੈਦ ਕਰ ਲੈ। ਤੈਨੂੰ ਅੱਖਾਂ ਤੋਂ ਦੂਰ ਹੁੰਦਿਆਂ ਨਹੀਂ ਵੇਖ ਸਕਦਾ। ਪਰ ਸ੍ਰੀ ਰਾਮ ਕਹਿੰਦੇ ਹਨ—

"ਜਉ ਪਿਤੁ ਮਾਤੁ ਕਹੇਉ ਬਣ ਜਾਨਾ ॥ ਤਉ ਕਾਨੁਨ ਸ਼ਤ ਅਵਧ ਸਮਾਨਾ ॥"

ਜੇ ਮੇਰੇ ਪਿਤਾ-ਮਾਤਾ ਜੀ ਆਗਿਆ ਬਨਵਾਸ ਦੀ ਹੋਵੇ ਤਾਂ ਮੇਰੇ ਲਈ ਉਹ ਜੰਗਲ, ਸੌ ਸੌ ਅਯੋਧਿਆ ਸਮਾਨ ਹੋ ਜਾਇਗਾ। ਫਿਰ ਲੱਛਮਣ, ਸ੍ਰੀ ਰਾਮ ਕੋਲ ਆਏ। ਕ੍ਰੋਧ ਵਿਚ ਭਰੇ ਹੋਏ ਬੋਲਦੇ ਹਨ, ਤੁਸੀਂ ਪਰਮ ਯੋਧੇ, ਪਰਮਵੀਰ, ਅਨ੍ਹਿਆਂ ਕਿਉਂ ਸਹਿੰਦੇ ਹੋ? ਚੁੱਕੋ ਧਨੁੱਖ, ਮੈਂ ਤੁਹਾਡੇ ਨਾਲ ਖੜਾ ਹਾਂ... ਦੇਖਦੇ ਹਾਂ, ਕੌਣ ਸਾਮ੍ਹਣੇ ਆਉਂਦਾ ਹੈ।

ਸ੍ਰੀ ਰਾਮ ਬੋਲੇ, ਮੈਂ ਕਿਸ ਤੇ ਧਨੁੱਖ ਚੁੱਕਾਂ? ਉਸ ਪਿਤਾ ਤੇ, ਜਿਸ ਨੇ ਸਿਰਫ ਇਕ ਵਾਲ ਦਾੜ੍ਹੀ ਦਾ ਸੁਫੇਦ ਵੇਖਿਆ ਔਰ ਰਾਜ ਤਿਆਗ ਦਿੱਤਾ....ਮੇਰੇ ਲਈ ਜਿਹੜਾ ਪਿਤਾ, ਸਾਖਿਆਤ ਦੇਵ ਹੈ। ਜਾਂ ਫਿਰ ਮਾਤਾ ਕੈਕਈ ਤੇ ਧਨੁੱਖ ਚੁਕਾਂ, ਜਿਸ ਦੇ ਮਮਤਾ ਭਰੇ ਸੀਨੇ ਨਾਲ ਲੱਗ ਕੇ, ਕਈ ਰਾਤਾਂ ਮੈਂ ਸ਼ਾਂਤੀ ਨਾਲ ਸੌਂ ਜਾਂਦਾ ਰਿਹਾ। ਜਾਂ ਭਰਤ ਤੇ, ਜਿਹੜਾ ਸਵੇਰ ਮੇਰਾ ਮੂੰਹ ਵੇਖਿਆਂ ਬਗੈਰ ਅੰਨ ਜਲ ਨਹੀਂ ਗ੍ਰਹਿਣ ਕਰਦਾ... ਮੇਰਾ ਪ੍ਰਾਣ ਪਿਆਰਾ ਭਰਤ!

ਅੱਧੀ ਰਾਤ, ਰਾਮ, ਲੱਛਮਣ ਅਤੇ ਸੀਤਾ, ਮੰਤਰੀ ਸੁਮੰਤ੍ਰ ਜੀ ਦੇ ਰੱਥ ਤੇ ਸਵਾਰ ਹੋ ਰਾਜ ਮਹਿਲ ਤੋਂ ਨਿਕਲ ਗਏ। ਜੰਗਲ ਵਿਚ, ਇਕ ਰਾਤ, ਭਾਰਦਵਾਜ ਰਿਸ਼ੀ ਦੇ ਆਸ਼੍ਰਮ ਨਿਵਾਸ ਕੀਤਾ। ਸਵੇਰ ਜਦੋਂ ਅੱਗੇ ਯਾਤਰਾ ਤੇ ਟੁਰਨ ਲੱਗੇ ਤਾਂ, ਭਗਵਾਨ ਜੀ ਨੇ ਸਵਸਤੀਵਾਚਨ (ਅਰਦਾਸ) ਕੀਤੀ।

"ਜੰਬੂ ਦਵੀਪੇ, ਭਰਤ ਖੰਡੇ, ਆਰਿਆ ਵਰਤੇ, ਦੇਸ਼ਾਂਤਰ ਗਤੇ..."

ਜਦੋਂ "ਭਰਤ" ਸੁਣਿਆਂ ਤਾਂ ਨੇਤਰਾਂ 'ਚੋਂ ਹੰਝੂਆਂ ਦੀਆਂ ਦੋ ਬੂੰਦਾਂ ਡਿੱਗ ਪਈਆਂ।

"ਇਹ ਕੀ ਰਾਮ?" ਰਿਸ਼ੀ ਬੋਲੇ। ਤੇਰੇ ਨੇਤਰਾਂ ਵਿਚ ਹੰਝੂ?

ਕੁਝ ਨਹੀਂ, ਰਿਸ਼ੀਵਰ! ਬਸ ਭ੍ਰਾਤਾ ਭਰਤ ਦੀ ਯਾਦ ਆ ਗਈ! ਲੱਛਮਣ, ਸ਼ੇਸ਼ਨਾਗ ਦੇ ਅਵਤਾਰ ਮੰਨੇ ਗਏ ਹਨ। ਵਾਰ ਵਾਰ ਕਹਿੰਦੇ, ਤੁਸੀਂ ਭਾਵੇਂ ਕੁਝ ਭੀ ਕਹੋ–ਵੀਰ ਜੀ, ਇਹ ਮਾਤਾ ਕੈਕਈ ਨੂੰ, ਭਰਤ ਨੇ ਹੀ ਪ੍ਰੇਰਿਆ ਹੈ। ਸ੍ਰੀ ਰਾਮ ਸਦਾ ਮੁਸਕਰਾ ਕੇ ਕਹਿੰਦੇ, ਭਰਤ ਜਿਹਾ, ਮੈਨੂੰ ਹੋਰ ਕੋਈ ਪਿਆਰਾ ਨਹੀਂ। ਅਗੋਂ ਵਣ ਦੇਵੀ, ਹੱਥ ਜੋੜ ਖੜੀ ਹੋ ਗਈ।

"ਮੈਨੂੰ ਕੋਈ ਸੇਵਾ ਬਖਸ਼ੋ॥"

ਤੂੰ ਬਸ ਇਹ ਕਰ, ਜਿਸ ਰਾਹਾਂ, ਜੰਗਲ ਦੀਆਂ ਪਗਡੰਡੀਆਂ ਤੋਂ ਲੰਘ ਕੇ ਅਸੀਂ ਆਏ ਹਾਂ, ਉਸ ਰਾਹ ਰੋੜੇ ਕੰਡੇ ਚੁਗ ਲੈ–ਸਾਫ਼ ਕਰ ਦੇ। ਮੇਰਾ ਭਰਤ, ਉਹਨਾਂ ਹੀ ਰਾਹਾਂ ਤੋਂ ਜ਼ਰੂਰ ਆਵੇਗਾ... ਮੇਰਾ ਵਿਛੋੜਾ ਸਹਿ ਨਹੀਂ ਸਕਦਾ।

ਯੁੱਧ ਸਮਾਪਤ ਹੋ ਗਿਆ... ਰਾਵਣ ਮਾਰਿਆ ਗਿਆ। ਬਾਂਦਰ, ਰਿੱਛ, ਸਾਰੀ ਸੈਨਾ ਖੁਸ਼ੀ ਮਨਾ ਰਹੇ ਹਨ... ਨੱਚ-ਟੱਪ ਰਹੇ ਹਨ। ਭਗਵਾਨ ਸ੍ਰੀ ਰਾਮ, ਸਮੁੰਦਰ ਕੰਡੇ, ਇਕ ਪੱਥਰ ਦੀ ਸ਼ਿਲਾ ਤੇ ਬੈਠੇ ਹਨ। ਸਿਰ ਨੀਵਾਂ ਕਰ ਕੇ ਸੋਚਦੇ ਹਨ, ਜੰਗ ਤਾਂ ਮਜਬੂਰੀ ਵਿੱਚ ਲੜਿਆ ਹਾਂ, ਪਰ ਬਹੁਤ ਸੈਨਿਕ, ਭਾਵੇਂ ਰਾਵਣੀ ਸੈਨਾ ਦੇ, ਮਾਰੇ ਗਏ। ਉਹਨਾਂ ਦੇ ਪਰਿਵਾਰਾਂ ਵਿਚ ਕਿੰਨਾਂ ਦੁਖ ਵਿਆਪਿਆ ਹੋਵੇਗਾ। ਭਗਵਾਨ ਜੀ ਬੈਠੇ ਹਨ, ਥੋੜ੍ਹੀ-ਥੋੜ੍ਹੀ ਦੂਰ ਤੇ ਅੰਗਦ, ਜਾਂਬਵੰਤ, ਹਨੂੰਮਾਨ, ਸੁਗ੍ਰੀਵ, ਕਮਾਂਡੋ-ਵਾਂਗ ਪਹਿਰੇ ਤੇ ਮੁਸਤੈਦ ਹਨ। "ਮੰਦੋਦਰੀ", ਰਾਵਣ ਦੀ ਘਰ ਵਾਲੀ ਉਥੇ ਆਉਂਦੀ ਹੈ। ਮਾਤਮ ਵਿੱਚ ਡੁੱਬੀ ਹੋਈ, ਮੰਦ ਚਾਲ ਚਲਦੀ ਹੋਈ। ਜਾਂਬਵੰਤ, ਰਾਵਣ ਦੇ ਦਾਦਾ, ਪੁਲਸਤ ਰਿਸ਼ੀ ਦਾ ਮਿੱਤਰ ਸੀ। ਰਾਵਣ ਭੀ, ਜਾਂਬਵੰਤ ਨੂੰ ਪੈਰਾਂ ਤੇ ਹੱਥ ਲਾ ਕੇ, ਦਾਦੇ ਵਾਂਗ, ਸ਼ਰਧਾ ਨਾਲ ਮੱਥਾ ਟੇਕਦਾ ਸੀ। ਰਾਵਣ ਦੇ ਮਹਿਲ ਵਿਚ ਆਉਂਦਾ ਜਾਂਦਾ ਰਹਿੰਦਾ ਸੀ। ਪਰਿਵਾਰ ਦੇ ਸਾਰਿਆਂ ਜੀਆਂ ਨਾਲ ਪਛਾਣ ਹੈ ਸੀ। ਦੁਸ਼ਮਣ ਧੜ੍ਹੇ ਦੇ ਖੇਮੇ ਤੋਂ ਆਉਂਦੀ, ਮੰਦੋਦਰੀ ਨੂੰ ਵੇਖ ਕੇ ਅੰਗਦ, ਸੁਗ੍ਰੀਵ ਸਾਵਧਾਨ ਮੁਦਰਾ ਵਿਚ ਅੱਗੇ ਵੱਧੇ। ਜਾਂਬਵੰਤ ਜੀ ਨੇ ਇਸ਼ਾਰਾ ਕੀਤਾ, ਜਾਣ ਦਿਉ।

ਭਗਵਾਨ ਰਾਮ ਦਾ ਮੁਖ ਸਮੁੰਦਰ ਵੱਲ ਹੈ ਸੀ। ਪਿੱਛੇ ਹੌਲੀ ਹੌਲੀ ਸੂਰਜ ਅਸਤ ਹੋ ਰਿਹਾ ਸੀ। ਅਚਾਨਕ ਇਕ ਨਾਰੀ ਦਾ ਪਰਛਾਵਾਂ ਭਗਵਾਨ ਜੀ ਦੀ ਪਿੱਠ ਤੇ ਪਿਆ। ਤ੍ਰੱਬਕ ਕੇ ਉਠ ਖਲੋਤੇ। "ਮਾਤਾ ਜੀ ਤੁਸੀਂ? ਹੁਕਮ ਕੀਤਾ ਹੁੰਦਾ, ਮੈਂ ਆਪ ਹਾਜ਼ਰ ਹੋ ਜਾਂਦਾ"–ਭਗਵਾਨ ਰਾਮ ਬੋਲੇ।

ਬਸ! ਮੈਂ ਇਕ ਵਾਰ ਵੇਖਣਾ ਚਾਹੁੰਦੀ ਸਾਂ, ਸਾਰੀ ਧਰਤੀ, ਦੇਵ ਲੋਕ ਤਕ, ਜਿਸ ਤੋਂ ਕੰਬਦੇ ਸਨ, ਉਸ ਲੰਕਾਪਤੀ ਨੂੰ ਕਿਸ ਨੇ ਮਾਰਿਆ। ਮੈਂ ਵੇਖ ਲਿਆ... ਮਰਿਆਦਾ ਤੋਂ ਹੀਨ ਰਾਵਣ, ਜੰਗਲਾਂ ਵਿਚ ਬਨਵਾਸ ਕਟ ਰਹਿਆਂ ਦੀ ਜਨਾਨੀ ਚੁੱਕ ਲਿਆਇਆ। ਇਕ ਤੂੰ ਹੈਂ, ਪਰਾਈ ਨਾਰ ਦੀ ਪਰਛਾਈਂ ਮਾਤਰ ਨਾਲ ਕੰਭ ਗਿਆ। ਮੈਂ ਸਮਝ ਗਈ ਹਾਂ, ਮਰਿਆਦਾ ਜਿੱਤ ਗਈ... ਦੁਰਾਚਾਰ ਹਾਰ ਗਿਆ...।

14
"ਜਿਨਿ ਸਿਰਿਆ ਤਿਨੈ ਸਵਾਰਿਆ"

ਚੂਨਾ ਮੰਡੀ, ਲਾਹੌਰ... ਮੰਡੀ ਵਿੱਚ ਇਕ ਛੋਟੇ ਜਿਹੇ ਘਰ ਵਿਚ ਸੋਢੀ ਹਰਿਦਾਸ, ਮਾਤਾ ਦਇਆ ਕੌਰ ਦੇ ਘਰ ਬਾਲਕ ਨੇ ਜਨਮ ਲਿਆ। ਪਹਿਲੇ ਬਾਲ ਦਾ ਨਾਂ ਰਖਿਆ, "ਜੇਠਾ।" ਜੇਠਾ ਪੁੱਤਰ ਅਰਥਾਤ ਵੱਡਾ ਪੁੱਤਰ! ਬਾਲਕ ਨੇ ਹੋਸ਼ ਭੀ ਨਾ ਸੰਭਾਲੀ ਸੀ ਕਿ ਪਿਤਾ, ਚਲਾਣਾ ਕਰ ਗਏ। ਘਰ ਵਿਚ ਦੋ ਜੀਅ... ਮਾਤਾ ਦਇਆ ਕੌਰ ਤੇ ਬਾਲਕ ਜੇਠਾ। ਜਿਵੇਂ ਕਿਵੇਂ ਕਰ ਕੇ ਸਮਾਂ ਬਿਤੀਤ ਹੋਇਆ। ਜੇਠਾ ਕਿਸ਼ੋਰ ਹੋਇਆ, ਪੰਦਰ੍ਹਾਂ ਕੁ ਸਾਲਾਂ ਦੇ। ਮਾਤਾ ਨੇ ਘੁੰਘਣੀਆਂ ਬਣਾ ਕੇ, ਇਕ ਛਾਬੇ ਵਿਚ ਪਾ ਕੇ, "ਜੇਠਾ" ਨੂੰ ਕਿਹਾ, ਪੁੱਤਰ, ਇਹ ਕਿਤੇ ਵੇਚ ਆ... ਘਰ ਦਾ ਗੁਜ਼ਾਰਾ ਹੋਣ ਲਗ ਪਵੇਗਾ। ਜੇਠਾ ਜੀ ਸਿਰ ਤੇ ਛਾਬਾ ਲੈ ਕੇ, ਰਾਵੀ ਕੰਢੇ, ਸ਼ਾਹੀ ਮਹਿਲ ਦੇ ਨੇੜੇ ਜਾਂਦੇ। ਸ਼ਾਮਾਂ ਨੂੰ ਸੈਰ ਕਰਨ ਵਾਲਿਆਂ ਦਾ ਚੰਗਾ ਇਕੱਠ ਹੁੰਦਾ... ਘੁੰਘਣੀਆਂ ਭੀ ਵਿਕਦੀਆਂ।

ਇਕ ਵਾਰ ਕਿਸੇ ਦੱਸ ਪਾਈ, ਸ੍ਰੀ ਗੋਇੰਦਵਾਲ ਤੀਜੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ, ਨਵੇਂ ਨਗਰ ਲਈ ਉਸਾਰੀ ਕਰਵਾ ਰਹੇ ਹਨ। ਦੂਰੋਂ-ਦੂਰੋਂ ਕਾਰ ਸੇਵਾ ਕਰਨ ਵਾਲੀਆਂ ਸੰਗਤਾਂ ਅਤੇ ਦਿਹਾੜੀਦਾਰ ਮਜ਼ਦੂਰ ਭੀ ਕਈ ਕੰਮਾਂ ਤੇ ਲਗੇ ਹੁੰਦੇ ਹਨ। ਇਕੱਠ ਚੰਗਾ ਹੁੰਦਾ ਹੈ, ਤੇਰੀਆਂ ਘੁਘਣੀਆਂ ਭੀ ਬਹੁਤ ਵਿਕਣਗੀਆਂ। ਭਾਈ ਜੇਠਾ ਜੀ ਦੇ ਨਾਨਕੇ ਬਾਸਰਕੇ, ਤੀਜੇ ਪਾਤਸ਼ਾਹ ਦੇ ਪ੍ਰਕਾਸ਼ ਸਥਾਨ ਭੀ ਹੋਣ ਕਰ ਕੇ, ਭਾਈ ਜੇਠਾ ਜੀ ਕਈ ਵਾਰ, ਮਾਤਾ ਨਾਲ ਹੋ ਆਏ ਸਨ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੋਭਾ ਭੀ ਸੁਣ ਰਖੀ ਸੀ। ਪਰਮੇਸ਼ਰ ਦਾ ਭਾਣਾ ਵਰਤਿਆ, ਇਕ ਦਿਨ ਮਾਤਾ ਭੀ ਚੜ੍ਹਾਈ ਕਰ ਗਈ। ਭਾਈ ਜੇਠਾ ਜੀ, ਸ੍ਰੀ ਗੋਇੰਦਵਾਲ ਪਹੁੰਚ ਗਏ। ਰਿਹਾਇਸ਼ੀ ਘਰ, ਦੁਕਾਨਾਂ, ਸਰਾਵਾਂ... ਉਸਾਰੀ ਹਰ ਪਾਸੇ ਚਲ ਰਹੀ ਸੀ। ਭਾਈ ਜੇਠਾ ਜੀ, ਛਾਬਾ ਲਾ ਕੇ ਖਲੋ ਜਾਂਦੇ। ਜੇ ਕੋਈ ਕੁਝ ਦੇ ਜਾਂਦਾ ਤਾਂ ਲੈਂਦੇ, ਜੇ ਨਾਂ ਦਿੰਦਾ ਤਾਂ... ਖੁਲ੍ਹੇ ਗੱਫੇ ਘੁੰਘਣੀਆਂ ਦੇ ਛਕਾਈ ਜਾਂਦੇ।

ਇਕ ਵਾਰ ਗੁਰੂ ਮਹਿਲ, ਮਾਤਾ ਮਨਸਾ ਦੇਵੀ ਨੇ ਅਰਜ਼ ਕੀਤੀ, ਭਾਨੀ ਸੁਖ ਨਾਲ ਸਿਆਣੀ ਹੋ ਗਈ ਹੈ। ਕੋਈ ਯੋਗ ਲੜਕਾ ਵੇਖ ਕੇ, ਵਿਆਹ ਕਰ ਦਈਏ।

"ਕਿਵੇਂ ਦਾ ਲੜਕਾ ਇਸ ਯੋਗ ਹੋਵੇ ?" ਸਤਿਗੁਰ ਜੀ।

ਸੰਯੋਗ ਨਾਲ, ਉਸੇ ਵੇਲੇ, ਭਾਈ ਜੇਠਾ ਜੀ, ਸਿਰ ਤੇ ਮਿੱਟੀ ਭਰਿਆ ਟੋਕਰਾ ਰੱਖ, ਬਾਵੜੀ ਦੀ ਕਾਰ ਸੇਵਾ ਕਰਦੇ ਲੰਘੇ। ਸੋਹਣਾ ਸੁੰਦਰ ਸੁਡੌਲ ਗਭਰੂ, ਗੋਰਾ ਰੰਗ, ਚੇਹਰੇ ਤੇ ਸੇਵਾ ਕਰਦਿਆਂ ਖੁਸ਼ੀ ਦੀ ਚਮਕ।

"ਬਸ, ਇਹੋ ਜਿਹਾ ਹੋਵੇ!" ਕਿੰਨਾਂ ਸੋਹਣਾ ਗਭਰੂ ਹੈ!

"ਫਿਰ ਇਹੋ ਜਿਹਾ, ਹੋਰ ਕੋਈ ਦੂਜਾ ਨਹੀ" ਸਤਿਗੁਰ ਜੀ ਕਿਹਾ।

ਭਾਈ ਜੇਠਾ ਜੀ ਨਾਲ, ਬੀਬੀ ਭਾਨੀ ਦਾ ਵਿਆਹ ਹੋਇਆ। ਵੇਲੇ ਦੀ ਰੀਤ ਸੀ, ਵਿਆਹ ਮਗਰੋਂ, ਧੀ ਜਵਾਈ, ਪਹਿਲੀ ਵਾਰ ਘਰ ਆਉਂਦੇ ਸਨ ਤਾਂ ਲੜਕੀ ਦੇ ਮਾਤਾ-ਪਿਤਾ, ਦਰਵਾਜ਼ੇ ਤੇ ਖੜੇ ਹੁੰਦੇ... ਤੇਲ ਮੁਹਾਠਾਂ ਤੇ ਚੋਂਦੇ, ਫੁੱਲਾਂ ਦੀ ਵਰਖਾ ਕਰਦੇ ਅਤੇ ਪੁਛਦੇ ਪੁੱਤਰ ਜੀ! ਤੁਹਾਡੀ ਕੀ ਮੰਗ ਹੈ? ਯਥਾਸ਼ਕਤ ਪੂਰੀ ਕਰਾਂਗੇ।

ਭਾਈ ਜੇਠਾ ਜੀ ਦੇ ਨੈਨਾਂ ਵਿਚ ਹੰਝੂ ਆ ਗਏ। ਮੇਰੇ ਗੁਰਦੇਵ ਪਿਤਾ, ਕੀ ਮੰਗਾਂ? ਤੁਹਾਡੇ ਜਿਹੇ ਮਾਤਾ-ਪਿਤਾ, ਭਾਨੀ ਜਿਹੀ ਸੁਪਤਨੀ ਪ੍ਰਾਪਤ ਹੋਈ, ਮੈਂ ਧੰਨ ਹੋ ਗਿਆ। ਫਿਰ ਭੀ ਜੇ ਤੁਸੀਂ ਕੁਝ ਦੇਣਾ ਚਾਹੁੰਦੇ ਹੋ, ਤਾਂ ਕਿਰਪਾ ਕਰੋ—

"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥
ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ॥"

ਮੇਰੇ ਪਾਤਸ਼ਾਹ—

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥"

ਮੈਂ ਅਨਾਥ! ਰੁਲਦਾ ਫਿਰਦਾ, ਨਿਮਾਣਾ, ਤੁਸਾਂ ਕਿਰਪਾ ਕੀਤੀ, ਜਿਵੇਂ ਇਕ ਨਿਮਾਣੇ ਕੀੜੇ ਨੂੰ ਉੱਚਾ ਥਾਂ ਬਖ਼ਸ਼ ਦਿੱਤਾ। ਜੇ ਦੇਣਾ ਹੈ ਸਤਿਗੁਰ, ਤਾਂ ਮੇਰੇ ਹਿਰਦੇ ਵਿਚ, ਨਾਮ ਪ੍ਰਕਾਸ਼ਤ ਕਰ ਦਿਉ।

ਘਟਨਾਕ੍ਰਮ ਦਾ ਕੈਸਾ ਸੰਯੋਗ! ਘੁੰਘਣੀਆਂ ਵੇਚਦੇ, ਭਾਈ ਜੇਠਾ ਜੀ ਸ੍ਰੀ ਗੋਇੰਦਵਾਲ ਆਏ, ਸਤਿਗੁਰਾਂ ਨੇ ਆਪਣੇ ਜਿਹਾ, "ਸਤਿਗੁਰ" ਬਣਾ ਦਿੱਤਾ। ਸਮਾਂ ਬਿਤੀਤ ਹੋਇਆ। ਚੌਥੇ ਪਾਤਸ਼ਾਹ, ਸ੍ਰੀ ਗੁਰੂ ਰਾਮਦਾਸ ਪਾਤਸ਼ਾਹ, ਰਾਮਦਾਸਪੁਰ, ਸ੍ਰੀ ਅੰਮ੍ਰਿਤਸਰ ਦੀ ਉਸਾਰੀ ਕਰ ਰਹੇ ਸਨ। ਸੁਮਾਨ ਸ਼ਾਹ, ਘੁੰਘਣੀਆਂ ਦਾ ਛਾਬਾ ਲੈ ਕੇ ਰੋਜ਼ ਆਉਂਦਾ, ਘੁੰਘਣੀਆਂ, ਸੰਗਤਾਂ, ਕਾਰ ਸੇਵਕਾਂ ਨੂੰ ਖਿੜੇ ਮੱਥੇ ਛਕਾਉਂਦੇ। ਸਤਿਗੁਰਾਂ ਦੀ ਰਜ਼ਾ ਹੋਈ, ਇਕ ਦਿਨ ਦਿਹਾੜੀਦਾਰ ਮਜ਼ਦੂਰਾਂ ਦੀ ਦਿਹਾੜੀ ਦੇਣੀ ਸੀ। ਹੱਥ ਵਿਚ ਪੈਸੇ ਨਹੀਂ ਸਨ। ਸਤਿਗੁਰ ਸੁਮਾਨ ਸ਼ਾਹ ਕੋਲ ਜਾ ਖਲੋਤੇ। ਸੁਮਾਨ ਸ਼ਾਹ ਕਿੰਨੇ ਪੈਸੇ ਵੱਟੇ ਹਨ, ਮਜ਼ਦੂਰਾਂ ਨੂੰ ਦੇਣੇ ਹਨ। ਸੁਮਾਨ ਸ਼ਾਹ, ਸਤਿਗੁਰਾਂ ਦੇ ਚਰਨਾਂ ਤੇ ਸੀਸ ਰੱਖ, ਖੁਸ਼ੀ ਦੇ ਹੰਝੂ ਭਰੇ ਨੇਤਰਾਂ ਨਾਲ ਹੱਥ ਜੋੜ ਸਾਰੇ ਪੈਸੇ, ਜਿਹੜੇ ਵੱਟੇ ਸਨ, ਉਵੇਂ ਹੀ ਭੇਟ ਕਰ ਦਿੱਤੇ। ਸਤਿਗੁਰ ਸੱਚੇ ਪਾਤਸ਼ਾਹ, ਇਹ ਮਾਇਆ ਭੀ ਤੇ ਮੈਂ ਭੀ ਤੁਹਾਡਾ ਹਾਂ। ਦੂਜੇ ਦਿਨ ਫਿਰ, ਜਿੰਨੇ ਪੈਸੇ ਵੱਟੇ, ਇਕੱਠੇ ਕਰ, ਸਤਿਗੁਰਾਂ ਕੋਲ ਜਾਂ ਮੱਥਾ ਟੇਕੇ। ਸਤਿਗੁਰ ਪਾਤਸ਼ਾਹ, ਇਹ ਅੱਜ ਦੀ ਵੱਟਕ ਹੈ। ਸਤਿਗੁਰ, ਦਇਆ ਦੇ ਘਰ ਵਿਚ ਆਏ। ਪ੍ਰਸੰਨ ਹੋਇ ਕੇ ਵਰੁ ਦਿੱਤਾ—ਸੁਮਾਨ ਸ਼ਾਹ ਤੂੰ ਸ਼ਾਹਾਂ ਦਾ ਸ਼ਾਹ ਹੋਇਆ। ਅਗੋਂ ਇਹੋ ਸੁਮਾਨ ਸ਼ਾਹ, ਮੁਲਤਾਨ ਦਾ ਸ਼ਾਹ ਹੋਇਆ।

ਇਸ ਦੀਆਂ ਪੁਸ਼ਤਾਂ ਭੀ ਦਸਮ ਪਾਤਸ਼ਾਹ ਵੇਲੇ ਤਕ, ਰਾਜਿਆਂ, ਸ਼ਾਹਾਂ ਵਾਂਗ ਖੁਸ਼ਹਾਲ ਰਹੀਆਂ। ਕਲਗੀਧਰ ਪਿਤਾ ਸਮੇਂ ਸਿੱਖ ਸੱਜ ਕੇ ਸੇਵਾ ਕਰਦੇ ਰਹੇ।

ਸ੍ਰੀ ਅੰਮ੍ਰਿਤਸਰ, ਸਿਫਤੀ ਦਾ ਘਰ ਸਿਰਜਿਆ। ਸਿੱਖ ਦਰਮ ਦਾ ਕੇਂਦਰ ਬਣਿਆ।

ਬਹੁਤੇ ਵਰ ਦਿੱਤੇ। ਤਾਂ ਹਜ਼ੂਰੀ ਰਾਗੀ, ਸੱਤਾ-ਬਲਵੰਤ ਗਾਉਂਦੇ ਹਨ—

"ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥"

ਇਕ ਵਾਰ, ਸਾਉਣ-ਭਾਦੋਂ ਦੀ ਝੜੀ ਲੱਗੀ। ਪੰਦਰਾਂ ਦਿਨ ਹੋ ਗਏ, ਨਿਰੰਤਰ ਬਰਖਾ ਹੁੰਦੀ ਰਹੀ। ਸ੍ਰੀ ਅੰਮ੍ਰਿਤਸਰ ਲੰਗਰ ਲਈ ਸੁੱਕਾ ਬਾਲਣ ਥੋੜਾ ਰਹਿ ਗਿਆ। ਲਾਂਗਰੀਆਂ ਅਰਜ਼ ਕੀਤੀ, ਗਰੀਬ ਨਿਵਾਜ! ਕੱਲ ਦੇ ਲੰਗਰ ਲਈ ਸੁੱਕਾ ਬਾਲਣ ਚਾਹੀਦਾ ਹੈ। ਸਤਿਗੁਰ ਜੀ ਨੇ ਪ੍ਰਬੰਧਕਾਂ ਸਿੱਖਾਂ ਨਾਲ ਬਚਨ ਕੀਤਾ, "ਬਾਲਣ ਦਾ ਪ੍ਰਬੰਧ ਕੀਤਾ ਜਾਏ।" ਕਿਸੇ ਪਾਸੇ ਕੋਈ ਹੀਲਾ ਨਜ਼ਰ ਨਹੀਂ ਸੀ ਆਉਂਦਾ। ਗੁਰੂ ਪਿਆਰੇ, ਭਾਈ ਸਾਲ੍ਹੋ ਜੀ ਨੂੰ ਖਬਰ ਲੱਗੀ। ਉਸੇ ਵੇਲੇ ਗੱਡਾ ਜੋੜਿਆ ਤੇ ਸ਼ਹਿਰ ਨਾਲ ਲਗਦੇ ਪਿੰਡਾਂ ਵਿਚ, ਹਓਕਾ ਦੇਣ ਲੱਗੇ, ਗੁਰੂ ਪਿਆਰਿਓ, ਗੁਰੂ ਕੇ ਲੰਗਰ ਲਈ ਸੁੱਕਾ ਬਾਲਣ ਚਾਹੀਦਾ ਹੈ। ਦੁੱਧ ਪੁੱਤ, ਧਨ, ਜਾਇਦਾਦ, ਜੋ ਚਾਹੀਦਾ ਹੈ, ਲੈ ਲਵੋ... ਸੁੱਕੀਆਂ ਲੱਕੜਾਂ ਪਾਥੀਆਂ ਲੰਗਰ ਭੇਟ ਕਰੋ। ਭੀੜ ਲਗ ਗਈ। ਦੋ-ਦੋ ਚਾਰ-ਚਾਰ ਲੱਕੜਾਂ, ਪਾਥੀਆਂ ਵੰਡੇ, ਮੂੰਹ-ਮੰਗੀ ਮੁਰਾਦ ਮਿਲ ਰਹੀ... ਦੁੱਧ-ਪੁੱਤ ਜੋ ਚਾਹੀਦਾ ਹੈ। ਗੱਡੇ ਭਰ ਭਰ ਕੇ, ਭਾਈ ਸਾਲੋ ਜੀ ਨੇ ਸੁੱਕੇ ਬਾਲਣ ਦਾ ਢੇਰ ਲਾ ਦਿੱਤਾ। ਉਧਰ ਬਾਬਾ ਬੁੱਢਾ ਜੀ ਨੂੰ ਗੱਲ ਦਾ ਪਤਾ ਲੱਗਾ। ਸਤਿਗੁਰਾਂ ਕੋਲ ਜਾ ਸ਼ਿਕਾਇਤ ਲਾਈ। ਭਾਈ ਸਾਲ੍ਹੋ ਦੋ ਚਾਰ ਲੱਕੜਾਂ ਪਾਥੀਆਂ ਬਦਲੇ ਪੁੱਤਰ, ਧਨ, ਵੰਡ ਆਇਆ ਜੇ। ਸਤਿਗੁਰਾਂ ਭਾਈ ਸਾਲੋ ਨੂੰ ਸੱਦਿਆ ਤੇ ਕਿਹਾ—

"ਸੁਣਿਆ ਹੈ, ਤੂੰ ਬਾਲਣ ਵੰਡੇ ਲੋਕਾਂ ਵਿਚ ਪੁੱਤਰ, ਧਨ ਵੰਡ ਆਇਆ ਹੈਂ"

"ਹਾਂ ਜੀ ਸਹੀ ਸੁਣਿਆ ਹੈ"—ਭਾਈ ਸਾਲ੍ਹੋ।

ਕਿਦੇ ਤੋਂ ਪੁੱਛਿਆ? ਸਤਿਗੁਰ ਜੀ

ਭਾਈ ਸਾਲ੍ਹੋ ਕਹਿੰਦਾ ਹੈ—ਪੁੱਛਾਂ ਤੇ ਤਾਂ ਜੇ ਮੈਨੂੰ ਤੁਹਾਡੇ ਤੇ ਕੋਈ ਸ਼ੱਕ ਹੋਵੇ। ਬਰਕਤਾਂ ਵਿੱਚ ਕੋਈ ਸ਼ੰਕਾ ਹੋਵੇ—

"ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥

ਜੁਗਾਂ ਤੋਂ ਮੇਰੇ ਸਤਿਗੁਰ ਤੂੰ ਦੇ ਰਿਹਾ ਹੈਂ ਔਰ ਜਗ ਖਾ ਰਿਹਾ ਹੈਂ—ਕਦੀ ਤੋਟ ਨਹੀਂ ਆਈ।

"ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥"

ਸਿੱਖ ਦਾ ਭਰੋਸਾ ਵੇਖ ਕੇ, ਧੰਨ ਗੁਰੂ ਰਾਮ ਦਾਸ ਪਾਤਸ਼ਾਹ ਮੁਸਕਰਾ ਪਏ। ਸਮਾਂ ਪਾ ਕੇ ਜਿਸ ਨੇ ਭਾਈ ਸਾਲੋ ਤੋਂ ਜਿਹੜੀਆਂ ਮੁਰਾਦਾਂ ਰੱਖੀਆਂ, ਉਹ ਸਾਰੀਆਂ ਪੂਰੀਆਂ ਹੋਈਆਂ।

"ਧੰਨੁ ਧੰਨੁ ਰਾਮਦਾਸ ਗੁਰ"...

ਸ੍ਰੀ ਅੰਮ੍ਰਿਤਸਰ ਨੂੰ ਸਿਰਜਿਆ, ਸਵਾਰਿਆ, ਸਿਫਤੀ ਦਾ ਘਰ ਬਣਾਇਆ।

ਮਹਾਰਾਜਾ ਰਣਜੀਤ ਸਿੰਘ, ਸੰਨ 1801 ਵਿਚ ਲਾਹੌਰ ਤੇ ਝੰਡਾ ਝੁਲਾ ਕੇ, ਅੰਮ੍ਰਿਤਸਰ ਵਲ ਰੁੱਖ ਕੀਤਾ। ਬਾਰਾਂ 'ਚੋਂ ਗਿਆਰਾਂ ਮਿਸਲਾਂ ਨੂੰ ਅਧੀਨ ਕਰ ਲਿਆ, ਪਰ ਭੰਗੀ ਮਿਸਲ ਦੇ ਮੁਖੀ ਸ੍ਰ. ਹਰੀ ਸਿੰਘ, ਕਿਸੇ ਹਾਲ ਅਧੀਨਗੀ ਸਵੀਕਾਰ ਨਹੀਂ ਕਰ ਰਹੇ ਸਨ। ਸ੍ਰੀ ਅੰਮ੍ਰਿਤਸਰ ਦਾ ਇਲਾਕਾ, ਸ੍ਰ. ਹਰੀ ਸਿੰਘ ਅਧੀਨ ਸੀ। ਸੰਨ 1802 ਵਿਚ ਸ਼ੇਰੇ ਪੰਜਾਬ ਦੀਆਂ ਫ਼ੌਜਾਂ ਨੇ ਅੰਮ੍ਰਿਤਸਰ ਘੇਰ ਲਿਆ। ਸ੍ਰ. ਹਰੀ ਸਿੰਘ ਨੇ ਲੜਨ ਮਰਨ ਦਾ ਨਾਅਰਾ ਲਾ ਕੇ, ਭੰਗੀ ਮਿਸਲ ਦੀ ਫ਼ੌਜ ਮੋਰਚੇ ਤੇ ਲਾ ਦਿੱਤੀ... ਨਾਲ ਹੀ ਆਪਣੇ ਮਿੱਤਰ, ਅਕਾਲੀ ਫੂਲਾ ਸਿੰਘ ਨੂੰ, ਵਿਸ਼ੇਸ਼ ਸੁਨੇਹਾ ਭੇਜ ਸੱਦ ਲਿਆ। ਦੋਵੇਂ ਫ਼ੌਜਾਂ ਆਮ੍ਹਣੇ-ਸਾਮ੍ਹਣੇ ਹਥਿਆਰ ਬੰਦ ਜੰਗ ਲਈ, ਜੈਕਾਰੇ ਦੀ ਉਡੀਕ ਵਿੱਚ ਤਿਆਰ ਸਨ। ਅਕਾਲੀ ਫੂਲਾ ਸਿੰਘ ਨੇ ਘੋੜੇ ਨੂੰ ਏੜ ਲਾਈ, ਦੌੜਦਾ ਘੋੜਾ ਦੋਹਾਂ ਫ਼ੌਜਾਂ ਦੇ ਵਿਚਾਲੇ ਜਾ ਖਲੋਤਾ। ਸ਼ੇਰੇ ਪੰਜਾਬ ਅਤੇ ਸ੍ਰ. ਹਰੀ ਸਿੰਘ ਦੋਹਾਂ ਨੂੰ ਉਸ ਥਾਂ ਸੱਦ ਕੇ ਕਿਹਾ, "ਇਹ ਨਗਰੀ ਸ੍ਰੀ ਗੁਰੂ ਰਾਮ ਦਾਸ ਜੀ ਦੀ ਹੈ। ਇਸ ਤੇ ਕਿਸੇ ਹੋਰ ਦਾ ਕਬਜ਼ਾ ਨਹੀਂ ਹੋ ਸਕਦਾ। ਦੋਵੇਂ ਭਾਈ-ਭਾਈ ਬਣ ਕੇ, ਇਸ ਸਿਫ਼ਤੀ ਦੇ ਘਰ ਦੀ ਸੁਰੱਖਿਆ ਸੰਭਾਲ ਦੀ ਸਹੁੰ ਚੁੱਕੋ ਤੇ ਸਾਂਝੀ ਸ਼ਕਤੀ ਲਾ ਕੇ ਮੁਗ਼ਲਾਂ ਪਠਾਨਾਂ ਦਾ ਮੂੰਹ ਭੰਨੋ।"

ਉਹ ਇਤਿਹਾਸ ਦਾ ਸੁਨਹਿਰਾ ਪੰਨਾ ਹੈ। ਦੋਵੇਂ ਵੈਰੀ, ਜੱਫੀਆਂ ਪਾ ਕੇ ਭਾਈ-ਭਾਈ ਬਣ ਗਏ। ਅਗਲੀਆਂ ਜੰਗਾਂ ਦੌਰਾਨ, ਮੁਲਤਾਨ, ਕਸੂਰ ਸਾਰਾ ਅਜਿੱਤ ਸਮਝਿਆ ਜਾਣ ਵਾਲਾ ਇਲਾਕਾ ਵੀ ਸਰ ਕੀਤਾ।

15
"ਜਲ ਮਹਿ ਅਗਨਿ ਉਠੀ ਅਧਿਕਾਇ"

ਜਲ ਜੀਵਨ ਦਾ ਆਧਾਰ ਹੈ। ਜਲ ਤੋਂ ਜੀਵਨ ਦੀ ਸੰਭਾਵਨਾ ਸਾਕਾਰ ਹੋਈ ਹੈ। ਜਲ ਤੋਂ ਅਤੇ ਜਲ ਤੋਂ ਉਪਜੇ ਪਦਾਰਥਾਂ ਨਾਲ ਜੀਵਨ ਪਲਿਆ। ਇਹ ਜਲ ਬਹੁਤ ਉਪਯੋਗੀ ਹੈ। ਜੀਵਨ ਦੇ ਗਹਿਰੇ ਵਿਚ ਰੂਹ ਦੀ ਰਵਾਨੀ ਵਿਚ... ਆਤਮਾ ਦੀ ਤਰਲਤਾ ਵਿਚ, ਜਲ, ਪਰਮਾਤਮਾ ਮਿਲਨ ਦਾ ਵਸੀਲਾ ਬਣ ਜਾਂਦਾ ਹੈ। ਇਹ ਜਲ, ਧਰਮ ਦਾ ਬਿੰਬ ਹੋ ਜਾਂਦਾ ਹੈ, ਭਗਤੀ ਦਾ ਪ੍ਰਤੀਕ।

ਪਰ ਹਜ਼ਾਰਾਂ ਸਾਲਾਂ ਤੋਂ "ਧਰਮ" ਦੇ ਨਾਂ ਤੇ ਬਹੁਤ ਭਾਂਬੜ ਮਚਦੀ ਰਹੀ। ਇਸਲਾਮ, ਇਸਾਈ, ਯਹੂਦੀ, ਪਾਰਸੀ ਦੇ ਨਾਂ ਤੇ ਹਿੰਦੂ, ਮੁਸਲਮਾਨ, ਬੌਧ ਦੇ ਨਾਂ ਤੇ ਫਿਰ ਸਿੱਖਾਂ ਵਿਚ ਭੀ, ਕੇਸਧਾਰੀ, ਸਹਿਜਧਾਰੀ, ਨਾਮਧਾਰੀ, ਨਿਰੰਕਾਰੀ, ਅਕਾਲੀ ਦੇ ਨਾਂ ਤੇ, ਸ਼ਿਆ, ਸੁੰਨੀ, ਮੁਜਾਹਿਦੀਨ, ਬੋਹਰਾ ਸਮਾਜ, ਅਹਿਮਦੀਆ ਮੁਸਲਮਾਨ! ਇਸੇ ਤਰ੍ਹਾਂ ਈਸਾਈਅਤ ਭੀ, ਰੋਮਨ ਕੈਥਲਿਕ ਓਰਿਏਨਟੇਸਨ ਆੱਰਥੋਡੋਕਸ, ਪ੍ਰੋਟੇਸਟੇਂਟ, ਰੇਸਟੋਰੇਸ਼ਨਲ ਕ੍ਰਿਸ਼ਚਨ। ਮਨੁੱਖ ਦਾ ਮਨ ਅਤੇ ਬੁੱਧੀ, ਜੁਗਤ ਲਾ ਕੇ ਧਰਮ ਦੇ ਨਾਂ ਤੇ ਹੀ ਧਰਮ ਨੂੰ ਤੋੜਦੇ-ਵੰਡਦੇ ਰਹੇ। ਹੈਰਾਨੀ ਦੀ ਗੱਲ ਹੈ, ਇਹ ਸਾਰੀ ਵੰਡ ਧਰਮ ਦੇ ਨਾਂ ਤੇ ਹੀ ਹੁੰਦੀ ਰਹੀ। ਅਫ਼ਗਾਨਿਸਤਾਨ ਵਿਚ ਮਨੁੱਖੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਖੋਹ ਲੈਣ ਵਾਲੇ, ਤਾਲਿਬਾਨੀ ਲੜਾਕੇ ਭੀ, ਇਸਲਾਮ ਨੂੰ ਕੱਟੜਤਾ ਨਾਲ ਸਥਾਪਤ ਕਰਨ ਦਾ ਦਾਅਵਾ ਕਰਦੇ ਹਨ। ਇਸੇ ਤਰ੍ਹਾਂ ਗੁਰਮਤਿ ਦੇ ਨਾਂ ਤੇ, ਆਪਣੀ ਮਨਮਤਿ-ਥੋਪ ਕੇ, ਪੰਥ ਨੂੰ ਹੋਰ ਹਿੱਸਿਆਂ ਵਿਚ ਤੋੜਨ ਵੰਡਣ ਦੀਆਂ ਸਾਜ਼ਿਸ਼ਾਂ ਨਿਰੰਤਰ ਚਲਦੀਆਂ ਰਹਿੰਦੀਆਂ ਹਨ।

ਭਗਤ ਕਬੀਰ ਜੀ ਨੇ ਨਾ ਸਿਰਫ਼ ਇਸ ਮਨੁੱਖੀ ਪੈਂਤਰਿਆਂ ਨੂੰ ਮਹਿਸੂਸ ਕੀਤਾ, ਬਲਕਿ ਧਰਮ ਦੇ ਨਾਂ ਤੇ ਉਠ ਰਹੀਆਂ ਵਿਰੋਧੀ ਅਤੇ ਗ਼ੈਰ ਮਨੁੱਖੀ ਯਾਤਨਾਵਾਂ ਨੂੰ ਭੀ ਪਿੰਡੇ ਤੇ ਹੰਢਾਇਆ। ਜਿਹੜੇ ਬ੍ਰਹਮਵਾਦੀ, ਬ੍ਰਾਹਮਣ, "ਬ੍ਰਹਮੈਵ ਇਦੰ ਸਰਵ" ਸਾਰਿਆਂ ਜੀਵਾਂ ਅਤੇ ਨਿਰਜੀਵਾਂ ਵਿਚ ਇਕੋ ਬ੍ਰਹਮ ਹੈ, ਦੀ ਘੋਸ਼ਣਾ ਕਰਨ ਵਾਲੇ ਬ੍ਰਾਹਮਣ ਭੀ ਮੇਰੇ ਦੁਸ਼ਮਨ ਹੋ ਗਏ। ਹੱਥ, ਪੈਰ, ਜ਼ੰਜੀਰ ਵਿੱਚ ਬੰਨ੍ਹ ਕੇ ਗੰਗਾ ਵਿਚ ਸੁਟਿਆ। ਸਮਾਜਿਕ ਬਹਿਸ਼ਕਾਰ ਅਤੇ ਹੋਰ ਕਈ ਤਰ੍ਹਾਂ ਦੀ ਸਰੀਰਕ, ਮਾਨਸਿਕ ਪ੍ਰਤਾੜਨਾਵਾਂ ਝੱਲਣੀਆਂ ਪਈਆਂ। ਉਹ ਬੇਦਾਂ ਸ਼ਾਸਤਰਾਂ ਦੀ ਗੱਲ ਕਰਨ, ਇੱਕੋ ਬ੍ਰਹਮ ਦੀ ਗੱਲ ਕਰਨ ਤਾਂ ਠੀਕ ਹੈ... ਉਹੀ ਗੱਲ ਜਦ ਮੈਂ ਕਹੀ—

"ਜਬ ਹਮ ਏਕੋ ਏਕੁ ਕਰਿ ਜਾਨਿਆ॥
ਤਬ ਲੋਗਹ ਕਾਹੇ ਦੁਖੁ ਮਾਨਿਆ॥"

ਜਦ ਮੈਂ ਇਕ ਰੱਬ ਦੀ ਗੱਲ ਕੀਤੀ, ਫਿਰ ਬਹੁਤ ਤਕਲੀਫ਼ ਲੱਗੀ!

ਬ੍ਰਿਟਿਸ਼ ਇਤਿਹਾਸਕਾਰ, "ਓਰਨਾਲਡ ਟਾੱਇਨਬੀ" ਨੇ ਇਕ ਕਿਤਾਬ ਲਿਖੀ ਹੈ, "ਥਿਓਰੀ ਆੱਫ਼ ਚੈਲੇਂਜ ਐਂਡ ਰਿਸਪੌਂਸ"। ਲਿਖਦਾ ਹੈ, ਜਦੋਂ ਤਕ ਤੁਸੀਂ ਨਿਕੰਮੇ ਹੋ, ਕੁਝ ਭੀ ਰਚਨਾਤਮਕ ਕਰਮ, ਕੁਝ ਭੀ ਚੰਗਾ ਕੰਮ ਨਹੀਂ ਕਰਦੇ, ਉਦੋਂ ਤਕ ਤੁਹਾਡਾ ਕੋਈ ਵਿਰੋਧੀ ਨਹੀਂ, ਮੁਕਾਬਲੇ ਵਜੋਂ ਕੋਈ ਨਹੀਂ। ਜਿਵੇਂ ਤੁਸੀਂ ਵਿਕਾਸ ਦੀ ਕਿਸੇ ਰੇਸ ਵਿਚ ਸ਼ਾਮਲ ਹੁੰਦੇ ਹੋ... ਜਿਵੇਂ ਕਿਸੇ ਰੇਸ ਲਈ ਟਰੈਕ ਤੇ ਖੜ੍ਹੇ ਹੁੰਦੇ ਹੋ, ਉਵੇਂ ਹੀ ਮੁਕਾਬਲੇ ਲਈ, ਮੌਕਾ ਮਿਲਦਿਆਂ ਹੀ ਤੁਹਾਨੂੰ ਡੇਗਣ ਲਈ, ਪਿੱਛੇ ਧੱਕਣ ਦੀ ਜੁਗਤ ਲਾਉਂਦੇ ਕਈ ਮੁਕਾਬਲੇ ਬਾਜ, ਨਾਲ ਹੀ ਖੜ੍ਹੇ ਦਿਸ ਪੈਣਗੇ। ਰੇਸ ਦਾ ਮੈਦਾਨ ਹੋਵੇ, ਸਕੂਲ ਦਾ ਇਮਤਿਹਾਨ ਹੋਵੇ, ਕਿਸੇ ਜਾੱਬ ਲਈ ਭਰਤੀ ਦਾ ਵੇਲਾ ਹੋਵੇ, ਵਾਪਾਰ ਹੋਵੇ, ਹਰ ਥਾਂ ਤੁਹਾਨੂੰ ਨੀਵਾਂ ਵਿਖਾ ਕੇ, ਆਪਣੇ ਨੂੰ ਉੱਚਿਆਂ ਵਿਖਾਉਣ ਦੀਆਂ ਕਵਾਇਦਾਂ ਆਰੰਭ ਹੋ ਜਾਂਦੀਆਂ ਹਨ। "ਧਰਮ" ਦਾ ਖਿੱਤਾ ਤਾਂ ਮਹਾਂਭਾਰਤ ਦੇ ਕੁਰੂਖੇਤਰ ਤੋਂ ਭੀ ਵੱਧ, ਹਿੰਸਾ ਭਰਿਆ, ਵਿਰੋਧ ਦਾ ਭਰਿਆ ਦਿਸਦਾ ਹੈ।

ਪੰਜਵੇਂ ਪਾਤਸ਼ਾਹ ਜੀ ਵੇਲੇ, ਬਾਦਸ਼ਾਹ ਜਹਾਂਗੀਰ ਅੱਗੇ, ਛੇਵੇਂ ਪਾਤਸ਼ਾਹ ਜੀ ਵੇਲੇ, ਸ਼ਾਹਜਹਾਂ ਦੇ ਅੱਗੇ ਜਾਂ ਦਸਮ ਪਾਤਸ਼ਾਹ ਵੇਲੇ, ਹੋਰਨਾਂ ਗੱਲਾਂ ਤੋਂ ਵੱਧ ਇਸ ਗੱਲ ਨੂੰ ਜ਼ੋਰ ਨਾਲ ਉਭਾਰਿਆ ਗਿਆ ਕਿ "ਇਹ ਹਿੰਦੂ ਧਰਮ ਗੁਰੂ ਹਨ, ਹਿੰਦੂ ਧਰਮ ਨੂੰ ਉੱਚਿਆਂ ਦਿਖਾਉਂਦੇ ਹਨ ਅਤੇ "ਇਸਲਾਮ" ਨੂੰ ਨੀਵਿਆਂ ਵਿਖਾਉਣ ਦੇ ਜਤਨ ਕਰਦੇ ਹਨ।

ਧਰਮ ਦਾ ਮੰਡਨ ਜਾਂ ਖੰਡਨ ਕਰਨ ਵਾਲੇ ਸ਼ਬਦ, ਮਾਤਰ ਅੱਖਰ ਹੁੰਦੇ ਹਨ, ਇਹਨਾਂ ਦਾ ਕੋਈ ਵਜੂਦ ਨਹੀਂ ਹੁੰਦਾ। ਪਰ ਸੱਚ ਹੈ, ਇਹਨਾਂ ਵਿਰੋਧਤਾ ਭਰੇ ਆਪਣੇ-ਆਪਣੇ ਧਾਰਮਿਕ ਅਦਾਰਿਆਂ 'ਚੋਂ ਨਾਅਰੇ ਲਗਦੇ, ਗੂੰਜਦੇ ਸ਼ਬਦਾਂ ਨੇ ਧਰਮ ਦੇ ਨਾਂ ਤੇ, ਸੰਪਰਦਾਇਕ ਦੰਗਿਆਂ ਦੇ ਰੂਪ ਵਿਚ ਮਨੁੱਖੀ ਸਮਾਜ ਨੂੰ ਅੰਨ੍ਹਿਆਂ ਕਰ ਕੇ ਲੜੌਂਵਦੇ-ਮਰੌਂਵਦੇ ਰਹੇ ਹਨ। ਪਰ ਇਸ ਚੁਨੌਤੀ ਨੂੰ ਸਵੀਕਾਰ ਕਰ ਕੇ, ਆਤਮਿਕ ਬਲ ਦੀ ਜ਼ਮੀਨ ਤੇ ਅਡੋਲ, ਅਡਿੱਗ ਰਹਿਣ ਵਾਲਿਆਂ ਦੀ, ਵਿਸ਼ੇਸ਼ ਕਰ ਕੇ ਸਿੱਖ ਕੌਮ ਵਿਚ ਕਦੀ ਘਾਟ ਨਹੀਂ ਰਹੀ।

11 ਨਵੰਬਰ 1675! ਦਿੱਲੀ ਦੇ ਚਾਂਦਨੀ ਚੌਂਕ ਵਿਚ, ਸਰੇਆਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਕੱਟ ਦਿੱਤਾ ਗਿਆ। ਨਾਲ ਹੀ ਦੋ ਸੌ ਹਥਿਆਰ ਬੰਦ ਸਿਪਾਹੀਆਂ ਦਾ ਘੇਰਾ ਪਾ ਕੇ ਘੋਸ਼ਣਾ ਹੋਈ, ਔਰੰਗਜ਼ੇਬ ਬਾਦਸ਼ਾਹ ਦਾ "ਫ਼ਰਮਾਨ-ਏ-ਆਲਮਗੀਰ" ਸੁਣਾਇਆ ਗਿਆ, ਜਿਹੜਾ ਸ਼ਖ਼ਸ ਇਸ ਲਾਸ਼ ਨੂੰ ਚੁੱਕਣ ਆਇਗਾ, ਉਸ ਦਾ ਭੀ ਇਹੋ ਹਾਲ ਕੀਤਾ ਜਾਏਗਾ। ਦਰਸ਼ਕਾਂ ਦੀ ਭੀੜ ਸਹਿਮ ਗਈ। ਹੌਲੀ ਹੌਲੀ ਸਾਰੇ ਖਿਸਕ ਗਏ। ਅੱਧੀ ਰਾਤ ਦਾ ਸਮਾਂ! ਦਿੱਲੀ ਦੇ ਮੁਹੱਲਾ ਦਿਲ ਵਾਲੀ... ਭਾਈ ਕਲਿਆਣੇ ਦੀ ਸਰਾਂ ਦੇ ਪਿੱਛੇ ਬਸਤੀ ਵਿਚ ਰਹਿਣ ਵਾਲੇ, ਭਾਈ ਨਾਨੂੰ ਸਿੰਘ ਨੂੰ ਸੁਪਨਾ ਆਇਆ... ਨੌਵੇਂ ਪਾਤਸ਼ਾਹ ਪ੍ਰਗਟ ਹੋਇ, ਭਾਈ ਨਾਨੂੰ ਸਿੰਘ ਨੂੰ ਬਚਨ ਕੀਤਾ, "ਮੇਰੀ ਦੇਹ, ਚਾਂਦਨੀ ਚੌਂਕ ਪਈ ਹੋਈ ਹੈ... ਉਥੋਂ ਚੁਕ ਕੇ ਮਾਖੋਵਾਲ ਪੁਚਾਓ।"

ਭਾਈ ਨਾਨੂੰ ਸਿੰਘ ਉੱਬੜਵਾਹ ਮੰਜੇ ਤੋਂ ਉਠ ਪਿਆ। ਹੁਣੇ ਇਕ ਖਿਨ ਪਹਿਲਾਂ... ਬਿਲਕੁਲ ਸਪੱਸ਼ਟ, ਸਾਖਿਆਤ "ਸਤਿਗੁਰੂ ਜੀ" ਪ੍ਰਗਟ ਹੋਇ ਕੇ ਹੁਕਮ ਕੀਤਾ ਹੈ। ਘਰ ਵਾਲੀ ਨੂੰ ਜਗਾਇਆ। ਸਮਾਂ ਬਹੁਤਾ ਨਹੀਂ ਸੀ, ਜਲਦੀ ਇਹ ਕੰਮ ਕਰਨਾ ਸੀ। ਸਤਿਗੁਰਾਂ ਦੀ ਦੇਹ ਲੈ ਕੇ, ਪਹੁ ਫੁੱਟਣ ਤੋਂ ਪਹਿਲਾਂ ਦਿੱਲੀ ਸਰਹੱਦ ਤੋਂ ਪਾਰ ਲੰਘ ਜਾਣਾ ਹੈ। ਸਿੰਘਣੀ ਨੂੰ ਜਲਦੀ-ਜਲਦੀ, ਪੈਸੇ, ਗਹਿਣੇ ਅਤੇ ਅਤਿ ਜ਼ਰੂਰੀ, ਸਾਮਾਨ ਚੁੱਕ ਕੇ, ਪੇਕੇ ਘਰ ਤੁਰ ਜਾਣ ਲਈ ਕਿਹਾ... ਸਤਿਗੁਰ ਜੀ ਦਾ ਹੁਕਮ ਹੈ। ਘਰ ਵਾਲੀ ਨੂੰ ਤੋਰ, ਆਪ ਚਾਂਦਨੀ ਚੌਂਕ ਦੀ ਰਾਹੇ ਪਿਆ। ਵਿਧਾਤਾ ਨੇ ਯੋਗ ਬਣਾਇਆ, ਕੁਦਰਤ ਅਨੁਕੂਲ ਹੋਈ। ਹਨੇਰੀ ਝੱਖੜ ਚਲ ਪਿਆ। ਪਹਿਰੇਦਾਰ, ਜਿੱਥੇ ਲੁੱਕਣ ਦੀ ਥਾਂ ਮਿਲੀ, ਖਿੰਡਰ ਗਏ। ਭਾਈ ਨਾਨੂੰ ਸਿੰਘ ਉਸ ਥਾਂ ਪੁੱਜਾ। ਕਾਹਲੀ-ਕਾਹਲੀ ਗੁਰੂ ਦੇਹ ਅਤੇ ਸੀਸ ਲੈ ਕੇ ਨਿਕਲ ਜਾਣਾ ਚਾਹੁੰਦਾ ਸੀ। ਦੇਹ ਸਤਿਗੁਰਾਂ ਦੀ ਚੁੱਕੀ ਨਾ ਜਾਏ। ਅੰਦਰੋਂ ਡਰ ਭੀ ਹੈ ਸੀ, ਪਹਿਰੇਦਾਰ ਨਾ ਆ ਜਾਣ। ਦੇਹ ਲਿਆਉਣ ਦੀ ਕੋਈ ਤਰਕੀਬ ਨਾ ਲੱਗੀ ਤਾਂ ਛੇਤੀ, ਗੁਰਾਂ ਦਾ ਸੀਸ ਇਕ ਪਰਨੇ ਜਿਹੇ ਵਿਚ ਲਵੇਟਿਆ ਅਤੇ ਦੌੜ ਲਿਆ। ਘਰ ਪੁੱਜਾ। ਇਕ ਟੋਕਰਾ ਲਿਆ, ਚਾਦਰ ਸਹਿਤ ਸੀਸ ਰੱਖ, ਉਪਰੋਂ-ਤੂੜੀ ਨਾਲ ਚੰਗੀ ਤਰ੍ਹਾਂ ਭਰ ਦਿੱਤਾ। ਗੁਆਂਢ ਸ਼ਰਧਾਲੂ ਸਿੱਖ, ਭਾਈ ਜੀਵਨ ਜੈਤਾ ਜੀ ਨੂੰ ਜਗਾ ਕੇ ਘਰ ਲੈ ਆਇਆ। ਸਾਰਾ ਬ੍ਰਿਤਾਂਤ ਦੱਸਿਆ। ਦੋਹਾਂ ਉਸੇ ਵੇਲੇ ਟੁਰਨ ਦਾ ਨਿਰਣਾ ਲਿਆ। ਨਾਨੂੰ ਸਿੰਘ ਟੋਕਰਾ ਸਿਰ ਤੇ ਚੁਕਿਆ ਅਤੇ ਟੁਰ ਪਏ। ਗੁਰੂ ਕਿਰਪਾ ਨਾਲ ਕਿਸੇ ਨਾ ਰੋਕਿਆ, ਪੁੱਛਿਆ। ਕੀਰਤਪੁਰ ਸਾਹਿਬ ਦੂਜੇ ਦਿਨ ਪਹੁੰਚ ਗਏ। ਮੁਲਤਾਨੀ ਵਿਚ ਲਿਖੀ ਹੋਈ "ਭੱਟ ਵਹੀ" ਵਿਚ ਤਿੰਨ ਗੁਰੂ ਪਿਆਰਿਆਂ ਦਾ ਜ਼ਿਕਰ ਹੈ—"ਜੈਤਾ ਬੇਟਾ ਆਗਿਆ ਕਾ, ਨਾਨੂੰ ਬੇਟਾ ਬਾਘੇ ਕਾ, ਔਰ ਉਦਾ ਬੇਟਾ ਖੰਮੇ ਕਾ, ਪੋਤਾ ਪਰਮੇ ਕਾ... ਸੀਸ ਲੇਕਰ ਕੀਰਤਪੁਰ, ਪਰਗਨਾ ਕਹਿਲੂਰ ਪਹੁੰਚੇ, ਮੱਘਰ ਸੁਦੀ ਦਸਮੀ ਕੇ ਦਿਹੁ... ਗਿਆਰਸ ਕੋ ਦਾਗ ਦੀਆ, ਮਾਖੋਵਾਲ ਮੇਂ॥" ਮੱਘਰ ਦੀ ਦਸਵੀਂ ਨੂੰ ਪਹੁੰਚੇ ਅਤੇ ਸ੍ਰੀ ਆਨੰਦਪੁਰ ਸਾਹਿਬ (ਮਾਖੋਵਾਲ) ਸਸਕਾਰ... ਅਗਨ ਭੇਟ ਕੀਤਾ ਗਿਆ।

ਮਾਖੋਵਾਲ ਦਾ ਪਿਛੋਕੜ ਪ੍ਰਸੰਗ ਭੀ ਬਹੁਤ ਰੋਮਾਂਚਕ ਹੈ। 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ, ਜਦੋਂ ਲਾਹੌਰ ਅਤੇ ਜਲੰਧਰ ਦੇ, ਕਾਸਮ ਬੇਗ਼ ਸੂਬਾ ਲਾਹੌਰ, ਜਲੰਧਰ ਦਾ ਅਨਵਰ ਖਾਂ, ਕਾਲੇ ਖਾਂ ਨਾਲ ਬਾਰ ਬਾਰ ਹਮਲਾ ਕਰ ਕੇ, ਸ੍ਰੀ ਅੰਮ੍ਰਿਤਸਰ ਛੱਡ ਕੇ ਕਰਤਾਰਪੁਰ ਆ ਗਏ, ਕੁਝ ਸਮਾਂ "ਝਬਾਲ" ਰਹਿ ਕੇ। ਸਤਿਗੁਰ ਜੀ ਦਾ ਪੋਤਰਾ, ਧੀਰਮੱਲ, ਬਾਬਾ ਗੁਰਦਿੱਤਾ ਜੀ ਦਾ ਪੁੱਤਰ ਸੀ। ਬਹੁਤ ਲੋਭੀ ਅਤੇ ਕਪਟੀ ਸੀ। ਸੰਨ 1604 ਵਿਚ ਪੰਜਵੇਂ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ, ਭਾਈ ਗੁਰਦਾਸ ਜੀ ਲਿਖਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਭਾਈ ਬੰਨੋ ਜੀ ਨੂੰ ਉਤਾਰਾ ਕਰਨ ਲਈ ਹੁਕਮ ਹੋਇਆ। ਕਹਿੰਦੇ ਹਨ, ਉਨ੍ਹਾਂ ਤਿੰਨ ਉਤਾਰੇ, ਆਪਣੇ ਘਰ, "ਮਾਂਗਟ" ਪਿੰਡ ਬੈਠ ਕੇ ਕੀਤੇ। ਪੋਥੀ ਸਾਹਿਬ ਤੋਂ ਕੀਤੇ ਹੋਏ ਉਤਾਰੇ ਵਾਲਾ, ਇਕ ਗੁਰੂ ਗ੍ਰੰਥ, ਧੀਰਮੱਲ ਕੋਲ, ਇਕ ਮਾਂਗਟ ਭਾਈ ਬੰਨੋ ਜੀ ਘਰ ਅਤੇ ਇਕ ਕਹਿੰਦੇ ਹਨ ਗੁਰਦੁਆਰਾ ਸ੍ਰੀ

ਨਾਭਾ ਸਾਹਿਬ ਹੈ ਸੀ। ਧੀਰਮੱਲ, ਸ੍ਰੀ ਕਰਤਾਰਪੁਰ ਨੂੰ ਆਪਣੀ ਨਿੱਜੀ ਜਾਇਦਾਦ ਸਮਝ ਬੈਠਾ ਸੀ। ਉਪਰ ਕੋਠੇ ਤੇ, ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖ, ਤਾਲਾ ਮਾਰ ਕੇ ਰੱਖਦਾ ਸੀ। ਛੇਵੇਂ ਪਾਤਸ਼ਾਹ ਜਦੋਂ ਅੰਮ੍ਰਿਤਸਰ, ਫਿਰ ਝਬਾਲ ਛੱਡ ਕਰਤਾਰਪੁਰ ਆ ਗਏ ਤਾਂ ਧੀਰਮੱਲ ਦੀ ਆਪ ਮੁਖਿਤਿਆਰੀ ਨਾ ਰਹੀ। ਕਿਸੇ ਨ ਕਿਸੇ ਗੱਲ ਤੇ ਉਹ ਬਹਿਸ-ਵਿਵਾਦ ਸਤਿਗੁਰਾਂ ਨਾਲ ਕਰਦਾ ਰਹਿੰਦਾ। ਸਤਿਗੁਰ ਜੀ ਆਪਣੇ ਹੀ ਪੋਤਰੇ ਨਾਲ ਖਹਿਣਾ ਨਹੀਂ ਸਨ ਚਾਹੁੰਦੇ। ਸਤਿਗੁਰਾਂ ਕਰਤਾਰਪੁਰ ਛੱਡ, ਕੀਰਤਪੁਰ ਵਸਣ ਦਾ ਮਨ ਬਣਾਇਆ। ਗੱਡਿਆਂ ਤੇ ਜ਼ਰੂਰੀ ਸਾਮਾਨ ਲੱਦਿਆ ਜਾਣ ਲੱਗਾ। ਸਤਿਗੁਰਾਂ ਹੁਕਮ ਕੀਤਾ, "ਸ੍ਰੀ ਪੋਥੀ ਸਾਹਿਬ" ਭੀ ਨਾਲ ਰੱਖ ਲਉ। ਧੀਰਮੱਲ ਨੇ ਉਹ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ।

ਬਾਬਾ ਗੁਰਦਿੱਤਾ ਜੀ, ਆਪ ਤਾਂ ਛੇਵੇਂ ਪਾਤਸ਼ਾਹ ਜੀ ਦੇ ਨਾਲ ਕੀਰਤਪੁਰ ਆ ਗਏ। ਪਰ ਪੁੱਤਰ ਧੀਰਮੱਲ ਆਪ ਭੀ ਨਾ ਗਿਆ, ਤੇ ਆਪਣੀ ਮਾਂ ਨੂੰ ਭੀ ਨਾ ਜਾਣ ਦਿੱਤਾ। ਕੁਝ ਸਮਾਂ ਗੁਜ਼ਰਿਆ, ਬਾਬਾ ਗੁਰਦਿੱਤਾ ਜੀ ਨੇ ਦੇਹ ਤਿਆਗ ਦਿੱਤੀ। ਭੋਗ ਪਾਉਣਾ ਸੀ। ਵਿਸ਼ੇਸ਼ ਸੇਵਕ, ਕਰਤਾਰਪੁਰ ਸੱਦਾ ਭੇਜਿਆ ਤੇ ਨਾਲ ਹੀ ਹਿਦਾਇਤ ਕੀਤੀ, "ਭੋਗ ਪਾਉਣਾ ਹੈ, "ਪੋਥੀ ਸਾਹਿਬ" ਜ਼ਰੂਰ ਨਾਲ ਲੈ ਕੇ ਆਉਣ।" ਧੀਰਮੱਲ ਨਾ ਪਿਤਾ ਦੇ ਭੋਗ ਤੇ ਆਇਆ ਅਤੇ ਨਾ ਹੀ "ਪੋਥੀ ਸਾਹਿਬ" ਹੀ ਦਿੱਤੀ।

ਕੁਝ ਸਮਾਂ ਹੋਰ ਬਤੀਤ ਹੋਇਆ। ਸਤਿਗੁਰ ਜੀ, ਸ੍ਰੀ ਹਰਿਰਾਏ ਜੀ ਨੂੰ ਗੁਰਤਾ ਦੇ ਆਪ ਚੋਲਾ ਤਿਆਗ ਦਿੱਤਾ। ਸ੍ਰੀ ਗੁਰੂ ਹਰਿ ਰਾਏ ਜੀ ਅਤੇ ਉਨ੍ਹਾਂ ਦੇ ਮਹਿਲ ਮਾਤਾ ਕ੍ਰਿਸ਼ਨ ਜੀ, ਕੀਰਤਪੁਰ ਹੀ ਵਾਸਾ ਕੀਤਾ। ਉਹਨਾਂ ਦੇ ਵੱਡੇ ਪੁੱਤਰ, ਸ੍ਰੀ ਰਾਮ ਰਾਏ ਜੀ ਨੂੰ ਔਰੰਗਜ਼ੇਬ ਦੇ ਸੱਦੇ ਤੇ, ਦਿੱਲੀ, ਸਾਰੀਆਂ ਸ਼ਕਤੀਆਂ ਦੇ ਕੇ ਭੇਜਿਆ। ਉਹ ਆਪਣੀ ਨਿੱਜੀ ਪੂਜਾ-ਮਾਣਤਾ ਦੇ ਖੋਟੇ ਲੋਭ ਵਿਚ ਕੌਤਕ ਕਰਿਸ਼ਮੇ ਔਰੰਗਜ਼ੇਬ ਨੂੰ ਵਿਖਾਉਣ ਲੱਗਾ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਪਵਿੱਤਰ ਗੁਰਬਾਣੀ,

"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥" ਨੂੰ
ਪਲਟਾ ਦਿੱਤਾ। ਬਾਦਸ਼ਾਹ ਨੂੰ ਖੁਸ਼ ਰੱਖਣ ਲਈ,
"ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ", ਕਰ ਦਿੱਤੀ।

ਸਤਿਗੁਰਾਂ ਨੇ, ਹਰਿਰਾਏ ਜੀ ਨੂੰ ਨਾਰਾਜ਼ ਹੋ ਕੇ, "ਹੁਣ ਇਥੇ ਨਾ ਆਵੇ, ਸਾਡੇ ਮੱਥੇ ਨਾ ਲੱਗੇ"— ਦਾ ਹੁਕਮ ਸੁਣਾਇਆ ਅਤੇ ਆਪਣੇ ਅੰਤ ਸਮੇਂ ਗੁਰਤਾ ਗੱਦੀ, ਤਕਰੀਬਨ ਪੰਜ ਵਰ੍ਹਿਆਂ ਦੇ, "ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ" ਨੂੰ ਸੌਂਪ ਜੋਤੀ ਜੋਤਿ ਸਮਾ ਗਏ। ਸ੍ਰੀ (ਗੁਰੂ) ਤੇਗ਼ ਬਹਾਦਰ ਜੀ, ਮਾਤਾ ਨਾਨਕੀ ਜੀ ਦੇ ਨਾਲ ਬਾਬਾ ਬਕਾਲੇ ਗੁਪਤਵਾਸ, ਇਕ ਭੋਰੇ ਵਿਚ ਤਪਲੀਨ ਰਹਿੰਦੇ। ਸਮਾਂ ਆਇਆ ਤਾਂ ਗੁਰੂ ਦੇ ਸਿੱਖ, ਭਾਈ ਮੱਖਣ ਸ਼ਾਹ ਲੁਬਾਣੇ ਨੇ, ਗੁਰੂ ਪ੍ਰਗਟ ਕੀਤਾ। ਧੀਰਮੱਲ ਤੇ ਸਾਥੀਆਂ ਨੂੰ ਮਾਰ ਕੁੱਟ ਕੇ ਭਜਾ ਦਿੱਤਾ। ਨੌਵੇਂ ਪਾਤਸ਼ਾਹ ਪ੍ਰਤੱਖ ਗੁਰੂ ਹੋਇ ਕੇ ਸ੍ਰੀ ਕੀਰਤਪੁਰ ਆ ਗਏ। ਇਥੇ ਸ੍ਰੀ ਗੁਰੂ ਹਰਿ ਰਾਏ ਜੀ ਦੇ ਮਹਿਲ, ਮਾਤਾ ਕ੍ਰਿਸ਼ਨ ਜੀ ਦੇ ਹੁਕਮ ਨਾਲ ਸਾਰਾ ਕੰਮ ਕਾਜ ਪਹਿਲਾਂ ਹੁੰਦਾ ਸੀ। ਪ੍ਰਤੱਖ ਗੁਰੂ ਦੇ ਆਇਆਂ, ਸੰਗਤ ਨੌਵੇਂ ਪਾਤਸ਼ਾਹ ਦੇ ਹੁਕਮ

ਪ੍ਰਤੀ ਤਤਪਰ ਰਹਿੰਦੀ। ਮਾਤਾ ਕ੍ਰਿਸ਼ਨ ਨੂੰ, ਇਹ ਗੱਲ ਚੁੱਭਦੀ। ਹੌਲੀ ਹੌਲੀ ਅੰਦਰ ਦੇ ਅਸੰਤੋਖ ਨੇ ਵਿਵਾਦ ਝਗੜੇ ਦਾ, ਕਈ ਵਾਰ ਰੂਪ ਧਾਰ ਲੈਣਾ। ਨੌਵੇਂ ਪਾਤਸ਼ਾਹ ਜੀ ਅਤੇ ਮਾਤਾ ਗੁਜਰੀ ਨਾਲ ਬਹਿਸ ਪੈਣਾ। ਇਕ ਦਿਨ ਪਾਤਸ਼ਾਹ ਹੁਕਮ ਕੀਤਾ, ਕੋਈ ਨਿਵੇਕਲਾ ਜਿਹਾ, ਖੁੱਲਾ ਥਾਂ ਭਾਲ ਕਰੋ... ਮੁੱਲ ਖਰੀਦ ਕੇ ਨਵਾਂ ਨਗਰ ਵਸਾਇਆ ਜਾਏ। ਵਰਤਮਾਨ ਸ੍ਰੀ ਅਨੰਦਪੁਰ ਸਾਹਿਬ ਉਦੋਂ "ਮਾਖੋਵਾਲ" ਕਿਹਾ ਜਾਂਦਾ ਸੀ। ਮਾਖੋ ਨਾਂ ਦਾ ਇਕ ਦੈਂਤ ਲੋਕਾਂ ਨੂੰ ਮਾਰ ਕੇ ਖਾ ਜਾਂਦਾ। ਉਹ ਮਰ ਗਿਆ, ਪਰ ਕਹਿੰਦੇ, ਭੂਤ ਬਣ ਕੇ, ਉਸੇ ਥਾਂ ਰਹਿੰਦਾ ਹੈ। ਜਿਹੜਾ ਉਸ ਪਾਸੇ ਘਰ ਬਣੌਨ ਲਗਦਾ, ਉਸ ਦਾ ਘਰ ਢਾਅ ਦਿੰਦਾ—ਬੰਦਾ ਮਾਰ ਦਿੰਦਾ। ਕੋਈ ਡਰਦਿਆਂ ਉਧਰ ਦਾ ਮੂੰਹ ਨਾ ਕਰਦਾ। ਉਹ ਪਿੰਡ "ਕੋਹਿਲੂਰ" ਅੱਜ ਦੇ ਬਿਲਾਸਪੁਰ ਰਿਆਸਤ ਅਧੀਨ ਸੀ। ਸਿੱਖਾਂ ਨੇ ਮਾਖੋਵਾਲ ਵੇਖਿਆ, ਬਹੁਤ ਲੰਬੀ ਚੌੜੀ ਜ਼ਮੀਨ ਇਕ ਪਾਸੇ ਪਹਾੜ, ਦੂਜੇ ਪਾਸੇ ਸਤਿਲੁਜ ਨਦੀ... ਬਹੁਤ ਸੋਹਣਾ ਥਾਂ ਲੱਗਾ। ਕੋਈ ਡਰਦਿਆਂ ਉਸ ਪਾਸੇ ਦਾ ਖਰੀਦਦਾਰ ਨਾ ਹੋਣ ਕਰ ਕੇ ਮੁੱਲ ਭੀ ਕੌਡੀਓਂ ਭਾਅ! ਪਰ ਇਕੋ ਗੱਲ ਮਾੜੀ, "ਮਾਖੋ ਦੈਂਤ ਦੀ ਜੀਵਾਤਮਾ" ਉਥੇ ਰਹਿੰਦੀ ਹੈ।

ਸਤਿਗੁਰ ਜੀ ਨੇ ਬਚਨ ਕੀਤਾ, ਜਾਓ ਮੁੱਲ ਤਾਰ ਕੇ ਕੌਹਿਲੂਰ ਦਰਬਾਰ ਤੋਂ ਪਟਾ ਲਿਖਾ ਲਿਆਉ... ਗੁਰੂ ਵਾਲਿਆਂ ਨੂੰ, ਸਿੱਖਾਂ ਨੂੰ, ਇਹ ਮਾਖੋ ਕੁਝ ਨਹੀਂ ਆਖਦਾ। ਮੁੱਲ ਤਾਰਿਆ, ਪਟਾ ਲਿਖਵਾ ਲਿਆ ਅਤੇ ਸਤਿਗੁਰ ਜੀ ਦੇ ਹੁਕਮ ਨਾਲ ਮਾਖੋਵਾਲ ਸਿੰਘਾਂ ਦੇ ਜੱਥੇ ਗਏ... ਗੁਰਬਾਣੀ ਦਾ ਸੰਮੂਹਕ ਪਾਠ, ਕੀਰਤਨ ਕੀਤਾ। ਗੁਰਬਾਣੀ ਪਾਠ, ਮੂਲਮੰਤਰ ਦਾ ਜਾਪ ਅਤੇ ਸ਼ਬਦ ਕੀਰਤਨ ਦੀ ਗੂੰਜ ਕਰ ਕੇ, ਮਾਖੋ ਦੀ ਪ੍ਰੇਤਾਤਮਾ ਨੂੰ ਅੱਗ ਲੱਗ ਗਈ। ਬੇਚੈਨ ਆਤਮਾ ਨੇ ਬਹੁਤ ਯਤਨ ਕੀਤਾ, ਕਿਸੇ ਸਿੱਖ ਦਾ ਵਾਲ ਵਿੰਗਾ ਭੀ ਨਾ ਕਰ ਸਕਿਆ... ਨਵੇਂ ਉਸਰਦੇ ਹੋਇ, ਕਿਸੇ ਘਰ ਨੂੰ ਢਾਹ ਨਾ ਸਕਿਆ। ਗੁਰੂ ਦੇ ਸਿੱਖਾਂ ਅੱਗੇ, ਉਹ ਬਿਲਕੁਲ ਸ਼ਕਤੀਹੀਨ ਤੇ ਅਸਮੱਰਥ ਹੋ ਗਿਆ। ਬੇਬਸ ਹੋਈ ਜੀਵਾਤਮਾ, ਸਤਿਗੁਰ ਜੀ ਅੱਗੇ ਪ੍ਰਗਟ ਹੋਈ। ਮੈਨੂੰ ਬਖ਼ਸ਼ ਦਿਓ, ਪ੍ਰੇਤ ਜੂਨ ਤੋਂ ਮੁਕਤੀ ਦਿਉ...। ਸਤਿਗੁਰ ਜੀ ਨੇ ਇਕ ਮੇਹਰ ਦੀ ਨਜ਼ਰ ਕੀਤੀ, ਮਾਖੋ ਦੀ ਰੂਹ ਪ੍ਰੇਤ ਜੂਨ ਤੋਂ ਮੁਕਤ ਹੋ... ਦਿੱਵ ਜੋਤਿ ਬਣ ਗਗਨ ਮੰਡਲ ਨੂੰ ਉਡਾਰੀ ਮਾਰ ਗਈ। ਮਾਖੋਵਾਲ ਗੁਰਾਂ ਜੋਗ ਸੋਹਣੀ ਰਿਹਾਇਸ਼, ਕੀਰਤਨ-ਸਿਮਰਨ ਭਵਨ, ਸਿੱਖ ਸੰਗਤਾਂ ਲਈ ਘਰ, ਸਰਾਂਵਾਂ, ਬਾਜ਼ਾਰ ਦੁਕਾਨਾਂ ਤਿਆਰ ਹੋਈਆਂ। ਸ੍ਰੀ ਅਨੰਦਪੁਰ ਸਾਹਿਬ, ਆਤਮਿਕ ਆਨੰਦ ਦਾ ਸਥਲ ਬਣ ਕੇ ਪ੍ਰਗਟ ਹੋਇਆ। ਮਾਤਾ ਕ੍ਰਿਸ਼ਨ ਜੀ ਨੂੰ ਪਛਤਾਵਾ ਹੋਇਆ, ਪਰ ਸਮਾਂ ਹੁਣ ਹੱਥੋਂ ਨਿਕਲ ਗਿਆ ਸੀ।

ਸੰਸਾਰ ਦਾ ਸੁਭਾਅ ਹੈ, ਈਰਖਾ ਦਵੇਸ਼ ਦੀ ਅੱਗ ਵਿਚ ਸੜਨਾ ਅਤੇ ਆਪਣੇ ਵਿਵਹਾਰ ਨਾਲ ਦੂਜਿਆਂ ਨੂੰ ਸਾੜਨਾ। ਪਰ ਜੇ ਸਤਿਗੁਰ ਦਾ ਆਸਰਾ ਲਿਆ ਹੋਵੇ, ਭਰੋਸੇ ਨਾਲ, ਤਾਂ ਤੀਜੇ ਪਾਤਸ਼ਾਹ ਕਹਿੰਦੇ ਹਨ—

"ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥"

ਸਤਿਗੁਰ ਕਿਰਪਾ ਕਰੇ ਤਾਂ ਬਲਦੀ ਅੱਗ ਵਿਚ ਭੀ ਰੱਖ ਲੈਂਦਾ ਹੈ...

16
"ਪੂਤਾ ਮਾਤਾ ਕੀ ਆਸੀਸ"

ਪੁੱਤਾਂ ਪ੍ਰਤੀ ਮਾਤਾ ਦੀ ਪ੍ਰੀਤ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਭਗਤਾਂ ਪ੍ਰਤੀ ਪਰਮੇਸ਼ਰ ਦੀ ਪ੍ਰੀਤ ਦੇ ਬਿੰਬ ਰੂਪ ਵਿਚ ਵਰਤਦੇ ਹਨ। ਮਾਂ ਦੀ ਮਮਤਾ, ਸੰਸਾਰਕ ਰਿਸ਼ਤਿਆਂ ਵਿਚ ਇਕ ਨਿਵੇਕਲਾ ਭਾਵ ਹੁੰਦਾ ਹੈ। ਬੱਚੇ ਦਾ ਜਨਮ ਹੋਇਆ, ਮਾਂ ਦੇ ਗਰਭ ਵਿਚ ਇਕ ਨਾੜ ਨਾਲ ਜੁੜਿਆ ਸੀ। ਡਾਕਟਰ ਜਾਂ ਨਰਸ, ਉਹ ਨਾੜ ਕੱਟ ਕੇ ਬੱਚੇ ਨੂੰ ਮਾਂ ਤੋਂ ਵੱਖ ਕਰ ਦਿੰਦੇ ਹਨ। ਪਰ ਸੱਚ ਜਾਣੋ, ਉਹ ਬੱਚਾ ਵੱਡਾ ਹੋ ਜਾਂਦਾ ਹੈ, ਪਰ ਕਦੀ ਮਾਂ ਦੀ ਮਮਤਾ ਤੋਂ, ਮਾਂ ਦੀਆਂ ਆਸੀਸਾਂ ਤੋਂ ਵੱਖ ਨਹੀਂ ਹੋ ਪਾਂਦਾ। ਵੱਡਾ ਹੋਇਆ, ਪੜ੍ਹਿਆ ਲਿਖਿਆ, ਨੌਕਰੀ ਮਿਲੀ, ਪਰਦੇਸ ਚਲਾ ਗਿਆ। ਮਾਂ ਦਾ ਚਿੱਤ, ਸਦਾ ਪੁੱਤ ਦੀਆਂ ਯਾਦਾਂ ਵਿਚ ਜਾਂ ਚਿੰਤਾ ਵਿਚ ਹੀ ਜੁੜਿਆ ਰਹਿੰਦਾ ਹੈ। ਰਾਤ ਹੋ ਗਈ ਹੈ, "ਪਤਾ ਨਹੀਂ ਅਜੇ ਤਕ ਰੋਟੀ ਖਾਧੀ ਸੁ ਕਿ ਨਹੀਂ... ਪਤਾ ਨਹੀਂ ਕਿਸੇ ਵੇਲੇ ਭੋਰਾ ਆਰਾਮ ਕਰਦਾ ਹੈ ਜਾਂ ਨਹੀਂ।" ਮਾਂ ਬੁੱਢੀ ਹੋ ਗਈ, ਬਿਮਾਰ ਰਹਿੰਦੀ ਹੈ, ਖੰਘ ਖਹਿੜਾ ਨਹੀਂ ਪਈ ਛੱਡਦੀ... ਪਰ ਸਵੇਰ ਸ਼ਾਮ ਪਾਠ ਕਰਦੀ ਹੈ, ਸਿਮਰਨ ਕਰਦੀ ਹੈ... ਅਰਦਾਸ ਵੇਲੇ, ਆਪਣਾ ਇਕ ਦੁੱਖ ਚੇਤੇ ਨਹੀਂ ਰਹਿੰਦਾ। ਹੱਥ ਜੋੜ ਗੁਰੂ ਤੋਂ ਅਰਜੋਈ ਕਰਦੀ ਹੈ, "ਸਤਿਗੁਰ ਮੇਰੇ ਪੁੱਤ ਦੀ ਰਖਿਆ ਸੰਭਾਲ ਕਰੀਂ।" ਕੈਸਾ ਦੁਰਲੱਭ ਜੀਅ ਰੱਬ ਨੇ ਬਣਾਇਆ ਹੈ! ਇਕ ਕਵੀ ਕਹਿੰਦਾ ਹੈ—ਮੇਰੀ ਮਾਂ ਅਨਪੜ੍ਹ ਹੈ ਲੋਕੋ, ਇਕ ਮੰਗਦਾ ਹਾਂ, ਸਦਾ ਦੋ ਹੀ ਰੋਟੀਆਂ ਲਿਆਉਂਦੀ ਹੈ। ਸਭ ਕੁਝ ਭੁੱਲ ਜਾਵੇ ਭਾਵੇਂ, ਪੁੱਤ ਲਈ ਪ੍ਰੀਤ ਸਦਾ ਨਿਭਾਉਂਦੀ ਹੈ। ਸੰਤ, ਕੜੇ ਨਾਲ ਗਲਾਸ ਵਜਾ ਕੇ ਗਾਉਂਦੇ ਸਨ—

"ਮਾਂ ਪੁੱਤਰ ਪਿਆਰੇ, ਭਗਤ ਪਿਆਰੇ ਰੱਬ ਨੂੰ"

ਸਤਿਗੁਰ ਕਹਿੰਦੇ ਹਨ, ਮਾਂ ਪੁੱਤ ਨੂੰ ਆਸੀਸ ਇਹ ਨਹੀਂ ਕਿ ਤੂੰ ਧਨਵਾਨ ਹੋਵੇਂ, ਸਰੀਰੋਂ ਬਲਵਾਨ ਹੋਵੇਂ, ਸਮਾਜ ਵਿਚ ਪ੍ਰਤਿਸ਼ਠਾਵਾਨ ਹੋਵੇਂ। ਸਤਿਗੁਰ ਦੇ ਇਸ ਸ਼ਬਦ ਵਿਚ ਦਿੱਵ ਰੂਹ ਵਾਲੀ ਮਾਂ, ਪੁੱਤ ਨੂੰ "ਸਦੀਵੀ ਸੁਖ" ਦੀ ਆਸੀਸ ਦਿੰਦੀ ਹੈ—

"ਨਿਮਖ ਨ ਬਿਸਰਉ ਤੁਮ੍ਹ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥"

ਸੰਸਾਰ ਵਿਚ ਬਹੁਤ ਦੁਖ ਹੈ। ਆਧਿ, ਬਿਆਧਿ, ਉਪਾਧਿ, ਤਿੰਨੇ ਤਰ੍ਹਾਂ ਦੇ ਦੁਖ-ਤਾਪ ਮਨੁੱਖ ਹੰਢਾ ਰਿਹਾ ਹੈ। ਭੌਤਿਕ ਸੰਸਾਰ ਵਿਚ, ਹਰ ਸ਼ੈਅ ਦੀ ਭੁੱਖ ਹੈ। ਦੁੱਧ ਦੀ ਭੁੱਖ, ਪੁਤ ਦੀ ਭੁੱਖ, ਧਨ ਦੀ, ਸ਼ਾਨ ਦੀ... ਭੁੱਖ ਹੀ ਭੁੱਖ! ਔਰ ਇਹ ਭੁੱਖ ਹੀ ਦੁਖ ਦਾ ਕਾਰਣ ਬਣਦੀ ਹੈ। ਸੰਸਾਰਕ ਲੋੜਾਂ ਥੋੜਾਂ, ਭਾਸ਼ਾ ਸ਼ਾਸਤਰ ਇਸ ਨੂੰ ਅਭਾਵ ਕਹਿੰਦੇ ਹਨ। ਜਦੋਂ ਤਕ ਇਹ ਅਭਾਵ ਦਾ ਭਾਵ ਚਿੱਤ ਵਿਚ ਹੈ, ਉਦੋਂ ਤਕ ਗੁਰੂ ਪਰਮੇਸ਼ਰ

ਲਈ ਪ੍ਰੀਤ ਦਾ ਭਾਵ ਦੂਰ-ਦੂਰ ਰਹਿੰਦਾ ਹੈ। ਗੋਰਖਬਾਣੀ ਵਿਚ ਗੋਰਖਨਾਥ ਲਿਖਦੇ ਹਨ—

"ਭਾਵ ਕੋ ਅਭਾਵ ਹੈਂ, ਅਭਾਵ ਮੇਂ ਤੂੰ ਭਾਵ ਭਰਿਓ,
ਕਉਣ ਕਹੈ ਸਹੀ ਭਾਵ ਕਾਹੂ ਨੇ ਨ ਜਾਨੀ ਹੈ।"

ਸੰਸਾਰਕ ਜ਼ਰੂਰਤਾਂ ਥੌੜਾਂ ਨੂੰ ਪੂਰਿਆਂ ਕਰਨ ਦਾ ਭਾਵ, ਸਾਰੀਆਂ ਅਰਦਾਸਾਂ, ਭੌਤਿਕ ਪਦਾਰਥਾਂ ਨਾਲ ਭਰੀਆ ਹੋਈਆਂ, ਗੁਰੂ ਅੱਗੇ ਪੇਸ਼ ਕਰਦੇ ਹਾਂ। ਇਸ ਵਿਚ ਪ੍ਰਭੂ ਦਾ ਸਿਮਰਨ ਨਹੀਂ, ਪਰਮੇਸ਼ਰ ਲਈ ਪ੍ਰੀਤ ਦਾ ਭਾਵ ਨਹੀਂ।

ਤਾਂ, ਇਕ ਗੁਰੂ ਸਿੱਖਣੀ ਮਾਂ ਦਾ ਆਸ਼ੀਰਵਾਦ, ਸੰਸਾਰਕ ਸੁਖ ਭੋਗ ਤੋਂ ਵਖਰਾ ਹੈ—

"ਪੁੱਤ! ਤੈਨੂੰ "ਗੁਰੂ-ਹਰੀ" ਸਦਾ ਚੇਤੇ ਰਹੇ। ਇਕ ਪਲਕ ਝਪਕਾਉਣ ਜਿਹੇ ਸਮੇਂ, ਇਕ ਨਿਮਖ ਮਾਤਰ ਲਈ ਭੀ ਨਾ ਵਿਸਰੇ।"

ਸੁਖ ਦਾ ਬਹੁਤ ਵੱਡਾ ਰਹੱਸ, ਮਾਂ ਖੋਲ੍ਹ ਰਹੀ ਹੈ। ਭੁੱਖ, ਦੁਖ ਅਤੇ ਸੁਖ! ਤਿੰਨ ਅਵਸਥਾਵਾਂ ਵਿਚ ਮਨ ਵਿੱਚਰਦਾ ਹੈ। ਤਿੰਨੇ ਲਾਜ਼ਮੀ ਹਨ, ਸਤਿ, ਚਿਤ, ਆਨੰਦ ਲਈ। ਭੁੱਖ ਹੈ ਤਾਂ ਭੋਜਨ ਦੀ ਉਪਯੋਗਿਤਾ ਹੈ, ਭੋਜਨ ਦੀ ਖਿੱਚ ਹੈ। ਰੱਜੇ ਹੋਏ ਮਨੁੱਖ ਨੂੰ, ਭੋਜਨ ਦੇ ਪ੍ਰਤੀ ਕੋਈ ਖਿੱਚ ਨਹੀਂ ਹੁੰਦੀ। ਰੱਜਿਆ ਹੋਇਆ ਹੈ, ਤਾਂ ਪ੍ਰਸ਼ਾਦੇ ਦੀ ਥਾਲੀ ਤੋਂ ਮੂੰਹ ਮੋੜ ਲੈਂਦਾ ਹੈ। ਜੀਵਨ ਵਿਚ ਦੁਖ ਦਾ ਹੋਣਾ ਜ਼ਰੂਰੀ ਹੈ ਤਾਂਕਿ ਉਹ ਸੁਖ ਦੀ ਮੰਗ ਕਰ ਸਕੇ। ਜਿਵੇਂ ਭੁੱਖ ਦਾ ਜਾਗਣਾ ਜ਼ਰੂਰੀ ਹੈ ਤਾਂ ਜੋ ਉਹ ਭੋਜਨ ਦੀ ਮੰਗ ਕਰ ਸਕੇ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਆਸਾ ਰਾਗ ਵਿਚ :

"ਦੁਖੁ ਦਾਰੂ ਸੁਖੁ ਰੋਗ ਭਇਆ ਜਾ ਸੁਖ ਤਾਮਿ ਨ ਹੋਈ॥

ਦੁਖ, ਦਵਾ ਹੈ, ਸਦੀਵੀ ਸੁਖ ਲਈ। ਦੁਖ ਦਾ ਅਨੁਭਵ ਜੀਵਨ ਨੂੰ ਪਰਪੱਕਤਾ ਦਿੰਦਾ ਹੈ। ਸੁਖੀ ਤਾਂ ਪ੍ਰਮਾਤਮਾ ਪ੍ਰਤੀ ਕੋਈ ਜਗਿਆਸਾ ਨਹੀਂ ਰਖਦਾ।

"ਜਾ ਸੁਖ ਤਾਮਿ ਨ ਹੋਈ"—ਜੇ ਸੁਖ ਹੀ ਸੁਖ ਹੈ, ਤਾਂ ਪ੍ਰਭੂ ਪ੍ਰੀਤ ਪੈਦਾ ਨਹੀਂ ਹੁੰਦੀ।

ਪੰਜਵੇਂ ਪਾਤਸ਼ਾਹ, ਮਲਾਰ ਰਾਗ ਦੇ ਸ਼ਬਦ ਵਿਚ ਇਹ ਰਹੱਸ ਖੋਲ੍ਹਦੇ ਹਨ—

"ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ॥"

ਜਗ ਵੈਰੀ ਹੋਇ ਗਿਆ... ਸੰਗੀ ਸਾਥੀ ਸਾਰੇ ਸਾਥ ਛੱਡ ਗਏ। ਦੁਖਾਂ ਦਾ ਹਨੇਰਾ ਭਰਿਆ, ਅਤਿ ਭਿਆਨਕ ਖੂਹ!... ਸਤਿਗੁਰ ਮੈਂ ਅਨਾਥ, ਬੇਵੱਸ, ਇਸ ਹਨੇਰੇ ਖੂਹ ਵਿਚ ਡਿੱਗਾ ਪਿਆ ਹਾਂ, "ਨਾਨਕ ਪਾਰਿ ਉਤਾਰ॥" ਤਾਂ ਦੁਖ ਦਾ ਅਹਿਸਾਸ, ਬੇਸਹਾਰਾ ਹੋਣ ਦਾ ਅਹਿਸਾਸ, ਫਿਰ ਸਤਿਗੁਰ ਹਰੀ ਦੀ ਯਾਦ... ਔਰ ਫਿਰ ਇਕ ਘਟਨਾ ਘਟਦੀ ਹੈ—

"ਸਭੇ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ॥"

ਚਿਤ ਵਿਚ ਗੁਰੂ ਆਇਆ, ਪਾਰਬ੍ਰਹਮ ਚੇਤੇ ਆਇਆ, ਤਾਂ ਤਤੀ ਹਵਾ ਨਹੀਂ ਛੂਹ ਸਕਦੀ।

ਤਾਂ ਮਾਤਾ, ਬੱਚੇ ਨੂੰ ਆਸੀਸ ਦਿੰਦੀ ਹੈਂ—"ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥"

ਰਾਣੀ ਮਦਾਲਸਾ, ਦਿੱਵ ਮਾਤਾ ਹੋਈ ਹੈ। ਰਾਜਾ ਰਿਤੁਧਵਜ ਦੀ ਰਾਣੀ। ਚਾਰ ਪੁੱਤਰ, ਇਕ-ਇਕ ਕਰ ਕੇ ਹੋਏ। ਗਰਭ ਅਵਸਥਾ ਵਿੱਚ ਹੀ ਬੱਚੇ ਨਾਲ ਮੌਨ ਸੰਵਾਦ ਕਰਦੀ... ਆਪਣੀਆਂ ਵੀਚਾਰ ਤਰੰਗਾਂ, ਗਰਭ ਵਿਚ ਪਲ ਰਹੇ ਬਾਲ ਭਰੂਨ ਤਕ ਪਹੁੰਚਾਉਂਦੀ—

"ਸ਼ੁੱਧੋ ਅਸੀ, ਬੁੱਧੋ ਅਸੀ, ਤਤਵਮ ਅਸੀ।"
ਵਿਕਾਰਾਂ ਤੋਂ ਮੁਕਤ ਸ਼ੁੱਧ ਹੈਂ, ਗਿਆਨਵਾਨ ਹੈਂ,
ਤੂੰ ਤੱਤ ਰੂਪ ਹੈਂ... ਜੋਤ ਰੂਪ ਹੈਂ।

ਰਾਣੀ ਮਦਾਲਸਾ ਦੇ ਚਾਰੇ ਬੱਚੇ ਬ੍ਰਹਮਗਿਆਨੀ ਹੋਏ।

ਤਾਂ, ਗੁਰੂ ਦੀ ਸਿੱਖਿਆ ਪ੍ਰਾਪਤ ਮਾਂ, ਪੁੱਤ ਤਾਂਈ ਵੀਚਾਰ ਤਰੰਗਾਂ ਭੇਜਦੀ ਹੈ—

ਇਕ ਨਿਮਖ ਲਈ-ਤੈਨੂੰ ਹਰੀ ਨ ਭੁੱਲੇ,
ਇਕ ਨਿਮਖ ਲਈ ਤੈਨੂੰ ਦੁਖ ਨਾ ਹੋਵੇ।
ਪਵਿੱਤਰ ਗੁਰਬਾਣੀ ਦੀਆਂ ਇਹਨਾਂ ਤੁਕਾਂ ਵਿਚ,
ਪ੍ਰਕ੍ਰਿਤੀ ਦਾ ਬਹੁਤ ਗਹਿਰਾ ਰਾਜ਼ ਖੋਲ੍ਹ ਦਿੱਤਾ ਹੈ।

ਮਾਂਝ ਰਾਗ ਵਿਚ, ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥"

ਜੀਵਨ ਦੀਆਂ ਜ਼ਰੂਰਤਾਂ ਨੂੰ, ਭੋਗ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ, ਕਈ ਤਰ੍ਹਾਂ ਦੇ ਨੈਤਿਕ ਜਾਂ ਅਨੈਤਿਕ ਕਰਮ ਹੋ ਜਾਂਦੇ ਹਨ। ਭੋਗ ਕੀਤੇ ਤਾਂ ਰੋਗ ਹੋ ਗਿਆ। ਰੋਗ ਲਗਾ ਤਾਂ ਸੋਕ ਕਰਨ ਲੱਗੇ। ਭੋਗ-ਰੋਗ-ਸ਼ੋਕ, ਇਹ ਇਕੋ ਪੰਗਤ ਵਿਚ ਸਦਾ ਰਹਿੰਦੇ ਹਨ। ਅਸੀਂ ਹੋਰ ਤਾਂ ਕੁਝ ਨਹੀਂ ਕਰ ਸਕਦੇ, ਪ੍ਰਕ੍ਰਿਤੀ ਦਾ ਵਿਧਾਨ ਰੋਕ ਲੈਣਾ ਸਾਡੇ ਹੱਥ ਵਿਚ ਨਹੀਂ। ਇਕੋ ਸਿੱਖਿਆ, ਸਤਿਗੁਰ ਦੀ ਸਮਝ ਲਈਏ—

"ਪਰਮੇਸ਼ਰ ਭੁੱਲ ਜਾਏ, ਗੁਰੂ ਭੁੱਲ ਜਾਏ, ਤਾਂ ਸਾਰੇ ਰੋਗ ਲਗ ਜਾਂਦੇ ਹਨ।

ਇਸ ਰਾਜ਼ ਨੂੰ ਸਮਝ ਲਈਏ।

ਦੁਨੀਆਂ ਦੇ ਮਸ਼ਹੂਰ ਮਨੋਵਿਗਿਆਨੀ "ਸਿਗਮੰਡ ਫਰਾਇਡ" ਨੇ ਸੰਨ 1903 ਵਿਚ, ਲੰਦਨ ਦੀ ਪ੍ਰਯੋਗਸ਼ਾਲਾ ਵਿਚ, ਕਈ ਹੋਰ ਮਨੋਵਿਗਿਆਨਕ ਮਾਹਿਰਾਂ ਦੀ ਮੌਜੂਦਗੀ ਵਿੱਚ, ਧਰਮ ਦਾ ਪ੍ਰਭਾਵ ਵੇਖਣ ਜਾਂਚਣ ਲਈ, ਇਕ ਪ੍ਰਯੋਗ ਕੀਤਾ।

ਧਰਮ ਪ੍ਰਤੀ ਸ਼ਰਧਾ-ਭਰੋਸਾ ਰੱਖਣ ਵਾਲੇ ਦਸ ਵਿਅਕਤੀਆਂ ਦਾ ਇਕ ਗਰੁੱਪ ਅਤੇ ਤਥਾ ਕਥਿਤ ਨਾਸਤਿਕਾਂ ਦਸ ਵਿਅਕਤੀਆਂ ਦਾ ਇਕ ਗਰੁੱਪ, ਕੁਲ ਦੋ ਗਰੁੱਪ

ਬਣਾਏ। ਉਹਨਾਂ ਨੂੰ, ਇਕੋ ਤਰ੍ਹਾਂ ਦਾ ਖਾਣਾ-ਪਾਣੀ ਦਿੱਤਾ ਗਿਆ। ਧਰਮ ਪ੍ਰਤੀ ਸ਼ਰਧਾ ਰੱਖਣ ਵਾਲੇ, ਭੋਜਨ ਤੋਂ ਪਹਿਲਾਂ, ਪ੍ਰਾਰਥਨਾ ਕਰਦੇ, ਆਪਣੇ ਇਸ਼ਟ ਤੋਂ ਲੰਗਰ ਛੱਕਣ ਦੀ ਆਗਿਆ ਲੈਂਦੇ, ਭੋਗ ਲਵਾਉਂਦੇ ਅਤੇ ਫਿਰ ਛੱਕਦੇ। ਦੂਜਾ ਵਰਗ ਧਰਮ ਪ੍ਰਤੀ ਬੇਸ਼ਰਧਕ ਗਰੁੱਪ ਕੁਝ ਨਾ ਕਰਦੇ। ਸੁੱਚਿਆਂ ਹੋਣਾ, ਹੱਥ ਪੈਰ ਧੋਣਾ ਭੀ ਬਕਵਾਸ ਫਿਜ਼ੂਲ ਦੀਆਂ ਗੱਲਾਂ ਸਮਝਦੇ... ਬਸ ਖਾਣਾ ਖਾ ਲੈਂਦੇ। ਦੱਸ ਦਿਨਾਂ ਬਾਦ ਮੇਡੀਕਲ ਟੇਸਟ ਹੋਏ। ਧਾਰਮਿਕ ਵਰਗ ਦੇ ਸਾਰੇ ਸਵਸਥ ਅਤੇ ਨਿਰੋਗ ਰਹੇ, ਜਦਕਿ ਦੂਜੇ ਵਰਗ ਦੇ ਦੱਸ ਚੋਂ ਅੱਠ ਦੇ ਖ਼ੂਨ ਸੰਕ੍ਰਮਿਤ ਪਾਏ ਗਏ। ਚਿੰਤਾ, ਤਨਾਅ ਗ੍ਰਸਤ ਪਾਏ ਗਏ। ਇਸ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਨਿਸ਼ਕਰਸ਼ ਇਹ ਨਿਕਲਿਆ ਕਿ, ਧਰਮ ਪ੍ਰੇਮੀ, ਸਪੇਸ ਵਿੱਚ, ਬ੍ਰਹਮਾਂਡ ਵਿਚ ਵਿਆਪਤ ਪਰਮ ਚੇਤਨ, ਪਰਮੇਸ਼ਰ ਦਾ ਆਹਵਾਹਨ ਕਰਦੇ, ਭੋਜਨ ਨੂੰ ਉਸ ਚੇਤਨਾ ਰਾਹੀਂ ਸ਼ੁੱਧ ਕਰਦੇ, ਪਵਿੱਤਰ ਕਰਦੇ, ਭੋਗ ਲਵਾਉਂਦੇ ਔਰ ਫਿਰ ਛਕਦੇ। ਸਪੇਸ ਵਿੱਚ ਪਸਰੀ ਹੋਈ ਊਰਜਾ ਸ਼ਕਤੀ ਦੇ ਪ੍ਰਯੋਗ ਦਾ ਨਮੂਨਾ ਹੈ ਉਹ ਘਟਨਾ।

ਹਰੀ ਹਰ ਵੇਲੇ ਚਿੱਤ ਵਿਚ ਰਹੇ... ਇਕ ਖਿਨ ਲਈ ਪਰਮੇਸ਼ਰ ਨਾ ਵਿਸਰੇ, ਇਹੋ ਆਸੀਸ ਹੈ। ਸੁਖੀ ਰਹਿਣ ਦਾ ਰਾਜ਼ ਖੁੱਲਿਆ। ਪਰਮੇਸ਼ਰ ਯਾਦ ਹੈ ਤਾਂ ਨਿਰੋਗ ਹੈ, "ਪਰਮੇਸਰ ਤੇ ਭੁੱਲਿਆਂ ਵਿਆਪਨਿ ਸਭੇ ਰੋਗ॥"

ਗੁਰੂ ਵਿਸਰ ਗਿਆ, ਰੱਬ ਵਿਸਰ ਗਿਆ ਤਾਂ ਜਗ ਦੀਆਂ ਸਾਰੀਆਂ ਬਲਾਵਾਂ ਗੱਲ ਪੈ ਗਈਆਂ।

ਸਤਿਗੁਰ ਸਾਪੇਖਤਾ ਦਿੰਦਾ ਹੈ, ਪੋਜ਼ਟੀਵਿਟੀ ਦਿੰਦਾ ਹੈ। ਨਕਾਰਾਤਮਕਤਾ, ਨਿਰਾਸ਼ਾ ਹੈ, ਰੋਗ ਹੈ, ਦੁਖ ਹੈ, ਚਿੰਤਾ ਹੈ। ਸਕਾਰਾਤਮਕਤਾ ਹੈ ਤਾਂ ਸਿਦਕ ਹੈ, ਸਬਰ ਹੈ, ਹੌਂਸਲਾ ਹੈ, ਸਹਿਣ ਦੀ ਸ਼ਕਤੀ ਹੈ। 17ਵੀਂ ਸਦੀ ਵਿੱਚ ਨੌਂਵੇਂ ਪਾਤਸ਼ਾਹ ਵੇਲੇ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ, ਅਸਹਿ, ਅਕਥ ਤਸੀਹੇ ਝੱਲਦਿਆਂ ਸ਼ਹਾਦਤਾਂ ਪਾਈਆਂ। ਸਰੀਰ ਵਿਗਿਆਨ ਦੇ ਮਾਹਿਰ, ਅਜ ਭੀ ਇਸ ਨੂੰ "ਅਤਿਮਾਨਵ ਸ਼ਕਤੀ" ਦਾ ਨਮੂਨਾ ਹੀ ਕਹਿੰਦੇ ਹਨ। ਸਿਰ ਤੇ ਆਰਾ ਚਲਦਾ ਹੋਵੇ, ਸਿਰ ਤੋਂ ਲੈ ਕੇ ਸਾਰਾ ਜਿਸਮ ਦੋ ਫਾੜ ਹੁੰਦਾ ਜਾ ਰਿਹਾ ਹੋਵੇ ਔਰ ਗੁਰੂ ਦਾ ਸਿੱਖ, ਜਪੁਜੀ ਦਾ ਪਾਠ ਕਰਦਾ ਰਹੇ... ਇਕ ਵਾਰ "ਹਾਇ" ਭੀ ਨਾ ਨਿਕਲੇ... ਇਹ ਮਨੁੱਖ ਜਗਤ ਤੋਂ ਪਰ੍ਹੇ ਦੀ ਕੋਈ ਸ਼ਕਤੀ ਸੀ।

ਤਾਂ ਇਕ "ਦਿੱਵ ਮਾਤਾ", ਆਪਣੇ ਬੱਚੇ ਨੂੰ, ਉਸ ਅਸੀਮ ਸ਼ਕਤੀ ਨਾਲ ਜੁੜਨ ਦਾ ਅਸ਼ੀਰਵਾਦ ਦਿੰਦੀ ਹੈ—"ਪੂਤਾ ਮਾਤਾ ਕੀ ਆਸੀਸ॥"

17
ਸਭ ਮਹਿ ਰਵਿ ਰਹਿਆ ਪ੍ਰਭ ਏਕੈ...

੬ਵੀਂ ਸ਼ਤਾਬਦੀ ਦਾ ਸਮਾਂ ਸੀ। ਕੱਨੜ ਰਾਜਾ "ਮਹਿੰਦ੍ਰ ਵਿਕਮ ਵਰਮਨ" ਪੁਰੋਹਿਤਵਾਦ ਦੇ ਅਧਾਰ ਤੇ ਰਾਜ-ਕਾਜ ਚਲਾ ਰਿਹਾ ਸੀ। ਜੀਵ ਪਾਪੀ ਹੈ ਅਤੇ ਪ੍ਰਮੇਸ਼ਰ ਉਤੇ ਅਸਮਾਨ (ਸਵਰਗ) ਤੇ ਬੈਠਾ ਸ੍ਰਿਸ਼ਟੀ ਦਾ ਸੰਚਾਲਨ ਕਰਦਾ ਹੈ। ਬ੍ਰਾਹਮਣ ਪਰਮੇਸ਼ਰ ਦਾ ਪ੍ਰਤੀਨਿਧੀ ਹੈ। ਬ੍ਰਾਹਮਣ ਦਾ ਨਿਰਧਾਰਿਤ ਕਰਮ-ਕਾਂਡ ਹੀ ਪਾਪਾਂ ਤੋਂ ਛੁਟਕਾਰੇ ਦਾ ਇਕ-ਮਾਤਰ ਸਾਧਨ ਹੈ। ਬ੍ਰਾਹਮਣ-ਨਿੰਦਾ, ਈਸ਼ਵਰ-ਨਿੰਦਾ ਜਿਹਾ ਅਪਰਾਧ ਘੋਸ਼ਿਤ ਸੀ। ਇਹੀ ਕਾਰਣ ਸੀ ਕਿ ਇਖ਼ਲਾਕ ਔਰ ਚਰਿੱਤਰ ਤੋਂ ਪਤਿਤ ਹੋ ਚੁਕੇ ਬ੍ਰਾਹਮਣਾਂ ਦੇ ਖ਼ਿਲਾਫ਼, ਆਵਾਜ਼ ਚੁਕਣ ਦੀ ਹਿੰਮਤ ਕੋਈ ਨਹੀਂ ਸੀ ਕਰਦਾ।

ਅਚਾਨਕ ਇਕ ਮਾਨਵਤਾਵਾਦੀ ਸੰਤ 'ਅਪਰ ਸੁਆਮੀ' ਉਸ ਰਾਜ ਵਿਚ ਆਇਆ। 'ਜੀਵ-ਬ੍ਰਹਮ ਦੁਈ ਏਕ ਸਮਾਨਾ' ਦੇ ਬੋਲ ਮਧੁਰ ਗੀਤ ਬਣ, ਮੈਸੂਰ ਦੀਆਂ ਗਲੀਆਂ ਵਿਚ ਗੂੰਜਣ ਲਗ ਪਏ। ਇਨਸਾਨ ਦਾ ਹਿਰਦਾ ਹੀ ਭਗਵਾਨ ਦਾ ਮੰਦਰ ਹੈ" ਦਾ ਹੋਕਾ ਦੇਣ ਵਾਲਾ ਇਹ ਮਸਤ ਫੱਕਰ ਜਿਥੇ ਜਾਂਦਾ, ਲੋਕਾਂ ਦਾ ਹਜੂਮ ਪਿਛੇ ਲਗ ਜਾਂਦਾ। ਗ਼ਜ਼ਬ ਦਾ ਸੰਮੋਹਨ ਸੀ, ਇਸ ਅਲਮਸਤ ਸੁਆਮੀ ਦੀ ਆਵਾਜ਼ ਵਿਚ। ਪੁਰੋਹਿਤ ਸਤੱਰਕ ਹੋ ਗਏ। ਪੁਰੋਹਿਤਵਾਦੀ ਸੱਤਾ ਡੋਲਦੀ ਨਜ਼ਰ ਆਈ। ਯਾਦ ਰਹੇ "ਸੱਤਾ ਸਦਾ ਅਸੱਤਯ ਦੇ ਸਿੰਘਾਸਨ ਤੇ ਬਿਰਾਜਮਾਨ ਹੁੰਦੀ ਹੈ।" ਸਤ ਅਤੇ ਸੱਤਾ ਦਾ ਵੈਰ ਹੈ, ਇਹੀ ਕਾਰਨ ਹੈ ਸਤ ਦਾ ਹਮਾਇਤੀ, ਸੱਤਾ ਦਾ ਵਿਰੋਧੀ ਕਰਾਰ ਦਿੱਤਾ ਜਾਂਦਾ ਰਿਹਾ ਹੈ। ਇਸੇ ਕਰਕੇ "ਸਤ" ਦੇ ਪਰਵਾਨਿਆਂ ਨੂੰ ਬਹੁਤੀ ਵਾਰ ਸੂਲੀ ਤੇ ਚੜ੍ਹਨਾ ਪਿਆ ਹੈ। ਜੀਸਸ ਹੋਵੇ ਜਾਂ ਮਨਸੂਰ, ਸੁਕਰਾਤ ਹੋਵੇ ਜਾਂ ਸਰਮੱਦ, ਗੁਰੂ ਅਰਜਨ ਦੇਵ ਹੋਵੇ ਜਾਂ ਗੁਰੂ ਤੇਗ਼ ਬਹਾਦਰ, ਰੱਬ ਦੇ ਪਿਆਰਿਆਂ ਦਾ ਕਤਲ ਸਦਾ (ਧਾਰਮਿਕ ਜਾਂ ਸਿਆਸੀ) ਸੱਤਾ ਦੀ ਸਾਜ਼ਿਸ਼ ਦਾ ਹਿੱਸਾ ਰਿਹਾ ਹੈ।

ਅਪਰ ਸੁਆਮੀ ਦੇ ਮੂੰਹੋਂ ਗੀਤ ਬਣ ਕੇ ਉਠਿਆ 'ਸਤ ਦਾ ਹੋਕਾ' ਪੁਰੋਹਿਤਵਾਦ ਲਈ ਬਵੰਡਰ ਬਣ ਗਿਆ। ਰਾਜੇ ਦੇ ਕੱਚੇ ਕੰਨ ਵਿਚ, ਧਰਮ ਦੀ ਦੁਹਾਈ ਦੇ ਕੇ ਅਪਰ ਸੁਆਮੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹੱਥ, ਪੈਰ ਬੰਨ ਕੇ ਅਰਬ ਸਾਗਰ ਵਿਚ ਡੁਬੋ ਦਿੱਤਾ ਗਿਆ—ਪਰ ਸਤ ਕਦੀ ਮਰਦਾ ਨਹੀਂ। ਕਹਿੰਦੇ ਹਨ, ਤਿੰਨ ਦਿਨ ਬਾਦ 'ਵੇਈਂ ਨਦੀ' ਤੋਂ ਬਾਹਰ ਆਏ ਗੁਰੂ ਨਾਨਕ ਵਾਂਗ, ਅਪਰ ਸੁਆਮੀ ਵੀ ਸਾਗਰ ਦੇ ਕਿਨਾਰੇ ਆ ਲੱਗਾ। ਮਨੁੱਖ ਮਾਤਰ ਦੇ ਪਿਆਰ ਵਿਚ ਭਿੱਜੇ, ਇਸ ਸੰਤ ਦੇ ਗੀਤ, ਇਕ ਵਾਰ ਫਿਰ ਗਲੀਆਂ ਬਾਜ਼ਾਰਾਂ ਵਿਚ ਆਕਰਸ਼ਣ ਦਾ ਕੇਂਦਰ ਬਣਨ ਲਗ ਪਏ। ਕਹਿੰਦੇ ਹਨ ਜਿਥੋਂ ਤਕ ਇਸ 'ਫੱਕਰ' ਦੀ ਆਵਾਜ਼ ਜਾਂਦੀ, ਪਸ਼ੂ ਪੰਖੀ ਦੀਵਾਨੇ ਹੋ ਜਾਂਦੇ, ਪੈਲਾਂ

ਪਾ ਰਹੇ ਮੋਰਾਂ ਦੇ ਪੈਰ ਰੁਕ ਜਾਂਦੇ। ਘਰ ਗ੍ਰਿਹਿਸਥੀ ਵਿਚ ਲੱਗੇ ਔਰਤ ਮਰਦ ਪਿੱਛੇ ਤੁਰ ਪੈਂਦੇ। ਅਪਰ ਸੁਆਮੀ ਦੇ ਪਿਆਰ ਭਰੇ ਗੀਤਾਂ ਨੇ ਹੈਰਾਨੀ ਵਿਚ ਡੁੱਬੇ 'ਰਾਜਾ' ਦਾ ਹਿਰਦਾ ਪਰਿਵਰਤਤ ਕਰ ਦਿੱਤਾ। ਪੁਰੋਹਿਤ ਗ੍ਰਿਫਤਾਰ ਕਰ ਲਏ ਗਏ। ਕੱਲ ਤੱਕ ਦੇ ਰਾਜ ਪੁਰੋਹਿਤ, ਅਨੇਕਾਂ ਸੰਤਾਂ ਅਤੇ ਸੂਫ਼ੀ ਫ਼ਕੀਰਾਂ ਦੇ 'ਹਤਿਆਰੇ' ਅੱਜ ਸਿਰ ਥੱਲੇ ਸੁਟ ਸਜ਼ਾਏ-ਮੌਤ ਦਾ ਇੰਤਜ਼ਾਰ ਕਰ ਰਹੇ ਸਨ।

ਰਾਜੇ ਦਾ ਉੱਚਾ ਸੁਰ ਗੂੰਜਿਆ—"ਕਣ-ਕਣ ਵਿਚ ਵਿਆਪਤ ਭਗਵਾਨ ਨੂੰ, ਤੁਸਾਂ ਕਲਪਨਾ ਦੇ ਸਵਰਗ ਵਿਚ ਸੀਮਤ ਕਰ ਦਿੱਤਾ। ਪ੍ਰਾਣੀ ਵਿਚ ਵਸੇ ਹੋਇ ਕਿੰਨੇ 'ਰਾਮ।' ਸਾਡੇ ਹੱਥੋਂ, ਤੁਹਾਡੀ ਸਵਾਰਥੀ ਅਤੇ ਸੰਕੀਰਣ ਸੋਚ ਅਤੇ ਪੁਰੋਹਿਤਵਾਦ ਦੀ ਬਲੀ ਚੜ੍ਹ ਗਏ। ਤੁਹਾਡੀ ਸਜ਼ਾ ਤਾਂ ਮੌਤ ਤੋਂ ਵੀ ਭੈੜੀ ਹੋਣੀ ਚਾਹੀਦੀ ਏ... ਪਰ "ਸੁਆਮੀ ਜੀ, ਤੁਹਾਡੀ ਸਜ਼ਾ ਨਿਰਧਾਰਿਤ ਕਰਨਗੇ।"

ਖਚਾਖਚ ਭਰੀ ਕਚਹਿਰੀ ਵਿਚ ਮੌਨ ਛਾ ਗਿਆ। ਸਭ ਦੀਆਂ ਨਜ਼ਰਾਂ 'ਸੁਆਮੀ' ਦੇ ਨਿਰਵਿਕਾਰ ਚੇਹਰੇ ਤੇ ਟਿਕ ਗਈਆਂ। ਈਰਖਾ ਅਤੇ ਵੈਮਨਸਯ ਤੋਂ ਉੱਪਰ ਉੱਠ ਚੁੱਕੇ ਸੰਤ ਨੇ, ਇਕ ਵਾਰ ਸਾਰੀ ਸਭਾ ਵਲ ਸ਼ਾਂਤ ਭਾਵ ਨਾਲ ਦੇਖਿਆ ਅਤੇ ਕਿਹਾ- ਹੇ ਰਾਜਨ! ਜੇ ਭਗਵਾਨ ਹਰ ਜੀਅ ਵਿਚ ਹੈ ਤਾਂ ਅਗਿਆਨਤਾ ਵੱਸ ਭਟਕੇ, ਇਨ੍ਹਾਂ ਬ੍ਰਾਹਮਣਾਂ ਵਿਚ ਵੀ ਹੈ... ਇਨ੍ਹਾਂ ਸਾਰਿਆਂ ਨੂੰ ਰਿਹਾ ਕਰ ਦਿੱਤਾ ਜਾਇ।"

ਪੰਜਵੇਂ ਪਾਤਸ਼ਾਹ ਦਾ ਧਾਰਮਿਕ ਦ੍ਰਿਸ਼ਟੀਕੋਣ ਹੋਰ ਭੀ ਸਪੱਸ਼ਟ ਹੈ। ਹਰ ਤਰ੍ਹਾਂ ਦੀ ਤਾਤ ਪਰਾਈ ਬੇਗਾਨੇਪਨ ਦੀ "ਦੂਈ' ਤੋਂ ਉੱਪਰ, ਗੁਰੂ ਅਰਜਨ ਦੇਵ ਦੀ ਸਥਿਤੀ "ਸਗਲ ਸੰਗਿ ਹਮ ਕਉ ਬਨਿ ਆਈ" ਵਾਲੀ ਹੈ। ਭਗਤੀ ਦਾ ਸਰਵਉਚ ਸਥਾਨ, ਜਿਥੇ ਪਹੁੰਚ ਪੰਜਵੇਂ ਪਾਤਸ਼ਾਹ 'ਇਕ ਔਂਕਾਰ' ਦੀ ਵਿਆਪਕਤਾ ਨੂੰ ਵੇਖ ਬਿਗਸ ਉਠਦੇ ਹਨ, ਆਹਲਾਦਿਤ ਹੋ ਉਠਦੇ ਹਨ—

ਸਭ ਮਹਿ ਰਵਿ ਰਹਿਆ ਪ੍ਰਭ ਏਕੈ
ਪੇਖਿ ਪੇਖਿ ਨਾਨਕ ਬਿਗਸਾਈ॥

ਦਸਮ ਪਾਤਸ਼ਾਹ ਨੇ ਕ੍ਰਾਂਤੀ ਦਿੱਤੀ ਭਗਤੀ ਮਾਰਗ ਨੂੰ। ਦਵੈਤ-ਅਦਵੈਤ, ਸ਼ੈਵ-ਵੈਸ਼ਨਵ, ਸਵਰਨ, ਸ਼ੂਦਰ ਅਤੇ ਹਿੰਦੂ ਮੁਸਲਮਾਨ ਆਦਿ ਭਿੰਨ-ਭਿੰਨ ਮਤਾਵਲੰਬੀਆਂ ਦੀ ਵਿਰੋਧਤਾ, ਇਹ ਕਹਿ ਕੇ ਖਤਮ ਕਰਨ ਦਾ ਨਵਾਂ ਰਾਹ ਦਰਸਾਇਆ—

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥

ਸਿੱਖ ਗੁਰੂ ਪਰੰਪਰਾ ਨੇ ਮਾਨਵਤਾਵਾਦੀ ਦ੍ਰਿਸ਼ਟੀਕੋਣ ਨੂੰ ਇਕ ਪੁਖਤਾ ਮਾਰਗ ਪ੍ਰਦਾਨ ਕੀਤਾ। ਗੁਰੂ ਨਾਨਕ ਦਾ "ਧਰਮ ਦਰਸ਼ਨ" ਕਿਸੇ ਕਰਮ ਕਾਂਡ ਦਾ ਨਿਰਵਾਹ ਨਹੀਂ, ਜੀਵਨ ਪਰਿਵਰਤਨ ਦੀ ਵਿਧੀ ਹੈ। ਗੁਰੂਆਂ ਦਾ ਆਦਰਸ਼ ਕਿਸੇ ਪਰੰਪਰਾ ਦਾ ਢੋਂਗ ਨਹੀਂ, ਜੀਵ ਮਾਤਰ ਹਿਤ ਤਿਆਗ ਦੀ ਪਰਾਕਾਸ਼ਠਾ ਹੈ। ਸਵਾਰਥ ਦੀ ਸੰਕੀਰਣਤਾ

ਤੋਂ ਉੱਪਰ ਉੱਠ ਕੇ ਹੀ ਕੋਈ ਪੰਥ ਧਰਮ ਦੇ ਅਕਾਸ਼ ਤੇ ਗਿਆਨ ਮਾਰਤੰਡ ਬਣ ਪ੍ਰਕਾਸ਼ਿਤ ਹੁੰਦਾ ਹੈ ਅਤੇ ਇਸ ਦੇ ਕਿਰਣ ਪ੍ਰਕਾਸ਼ ਵਿਚ ਜਗ ਆਪਣਾ "ਕਰਤੱਵ-ਪਥ" ਢੂੰਡਦਾ ਹੈ।

ਗੁਰੂ ਨਾਨਕ ਵਿਸ਼ਵ-ਭ੍ਰਮਣ ਤੇ ਸੀ। ਕਾਜ਼ੀਆਂ ਨੇ ਗੁਰੂ ਨਾਨਕ ਨੂੰ ਪ੍ਰਸ਼ਨ ਕੀਤਾ— "ਹਿੰਦੂ ਵੱਡਾ ਕਿ ਮੁਸਲਮਾਨੋਈ।"

ਸ਼ੁਭ ਕਰਮਾਂ, ਚਰਿੱਤਰ ਅਤੇ ਇਖਲਾਕ ਦੇ ਪ੍ਰਬਲ ਸਮਰਥਕ, ਗੁਰੂ ਨਾਨਕ ਨੇ ਜਵਾਬ ਦਿੱਤਾ—"ਸੁਭਿ ਅਮਲਾ ਬਾਝਹੁ ਦੋਨੋ ਰੋਈ॥"

ਵਿਅਕਤੀਗਤ ਈਰਖਾ ਜੇਕਰ ਜ਼ਹਿਰ ਹੈ, ਤਾਂ ਸੰਪ੍ਰਦਾਇਕ ਕੱਟੜਤਾ ਜ਼ਹਿਰੀਲਾ ਸਾਗਰ, ਜਿਸ ਵਿਚ ਇਕ ਵਾਰ ਗੋਤਾ ਲਾਉਣ ਤੋਂ ਬਾਦ ਕੋਈ ਬਾਹਰ ਨਹੀਂ ਆਇਆ।

ਇਤਿਹਾਸ ਗਵਾਹ ਹੈ, ਸੰਪ੍ਰਦਾਇਕਤਾ ਦੇ ਇਕ ਦਿਨ ਨੇ ਮਾਨਵਤਾ ਦਾ ਜਿਤਨਾ ਨੁਕਸਾਨ ਕੀਤਾ ਹੈ, ਉਤਨਾ ਸ਼ਾਇਦ ਵਿਅਕਤੀਗਤ ਹਿੰਸਾ ਦੇ ਹਜ਼ਾਰ ਦਿਨ ਭੀ ਨਾ ਕਰ ਸਕਦੇ। ਸੰਪ੍ਰਦਾਇਕ ਹਿੰਸਾ (ਦੰਗਿਆਂ) ਦੀਆਂ ਕਾਲੀਆਂ ਰਾਤਾਂ ਗਵਾਹ ਹਨ, ਮਾਨਵਤਾ ਸਿਸਕ-ਸਿਸਕ ਕੇ ਦਮ ਤੋੜਦੀ ਰਹੀ ਹੈ, ਇਸ "ਦਾਨਾਸੁਰ" ਦੇ ਅੱਗੇ।

6 ਦਸੰਬਰ 1992! ਆਯੋਧਿਆ ਦੀ ਵਿਵਾਦਗ੍ਰਸਤ ਮਸਜਿਦ, ਕੁਝ ਉਨਮਾਦੀਆਂ ਨੇ ਤੋੜ ਦਿਤੀ। ਇਸ ਦੀ ਪ੍ਰਤੀਕ੍ਰਿਆ ਵਜੋਂ ਉੱਠੇ ਸੰਪ੍ਰਦਾਇਕ ਬਵੰਡਰ ਨੇ ਬੰਬਈ, ਬੜੌਦਾ, ਅਹਿਮਦਾਬਾਦ, ਲਖਨਊ, ਕਾਨਪੁਰ, ਮੇਰਠ, ਸਹਾਰਨਪੁਰ ਅਤੇ ਬਨਾਰਸ ਜਿਹੇ ਅਨੇਕਾਂ ਸ਼ਹਿਰਾਂ ਵਿਚ "ਧਰਮ" ਦੇ ਨਾਂ ਤੇ ਅਨੇਕਾਂ ਰਾਮ ਔਰ ਰਹੀਮ ਦੇ ਚਲਦੇ ਫਿਰਦੇ ਮੰਦਰ ਅਤੇ ਮਸਜਿਦ ਪਟਰੋਲ ਪਾ ਕੇ ਜੀਂਵਦੇ ਸਾੜ ਦਿਤੇ ਗਏ। ਪਤਾ ਨਹੀਂ ਕਿਤਨੇ ਬੱਚੇ ਅਨਾਥ ਹੋ ਗਏ, ਕਿਤਨੀ ਮਾਤਾਵਾਂ ਦੀ ਗੋਦ ਸੁਨੀ ਹੋ ਗਈ, ਕਿਤਨੀਆਂ ਸੁਹਾਗਣਾਂ ਦੇ ਮੱਥੇ ਤੋਂ ਸਿੰਦੂਰ ਪੂੰਝ ਦਿਤਾ ਗਿਆ। ਦੰਗਿਆਂ ਤੋਂ ਬਾਦ ਹੋਈ ਆਰਥਿਕ ਤੰਗੀ ਨੇ ਪਤਾ ਨਹੀਂ ਕਿਤਨੀਆਂ "ਅਵਯਸਕ ਕਲੀਆਂ ਨੂੰ "ਦੇਹ ਵਿਓਪਾਰ" ਦੀ ਅੱਗ ਵਿਚ ਝੌਂਕ ਦਿੱਤਾ। ਅਯੁਧਿਆ ਕਾਂਡ ਦੀ ਘਟਨਾ ਦੇ ਓਹਲੇ ਮੇਵਾਤ, ਜੰਮੂ-ਕਸ਼ਮੀਰ ਦੇ ਮੁਸਲਿਮ ਬਹੁਤ ਇਲਾਕਿਆਂ ਅਤੇ ਪਾਕਿਸਤਾਨ ਦੇ ਘਟੋ ਘਟ ਪੰਜ ਹਜ਼ਾਰ ਛੋਟੇ-ਵਡੇ ਮੰਦਰਾਂ ਦਾ ਨਾਮੋ-ਨਿਸ਼ਾਂ ਮਿਟਾ ਦਿਤਾ ਗਿਆ। ਬੰਗਲਾ ਦੇਸ਼ ਦੇ ਢਾਕਾ, ਖੁਲਨਾ, ਨਦੀਆ ਅਤੇ ਚਟਗਾਂਵ ਜਿਹੇ ਅਨੇਕਾਂ ਸ਼ਹਿਰਾਂ ਦੀਆਂ ਸੜਕਾਂ ਤੇ ਭਰੀ ਦੁਪਹਿਰ ਨੂੰ ਜਿਵੇਂ ਰਾਤ ਦਾ ਸਿਆਹ ਅੰਧੇਰਾ ਸਿਮਟ ਆਇਆ। ਹਿੰਦੂਆਂ ਦੇ ਦਰਵਾਜ਼ੇ ਤੋੜ ਤੋੜ ਕੇ ਹਜ਼ਾਰਾਂ ਮਰਦ-ਔਰਤ, ਬੱਚੇ ਬੱਚੀਆਂ ਦੇ ਕਤਲ ਨਾਲ ਹਜ਼ਾਰਾਂ ਅੱਤਤਾਈਆਂ ਆਪਣੇ "ਧਰਮੀ" ਹੋਣ ਦਾ ਸਬੂਤ ਦਿੱਤਾ। ਔਰ ਅਗਰ ਇਸ ਭਿਆਨਕ ਦ੍ਰਿਸ਼ ਨੂੰ ਵੇਖ, ਕਿਸੇ "ਤਸਲੀਮਾ ਨਸਰੀਨ" ਦਾ ਹਿਰਦਾ ਰੋਇਆ ਅਤੇ ਉਸ ਦੇ ਹੰਝੂ 'ਲੱਜਾ' (ਨਾਵਲ) ਬਣ ਸੰਸਾਰ ਦੇ ਸਾਮ੍ਹਣੇ ਪ੍ਰਗਟ ਹੋ ਗਏ, ਧਰਮ ਦੀ ਸੱਤਾ ਤੇ ਬੈਠੇ ਮੌਲਾਨਿਆਂ ਦੀ ਜਮਾਤ ਨੇ ਕਾਫ਼ਰਾਂ (ਹਿੰਦੂਆਂ) ਦੀ ਹਿਮਾਇਤ ਕਰਨ ਦਾ ਫਤਵਾ ਲਾ ਕੇ, ਇਨਸਾਨੀ ਦਰਦ ਦੀ ਸਾਂਝੀਦਾਰ ਲੇਖਿਕਾ ਤਸਲੀਮਾ ਨੂੰ ਸਜ਼ਾਏ-ਮੌਤ ਸੁਣਾਈ ਅਤੇ ਇਸ ਸਜ਼ਾ ਨੂੰ ਅੰਜਾਮ ਦੇਣ ਲਈ, ਉਸ "ਬਹਾਦਰ ਨੂੰ ਪੰਜ ਲੱਖ ਟਕਾ (ਰੁਪਏ)

ਇਨਾਮ ਦੇਣ ਦੀ ਘੋਸ਼ਣਾ ਕੀਤੀ, ਜੋ ਤਸਲੀਮਾ ਦਾ ਸਿਰ ਲਾਹ, ਇਸਲਾਮ ਦਾ ਸਿਰ ਉੱਚਾ ਕਰੇ।

ਧਾਰਮਿਕ ਉਨਮਾਦ ਦੇ ਇਸ ਕ੍ਰੇਟਰ (ਜਵਾਲਾਮੁਖੀ ਦਾ ਮੂੰਹ) ਤੋਂ ਪਰ੍ਹੇ, ਸਿੱਖ ਗੁਰੂਆਂ ਨੇ ਦਿਤਾ, ਸਾਂਝੀਵਾਲਤਾ ਦਾ ਸੀਤਲ ਸੋਮਾ, ਜਿਸ ਵਿਚ ਹਰ ਮਜ਼ਹਬ ਵਾਸਤੇ ਆਦਰ ਦਾ ਦ੍ਰਿਸ਼ਟੀਕੋਣ ਹੈ ਅਤੇ ਹਰ ਧਰਮ ਲਈ ਸਮਾਨਤਾ ਦਾ ਭਾਵ ਸੀ। ਦਸਮ ਪਾਤਸ਼ਾਹ ਸਤ ਸਰੂਪ ਹਨ ਅਤੇ ਭਾਈ ਕਨ੍ਹਈਆ ਸਤ ਦਾ ਪੁਜਾਰੀ। ਮੁਗਲ ਰਾਜ ਦੇ ਅਨ੍ਹਿਆਂ ਅਤੇ ਮਜ਼ਲੂਮਾਂ ਤੇ ਹੋ ਰਹੇ ਅਤਿਆਚਾਰ ਦੇ ਖਿਲਾਫ ਜੰਗ ਚਲ ਰਹੀ ਸੀ। ਇਸ ਪਾਸੇ ਲੱਖ ਤੋਂ ਉੱਪਰ ਮੁਗ਼ਲ ਫ਼ੌਜ ਅਤੇ ਦੂਜੇ ਪਾਸੇ ਗਿਣਤੀ ਦੇ ਸਿੱਖ। ਦਸਮ ਪਾਤਸ਼ਾਹ ਦੇ ਜੈਕਾਰੇ ਹੇਠ ਪੁਰਜ਼ਾ-ਪੁਰਜ਼ਾ ਕਟਵਾਉਣ ਨੂੰ ਵਿਆਕੁਲ ਇਕ-ਇਕ ਬਹਾਦਰ ਸਿੰਘ ਭੀ ਲੱਖਾਂ ਮੁਗਲ ਫ਼ੌਜ ਤੇ ਭਾਰੀ ਪੈ “ਸਵਾ ਲਾਖ ਸੇ ਏਕ ਲੜਾਊਂ” ਦੇ ਗੁਰੂਵਾਕ ਨੂੰ ਪੂਰਾ ਕਰ ਰਿਹਾ ਸੀ। ਦੋਹਾਂ ਪਾਸੇਂ ਦੇ ਜਵਾਨ ਜ਼ਖਮੀ ਹੋ, ਮੈਦਾਨੇ-ਜੰਗ ਵਿਚ ਪਾਨੀ-ਪਾਨੀ ਕਰਦੇ। ਭਾਈ ਕਨ੍ਹਈਆ, ਬਿਨਾਂ ਕਿਸੇ ਜਾਤੀ ਭੇਦ, ਦੋਨਾਂ ਪਾਸਿਆਂ ਦੇ ਜ਼ਖਮੀ ਸੂਰਮਿਆਂ ਨੂੰ ਪਾਣੀ ਪਿਲਾ, ਟੁਟ ਰਹੀ ਜੀਵਨ ਦੀ ਤਾਰ ਇਕ ਵਾਰ ਫਿਰ ਜੋੜ ਦਿੰਦਾ। ਸਿੰਘਾਂ ਦੀ ਸ਼ਿਕਾਇਤ ਤੇ ਸਤਿਗੁਰਾਂ ਨੇ ਪੁਛਿਆ ਤਾਂ ਭਾਈ ਕਨ੍ਹਈਆ ਨੇ ਅਰਜ਼ ਕੀਤੀ-ਪਾਤਸ਼ਾਹ! ਮੈਨੂੰ ਤਾਂ ਜ਼ਖਮੀ ਪ੍ਰਾਣੀਆਂ ਵਿਚ ਕੋਈ ਹੋਰ ਦਿਸਦਾ ਹੀ ਨਹੀਂ। ਮੈਂ ਤਾਂ ਬਸ ਤੈਨੂੰ ਹੀ ਪਾਣੀ ਪਿਲਾਉਂਦਾ ਹਾਂ। ਦਸਮ ਪਾਤਸ਼ਾਹ ਨੇ ਭਾਈ ਕਨ੍ਹਈਆ ਨੂੰ ਛਾਤੀ ਨਾਲ ਲਾ ਲਿਆ। ਇਕ ਡੱਬੀ ਮਲ੍ਹਮ ਦੀ ਦੇ ਹੁਕਮ ਕੀਤਾ “ਭਾਈ, ਪਾਣੀ ਦੇ ਨਾਲ ਨਾਲ ਜ਼ਖਮਾਂ ਤੇ ਇਹ ਮਲ੍ਹਮ ਭੀ ਲਾ ਦਿਆ ਕਰ।”

‘ਸਤ ਦਾ “ਗੁਰ” (ਤਕਨੀਕ) ਜਾਣਨ ਵਾਲਾ ਸਤਿਗੁਰੂ ਹੀ ਸਮਝਦਾ ਹੈ, ਭਾਈ ਕਨ੍ਹਈਆ ਦੀ ਅੰਤਰ ਦ੍ਰਿਸ਼ਟੀ ਨੂੰ। ਕਿਸੇ ਪੂਰੇ ਸਤਿਗੁਰ ਤੋਂ ਹੀ ਮਿਲਦੀ ਹੈ, ਇਹ ਆਵਰਨ ਭੇਦੀ ਦ੍ਰਿਸ਼ਟੀ” ਜਿਸ ਨਾਲ ਪ੍ਰਾਣੀ ਦੇਖ ਸਕੇ, ਮਾਲਾ ਦੇ ਮਨਕਿਆਂ ਦੇ ਪਿੱਛੇ ਛਿਪੇ ਹੋਇ “ਧਾਗੇ” ਨੂੰ ਜਿਸ ਨਾਲ ਮਨੁੱਖ ਮਹਿਸੂਸ ਕਰ ਸਕੇ, ਕਣ-ਕਣ ਵਿਚ ਰਮੇ ਹੋਇ “ਰਾਮਤਵ” ਨੂੰ। ਪੂਰਨ ਨਿਰਵਿਰੋਧਤਾ ਦੀ ਦ੍ਰਿਸ਼ਟੀ! ਕਿਸੇ ਦਾ ਖੰਡਨ ਨਹੀਂ, ਆਪਣਾ ਮੰਡਨ ਨਹੀਂ। “ਹਮ ਨਹੀਂ ਚੰਗੇ, ਬੁਰਾ ਨਹੀਂ ਕੋਇ” ਦੀ ਸਥਿਤੀ। ਸਭ ਨਾਲ ਸਮਾਨਤਾ ਅਤੇ ਸਹਿਸ਼ਨੁਤਾ ਦਾ ਭਾਵ। “ਸਰਬ ਧਰਮ-ਸਮਭਾਵ” ਦਾ ਉਦਭਵ! ਇਤਿਹਾਸ ਗਵਾਹ ਹੈ, ਜਦੋਂ ਧਾਰਮਿਕ ਸੋਚ ਸੁੰਘੜੀ, ਤਾਂ ਸਮਾਜ ਟੁੱਟੇ, ਸੰਪ੍ਰਦਾਇ ਬਣੇ। ਧਰਮ ਦੀ ਪਰੀਭਾਸ਼ਾ ਬਦਲੀ ਤਾਂ ਨਵੇਂ ਧਾਰਮਿਕ ਸਮੀਕਰਣ ਬਣੇ ਅਤੇ ਦੇਸ਼ ਕਿਸ਼ਤਾਂ ਵਿਚ ਟੁਟਦਾ ਰਿਹਾ। ਆਪਸੀ ਫੁਟ ਅਤੇ ਸੰਪ੍ਰਦਾ ਦੇ ਇਸ ਵੈਮਨਸਯ ਨੇ ਤੋੜ ਦਿਤਾ, ਇਸ ਅਜੇਯ ਭਾਰਤ ਨੂੰ, ਵਰਨਾ ਦਸ ਦਸ ਅਮਰੀਕਾ ਰੱਲ ਕੇ ਭੀ ਇਸ ਦੀ ਬਰਾਬਰੀ ਤੇ ਬੈਠਣ ਦੀ ਸ਼ਾਇਦ ਹਿਮਾਕਤ ਭੀ ਨਾ ਕਰਦੇ।

ਸੰਨ 1958 ਵਿਚ ਡਾ. ਰਾਧਾ ਕ੍ਰਿਸ਼ਨਨ, ਭਾਰਤ ਸਰਕਾਰ ਵਲੋਂ ਸਦਭਾਵਨਾ ਯਾਤਰਾ ਤੇ ਚੀਨ ਗਏ। ਚੀਨੀ ਰਾਸ਼ਟਰਪਤੀ ‘ਮਾਓ’ ਇਕ ਸਾਧਾਰਨ ਜਿਹੇ ਕਮਰੇ

ਵਿਚ ਰਹਿੰਦੇ ਸੀ। ਡਾ. ਰਾਧਾਕ੍ਰਿਸ਼ਨਨ ਉਪਚਾਰਕ ਭੇਂਟ ਤੇ ਮਾਓ ਦੇ ਨਿਵਾਸ ਗਏ। ਸੁਖ-ਸਾਂਦ ਤੋਂ ਬਾਦ, ਮਾਓ ਨੇ ਆਜ਼ਾਦੀ ਤੋਂ ਬਾਦ ਦੀ ਭਾਰਤ ਦੀ ਆਰਥਿਕ ਸਥਿਤੀ ਬਾਬਤ ਪੁਛਿਆ, ਤਾਂ ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ—"ਤੁਹਾਨੂੰ ਤਾਂ ਪਤਾ ਹੈ ਸਾਡਾ ਦੇਸ਼ ਇਕ ਧਰਮ-ਪ੍ਰਧਾਨ ਦੇਸ਼ ਹੈ। ਵਿਸ਼ਵ ਨੇ ਅਧਿਆਤਮਕ ਗੁਰੂ ਮੰਨਿਆ ਹੈ, ਰਿਸ਼ੀਆਂ-ਮੁਨੀਆਂ, ਗੁਰੂਆਂ ਪੀਰਾਂ ਦੀ ਇਸ ਧਰਤੀ ਨੂੰ।" ਲਗਪਗ 45 ਮਿੰਟ ਡਾ. ਰਾਧਾ ਕ੍ਰਿਸ਼ਨਨ ਭਾਰਤ ਦੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਸ਼ੋਭਾ ਬਿਆਨ ਕਰਦੇ ਰਹੇ ਅਤੇ ਮਾਓ ਸ਼ਾਂਤ ਭਾਵ ਨਾਲ ਸੁਣਦੇ ਰਹੇ। ਜਦੋਂ ਚੁੱਪ ਹੋਏ ਤਾਂ ਮਾਓ ਨੇ ਕਿਹਾ—"ਮੈਨੂੰ ਬੜੀ ਹੈਰਾਨੀ ਹੈ, ਇਤਨਾ ਧਾਰਮਿਕ ਅਤੇ ਵਿਕਸਤ ਸੰਸਕ੍ਰਿਤੀ, ਅਵਤਾਰਾਂ, ਰਿਸ਼ੀਆਂ, ਗੁਰੂਆਂ, ਪੀਰਾਂ ਅਤੇ ਪੈਗ਼ੰਬਰਾਂ ਦਾ ਦੇਸ਼, ਆਪਣੇ ਛੋਟੇ ਭਰਾ (ਪਾਕਿਸਤਾਨ) ਨੂੰ ਨਾਲ ਨਾ ਰੱਖ ਸਕਿਆ। ਧਰਮ ਤਾਂ ਦੇਣਾ ਸਿਖਾਉਂਦਾ ਹੈ, ਲੈਣਾ ਨਹੀਂ। ਤਿਆਗ ਦਾ ਦੂਸਰਾ ਨਾਂ ਹੀ ਤਪੱਸਿਆ, ਮੈਂ ਸੁਣਿਆ ਹੈ। ਤੁਹਾਡੇ ਮੁਲਕ ਦੇ ਸਿਆਸਤਦਾਨ, ਰਾਮ, ਕ੍ਰਿਸ਼ਨ ਔਰ ਗੁਰੂ ਨਾਨਕ ਦੇ ਬੰਦੇ ਅਗਰ ਤਿਆਗ ਤੇ ਥੋੜ੍ਹਾ ਵੀ ਭਰੋਸਾ ਕਰ ਲੈਂਦੇ ਤਾਂ ਸ਼ਾਇਦ ਦੇਸ਼ ਟੁਟਣੋਂ ਬਚ ਜਾਂਦਾ।" 13 ਸਾਲਾਂ ਬਾਦ ਡਾ. ਰਾਧਾ ਕ੍ਰਿਸ਼ਨਨ ਨੇ "ਆਤਮ ਸਮਰਨ" ਵਿਚ ਲਿਖਿਆ ਹੈ, "ਮੇਰੇ ਕੋਲ ਮਾਓ ਦੀ ਗੱਲ ਦਾ ਕੋਈ ਜਵਾਬ ਨਹੀਂ ਸੀ।"

ਥੋੜ੍ਹਾ ਜਿਹਾ ਪਿਆਰ, ਥੋੜ੍ਹੀ ਜਿਹੀ ਦੂਰਦਰਸ਼ਤਾ ਅਤੇ ਤਿਆਗ ਸਮਰੱਥ ਹੁੰਦਾ ਹੈ, ਵਿਰੋਧਤਾ ਦੀ ਕੰਧ ਨੂੰ ਢਾਹ-ਢੇਰ ਕਰਨ ਲਈ। ਮਸਲਾ ਪੰਥਕ ਹੋਵੇ ਜਾਂ ਸਿਆਸੀ, ਪਰਿਵਾਰਕ ਹੋਵੇ ਜਾਂ ਸਮਾਜਿਕ, ਸਮਾਂ ਰਹਿੰਦੇ, ਥੋੜ੍ਹੀ ਜਿਹੀ ਸੂਝ-ਬੂਝ ਅਤੇ ਪਿਆਰ ਦੀ ਦਿਲੀ ਪੇਸ਼ਕਸ਼ ਮਾਰਗ ਬਣਾ ਦਿੰਦੀ ਹੈ, ਦੋ ਦਿਲਾਂ ਦੇ ਸੰਗਮ ਦਾ।

ਭਾਰਤ ਅਤੇ ਪਾਕਿਸਤਾਨ ਦਾ ਰਿਸ਼ਤਾ ਤਨਾਅਪੂਰਨ ਹੈ। ਸੰਨ 1947 ਤੋਂ ਹੀ ਆਰੋਪ-ਪ੍ਰਤੀਆਰੋਪ ਅਤੇ ਇਕ ਦੂਜੇ ਨੂੰ ਕਮਜ਼ੋਰ ਕਰਨ ਦੇ ਸੁਨਹਿਰੇ ਅਵਸਰ ਦੀ ਤਲਾਸ਼ ਦੋਹਾਂ ਪੱਖੋਂ ਜਾਰੀ ਹੈ। ਦੋ ਭਿਆਨਕ ਜੰਗਾਂ (ਸੰਨ 65 ਅਤੇ 71) ਅਤੇ ਪਿਛਲੇ 70 ਸਾਲਾਂ ਤੋਂ ਚਲ ਰਹੇ "ਅਘੋਸ਼ਿਤ ਸ਼ੀਤ ਯੁੱਧ' ਦੇ ਪ੍ਰਸਪਰ ਵਿਰੋਧੀ ਝੱਖੜਾਂ ਵਿਚ ਭੀ, ਪੁਰਾਣੇ ਭਾਈਚਾਰੇ ਅਤੇ ਮਾਨਵੀ ਰਿਸ਼ਤੇ ਦੀ ਯਾਦ ਵਿਚ, ਕੋਈ ਨਾ ਕੋਈ "ਮਨੁੱਖੀ ਦੀਪ ਟਿਮਟਿਮਾਉਂਦਾ ਨਜ਼ਰ ਆ ਹੀ ਜਾਂਦਾ ਹੈ।

ਸੰਨ 1978 ਵਿਚ ਸ੍ਰੀ ਮਣੀ ਸ਼ੰਕਰ ਅੱਯਰ, ਭਾਰਤ ਵਲੋਂ ਵਣਜ ਦੂਤਾਵਾਸ ਦੇ ਪ੍ਰਭਾਰੀ ਬਣ ਕਰਾਚੀ (ਪਾਕਿਸਤਾਨ) ਗਏ। ਸ੍ਰੀ ਅੱਯਰ ਉਨ੍ਹੀਂ ਦਿਨੀਂ ਪਾਕਿਸਤਾਨ ਦੇ ਕੱਟੜ ਵਿਰੋਧੀ ਮੰਨੇ ਜਾਂਦੇ ਸਨ। ਉਧਰ, 1971 ਦੀ ਕਰਾਰੀ ਹਾਰ ਨੂੰ ਪਾਕਿਸਤਾਨੀ ਭੁੱਲੇ ਨਹੀਂ ਸਨ। ਆਪਣੀ ਇਕ ਬਾਂਹ (ਬੰਗਲਾ ਦੇਸ਼) ਦੇ ਅਲਗ ਹੋ ਜਾਣ ਦਾ ਬਦਲਾ ਲੈਣ ਲਈ ਮੌਕੇ ਦੀ ਤਲਾਸ਼ ਵਿਚ ਸਨ। ਉਸ ਵਿਰੋਧੀ ਦੌਰ ਵਿਚ ਵੀ ਪਾਕਿਸਤਾਨ ਦਾ ਮਸ਼ਹੂਰ ਸ਼ਾਇਰ "ਰਈਸ ਅਮਰੋਹੀ" ਕਰਾਚੀ ਵਿਚ "ਹਿੰਦ ਪਾਕ ਮੈਤਰੀ ਸਭਾ" ਦਾ ਗਠਨ ਕਰ ਰਿਹਾ ਸੀ। ਗੰਗਾ ਜਮੁਨਾ ਦੀਆਂ ਲਹਿਰਾਂ ਦੀ ਮੌਜ ਹਿਮਾਲਾ ਦੀਆਂ ਹਸੀਨ ਵਾਦੀਆਂ ਅਤੇ ਹਰਿਆਵਲਨ ਪੰਜਾਬ ਦੀ ਧਰਤੀ ਦੀ ਯਾਦ ਵਿਚ ਗੀਤ ਬਣਾਏ ਔਰ

ਗਾਏ ਜਾ ਰਹੇ ਸਨ। ਭਾਰਤੀ ਦੂਤਾਵਾਸ ਦੇ ਇਕ ਦੂਤ ਦੀ ਵਿਦਾਇਗੀ ਮੌਕੇ ਤੇ, ਸੀ ਰਈਸ ਅਮਰੋਹੀ ਦੀ ਨਜ਼ਮ—

ਯੇ ਨਾਮਾ-ਏ-ਮੋਹੱਬਤ, ਯਾਰੋਂ ਕੇ ਨਾਮ ਲੇ ਜਾ।
ਓ ਹਿੰਦ ਜਾਨੇ ਵਾਲੇ, ਮੇਰਾ ਸਲਾਮ ਲੇ ਜਾ।

ਇਸ ਨਜ਼ਾਰੇ ਨੇ, ਸ੍ਰੀ ਮਣੀਸ਼ੰਕਰ ਅੱਯਰ ਦੇ ਪਾਕਿਸਤਾਨੀ ਨਜ਼ੱਰੀਏ ਨੂੰ ਬਦਲ ਦਿੱਤਾ। ਭਾਰਤ ਆਉਣ ਤੇ ਸ੍ਰੀ ਅੱਯਰ ਨੇ 'ਪਾਕਿਸਤਾਨ ਪੇਪਰਜ਼' ਨਾਂ ਦੀ ਪੁਸਤਕ ਲਿਖੀ। ਇਸ ਪੁਸਤਕ ਵਿਚ ਦੋਹਾਂ ਜਰਮਨ ਵਾਸੀਆਂ ਦੀ ਪ੍ਰਬਲ ਇੱਛਾ ਸ਼ਕਤੀ ਦੇ ਅੱਗੇ ਧਰਾਸ਼ਾਈ ਹੋ ਚੁੱਕੀ 'ਬਰਲਿਨ ਦੀ ਦੀਵਾਰ' ਦਾ ਹਵਾਲਾ ਦਿੰਦਿਆਂ ਹੋਇਆਂ 'ਭਾਰਤ-ਪਾਕ ਮੈਤਰੀ' ਦੀ ਜ਼ੋਰਦਾਰ ਵਕਾਲਤ ਕੀਤੀ ਹੈ।

ਹਰੀਦੁਆਰੇ ਦਾ ਮਾਰਗ, 'ਹਿਰਦੈ-ਦੁਆਰ' ਤੋਂ ਹੀ ਨਿਕਲਦਾ ਹੈ। ਪਰਮਾਤਮਾ ਦੇ ਖੋਜੀ, ਭਗਤਾਂ, ਸੰਤਾਂ ਗੁਰੂਆਂ ਨੇ ਇਕ-ਸੁਰ ਵਿਚ ਕਿਹਾ ਹੈ—'ਮਨੁੱਖ ਦਾ ਹਿਰਦਾ ਹੀ ਪ੍ਰਭੂ ਦਾ ਮੰਦਰ ਹੈ।' ਪੂਰੇ ਸਤਿਗੁਰੂ ਤੋਂ ਮਿਲਦੀ ਹੈ, ਉਹ ਪਾਰਦਰਸ਼ੀ ਦ੍ਰਿਸ਼ਟੀ ਜੋ ਵੇਖਦੀ ਹੈ, ਜਾਤੀ ਸੰਪ੍ਰਦਾਇ ਅਤੇ ਦੇਸ਼ ਦੀ ਸੀਮਾ ਨੂੰ ਲੰਘ, ਵਸੂਧੈਵ ਕੁਟੰਬਕਮ (ਸਾਰਾ ਸੰਸਾਰ ਹੀ ਮੇਰਾ ਪਰਿਵਾਰ ਹੈ) ਨੂੰ ਜੋ ਵੇਖਦੀ ਹੈ, ਜੀਵ ਰੂਪੀ ਹਰ ਲਹਿਰ ਦੇ ਵਿਚ 'ਅਨੰਤ ਬ੍ਰਹਮ ਸਾਗਰ' ਨੂੰ। ਚੌਥੇ ਪਾਤਸ਼ਾਹ ਫਰਮਾਉਂਦੇ ਹਨ—

'ਸਭ ਜੋਤਿ ਤੇਰੀ ਜਗਜੀਵਨਾ, ਤੂ ਘਟ-ਘਟ ਹਰਿ ਰੰਗ ਰੰਗਨਾ (ਪੰਨਾ-੧੩੧੩) ਹਰ ਜੀਵ ਵਿਚ 'ਜਗਜੀਵਨ' ਦੀ ਜੋਤ ਦਾ ਆਭਾਸ ਕਰ ਲੈਣ ਦਾ ਅਰਥ ਹੈ।

'ਨਾ ਕੋ ਬੈਰੀ ਨਹੀਂ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ॥

ਕਿਸੇ ਦੇ ਪ੍ਰਤੀ ਪਰਾਇਪਨ ਦਾ, ਪ੍ਰਦੂਸ਼ਣ ਦਾ ਨਾ ਹੋਣਾ ਸੂਚਕ ਹੈ ਕਿ ਹਿਰਦਾ ਸ਼ੁਧ ਹੋ ਗਿਆ, 'ਪ੍ਰਭੂ' ਦੇ ਨਿਵਾਸ ਜੋਗਾ ਹੋ ਗਿਆ, ਧਰਮ ਦਾ ਅਵਤਰਣ ਹੋ ਗਿਆ।

ਭਗਤ ਕਵੀ ਰਸਖਾਨ ਨੇ ਇਕ ਸੁਗਮ ਸੂਤਰ ਦਿਤਾ :

'ਮਿਲੀਏ ਸਬ ਸੋਂ ਦੂਰ ਭਾਵ ਬਿਨਾ,
ਰਹੀਏ ਸਤਿਸੰਗ ਉਜਾਗਰ ਮੇਂ॥
ਰਸਖਾਨ ਗੋਬਿੰਦਹਿ ਯੋਂ ਭਜੀਏ,
ਜਿਮਿ ਨਾਗਰ ਕੋ ਚਿਤ ਗਾਗਰ ਮੇਂ॥

ਅਰਥਾਤ—ਕਿਸੇ ਦੇ ਪ੍ਰਤਿ ਦੁਰਭਾਵਨਾ ਤੋਂ ਰਹਿਤ ਹੋ, ਸਭਨਾਂ ਪ੍ਰਤੀ ਭਾਈਚਾਰੇ ਦਾ ਭਾਵ ਅਤੇ ਸਤ ਦੇ ਉਜਾਲੇ ਦਾ ਸੰਗ (ਭਾਵ ਗਿਆਨ ਦੇ ਪ੍ਰਕਾਸ਼ ਵਿਚ ਜੀਵਨ) ਤਾਂ ਹੀ ਪ੍ਰਭੂ ਚੇਤੇ ਰਹਿੰਦਾ ਹੈ, ਜਿਵੇਂ ਸਖੀਆਂ ਨਾਲ ਗੱਲਾਂ ਕਰਦੀ ਕਿਸੇ ਮੁਟਿਆਰ ਦਾ ਚਿੱਤ, ਸਿਰ ਤੇ ਰੱਖੀ ਗਾਗਰ ਨਾਲ ਰਹਿੰਦਾ ਹੈ।

ਪੰਜਵੇਂ ਪਾਤਸ਼ਾਹ ਦੀਆਂ ਇਹ ਤੁਕਾਂ "ਸਭ ਮਹਿ ਰਵਿ ਰਹਿਆ ਪ੍ਰਭ ਏਕੈ" ਸਾਰੇ ਸੰਸਾਰ ਨੂੰ ਜੋੜਨ ਦਾ ਸੰਪਰਕ ਸੂਤਰ ਹੈ, ਹਿਰਦੇ ਵਿਚ ਧਾਰਨ ਯੋਗ ਮਹਾਮੰਤਰ ਹੈ। ਇਕ ਵਿਧੀ ਹੈ—ਮਨੁੱਖ ਨੂੰ ਮਨੁੱਖ ਨਾਲ ਜੋੜਨ ਦੀ। ਇਸ ਨੁਸਖੇ ਨੂੰ ਆਤਮਸਾਤ

ਕਰਨਾ ਪਵੇਗਾ, ਜੇ ਰੋਕਣਾ ਹੈ ਸਮਾਜ ਅਤੇ ਪੰਥ ਦੇ ਕਟਾਵ ਨੂੰ। ਇਤਿਹਾਸ ਗਵਾਹ ਹੈ, ਜਦੋਂ ਭੀ ਪੰਥ ਟੁੱਟੇ ਹਨ, ਕੁਝ ਹੋਰ ਨਵੇਂ ਪੰਥ ਹੋਂਦ ਵਿਚ ਆਏ ਹਨ, ਸਮਾਜ ਅਤੇ ਪੰਥ ਦੀਆਂ ਸਰਹੱਦਾਂ ਹੋਰ ਵਧੀਆਂ ਹਨ। ਇਨ੍ਹਾਂ ਹੱਦਾਂ ਦੀ ਨਿਰੰਤਰ ਵਧ ਰਹੀ ਤਾਦਾਦ ਨੂੰ ਵੇਖਦੇ ਹੋਏ, ਪ੍ਰਮੁਖ ਪਾਕਿ ਸ਼ਾਇਰ ਰਈਸ ਅਮਰੋਹੀ ਨੇ ਭਵਿੱਖ-ਬਾਣੀ ਕੀਤੀ ਹੈ :

ਦੌਰੇ ਇੰਸਾਂ ਕੀ ਹੱਦੇਂ,
ਗਰ ਯੂੰ ਹੀ ਘਟਤੀ ਰਹੀਂ॥
ਤੋ ਇਕ ਦਿਨ ਜ਼ਮੀਂ ਪੇ
ਸਰਹੱਦੇਂ ਹੀ ਸਰਹੱਦੇਂ ਰਹਿ ਜਾਏਂਗੀ।

....

18
ਪੁਰਖ ਅਤੇ ਪ੍ਰਕ੍ਰਿਤੀ

ਭਾਰਤੀ ਧਰਮ ਸ਼ਾਸਤਰ ਕਹਿੰਦੇ ਹਨ ਕਿ ਪੁਰਖ ਅਤੇ ਪ੍ਰਕ੍ਰਿਤੀ ਦੇ ਸੁਮੇਲ ਨਾਲ ਸ੍ਰਿਸ਼ਟੀ ਦਾ ਸਿਰਜਨ ਹੋਇਆ। ਪੁਰਖ, ਪ੍ਰਮਾਤਮਾ ਅਤੇ ਕੁਦਰਤ। ਦੀਰਘ ਕਾਲ ਤਕ ਯੋਗ ਨਿੰਦਰਾ 'ਚੋਂ ਜਦੋਂ ਜਾਗ੍ਰਿਤ ਅਵਸਥਾ ਵਿਚ, ਪਾਰਬ੍ਰਹਮ ਆਏ ਤਾਂ ਸ੍ਰਿਸ਼ਟੀ ਸਿਰਜਨਾ ਦਾ ਫ਼ੁਰਨਾ ਹੋਇਆ। ਪੁਰਖ ਨੇ, ਪਾਰਬ੍ਰਹਮ ਨੇ, ਪ੍ਰਕ੍ਰਿਤੀ ਸਿਰਜੀ। ਪ੍ਰਕ੍ਰਿਤੀ ਨੇ ਮਿੱਟੀ, ਪਾਣੀ, ਹਵਾ, ਅਗਨੀ ਆਕਾਸ਼, ਪੰਜ ਤੱਤ ਤੋਂ ਸਿਰਜਨ ਅਰੰਭਿਆ। ਨਦੀਆਂ, ਸਮੁੰਦਰ, ਪਹਾੜ, ਪਸ਼ੂ ਪੰਛੀ, ਜਲ ਦੇ ਜੀਅ, ਥਲ ਦੇ ਜੀਵ, ਮਨੁੱਖ ਸਿਰਜੇ। ਇਹਨਾਂ ਸਾਰਿਆਂ ਦੇ ਅੰਦਰ ਤਿੰਨ ਗੁਣ ਪਾਏ, ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ। ਪਵਿੱਤਰ ਗੁਰਬਾਣੀ ਵਿਚ ਭਗਤ ਕਬੀਰ ਜੀ ਕਹਿੰਦੇ ਹਨ—

"ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ੍ ਤਿਨ੍ ਹੀ ਪਰਮਪਦ ਪਾਇਆ॥"

ਇਹ ਤਿੰਨ ਗੁਣ, ਚੀਂਟੀ ਤੋ ਲੈ ਕੇ ਹਾਥੀ ਤਕ ਸਾਰਿਆਂ ਜੀਆਂ ਵਿਚ, ਅਤੇ ਪੱਥਰ ਪਹਾੜ ਜਿਹੇ ਬੇਜਾਨ ਪਦਾਰਥਾਂ ਦਾ ਭੀ ਆਧਾਰ ਬਣਾਇਆ। ਗਹਿਰੇ ਪ੍ਰੀਖਣ ਮਗਰੋਂ ਵਿਗਿਆਨ ਨੇ ਭੀ ਇਹ ਤਿੰਨ ਗੁਣ, ਸ੍ਰਿਸ਼ਟੀ ਦਾ ਅਧਾਰ ਘੋਸ਼ਿਤ ਕੀਤਾ। ਉਨ੍ਹਾਂ ਦਾ ਨਾਂ ਰਖਿਆ, ਨਿਓਟਰੋਨ, ਪ੍ਰੋਟਰੋਨ ਅਤੇ ਇਲੇਕਟਰੋਨ। ਸਿਰਫ਼ ਨਾਂ ਬਦਲੇ, ਸਿਰਜਨ ਦਾ ਸਿਧਾਂਤ ਉਵੇਂ ਹੀ ਸਵੀਕਾਰ ਕੀਤਾ।

ਇਹਨਾਂ ਤਿਨਾਂ ਗੁਣਾਂ ਦਾ ਸੁਭਾਅ ਅਤੇ ਕਾਰਜ ਵੱਖ ਵੱਖ ਹਨ। ਰਜੋ-ਗੁਣ, ਵਿਕਾਸਵਾਦੀ ਹੈ, ਰਾਜਿਆਂ ਦੇ ਗੁਣ-ਸੁਭਾਅ ਵਾਲਾ ਇਹ ਅੱਗੇ ਵੱਧਣਾ ਚਾਹੁੰਦਾ ਹੈ, ਦੂਜਿਆਂ ਨੂੰ ਪਿੱਛੇ ਛੱਡਣਾ ਇਸ ਨੂੰ ਭਾਉਂਦਾ ਹੈ। ਤਮੋ-ਗੁਣ, ਤਾਮਸੀ ਸੁਭਾਅ ਵਾਲਾ, ਕ੍ਰੋਧੀ, ਹਿੰਸਕ ਬਿਰਤੀ ਵਾਲਾ ਹੁੰਦਾ ਹੈ। ਜਦੋਂ ਰਜੋ ਗੁਣ ਅੱਗੇ ਵੱਧਣਾ ਚਾਹੁੰਦਾ ਹੈ, ਕੋਈ ਕੰਮ, ਰੁਜ਼ਗਾਰ ਖੇਤ ਦੀ ਪੈਲੀ, ਸਰਕਾਰੀ ਕਾਂਟਰੇਕਟ ਲੈਣਾ ਚਾਹੁੰਦਾ ਹੈ, ਵਿਕਾਸ ਦੀ ਯੋਜਨਾ ਬਣਾਈ ਬੈਠਾ ਹੈ। ਅੱਗੇ ਕੋਈ ਰੁਕਾਵਟ ਪਾ ਰਿਹਾ ਹੈ, ਮਨਸਾ ਪੂਰੀ ਨਹੀਂ ਹੋਣ ਦੇ ਰਿਹਾ, ਤਾਂ ਤਮੋ ਗੁਣ, ਕ੍ਰੋਧੀ ਤੱਤ ਨਾਲ ਰੱਲ ਜਾਂਦਾ ਹੈ। ਕਾਰ ਤੇ ਜਾ ਰਹੇ ਹਾਂ। ਸਾਡਾ ਰਜੋ-ਗੁਣੀ ਤੱਤ, ਤੇਜ ਰਫਤਾਰ ਪਸੰਦ ਹੈ। 80-90 ਦੀ ਸਪੀਡ ਤੇ ਚੱਲਣ ਵਾਲਾ। ਅੱਗੇ ਕੋਈ ਸ਼ਾਂਤ ਚਿਤ ਗੱਡੀ ਵਾਲਾ 40-50 ਤੋਂ ਉੱਪਰ ਗੱਡੀ ਦੀ ਸਪੀਡ ਨਹੀਂ ਰੱਖਦਾ। ਰਾਸਤਾ ਤੰਗ ਹੈ, ਪਹਾੜੀ ਸੜਕਾਂ ਵਾਂਗ। ਤੁਸੀਂ ਹੌਰਨ ਤੇ ਹੌਰਨ ਮਾਰਦੇ ਹੋ, ਬਾਰ-ਬਾਰ। ਉਸਨੂੰ ਕੋਈ ਖੁਲ੍ਹਾ ਥਾਂ ਮਿਲੇ ਤਾਂ ਸਾਈਡ ਦੇਵੇ। ਤੇਜ਼ ਰਫ਼ਤਾਰ ਵਾਲੇ ਰਜੋ ਗੁਣ ਦਾ ਸਾਥ, ਤਮੋ ਗੁਣ ਦਿੰਦਾ ਹੈ। ਕਹਿੰਦੈ ਥਾਂ ਮਿਲੇ ਤਾਂ ਇਸ ਦੇ ਅੱਗੇ ਗੱਡੀ

ਖੜੀ ਕਰ... ਇਸ ਨੂੰ ਦੋ ਚਾਰ ਚਪੇੜਾਂ ਲਾਵਾਂ। ਇਹੋ ਜਿਹਾ ਦ੍ਰਿਸ਼ਟਾਂਤ ਆਮ ਸੜਕਾਂ ਤੇ ਘਟਦਾ ਹੈ। ਸਤੋ ਗੁਣ, ਇਲੇਕਟ੍ਰੋਨ ਸੰਤੁਲਨ ਕਰਦਾ ਹੈ। ਬੁੱਧੀ, ਵਿਵੇਕ ਦੇ "ਸਮ" ਤੇ ਸੰਤੁਲਨ ਤੇ ਰਹਿੰਦਾ ਹੈ। ਤਾਂ, ਪ੍ਰਕ੍ਰਿਤੀ ਨੇ ਪੰਜ ਤੱਤਾਂ ਅਤੇ ਤਿੰਨ ਗੁਣਾਂ ਵਾਲਾ ਸੰਸਾਰ ਸਿਰਜਿਆ। ਪਰ ਇਕ ਰਹੱਸ ਜਾਂ ਤਾਂ ਸਤਿਗੁਰ ਜਾਣਦਾ ਹੈ, ਯੋਗੀ, ਭਗਤ ਜਾਣਦੇ ਹਨ, ਕਿ ਇਹਨਾਂ ਸਾਰਿਆਂ ਵਿੱਚ, "ਪੁਰਖ" ਪਰਮਾਤਮਾ ਜਾਂ ਬ੍ਰਹਮ, ਪਰਮਤੱਤ ਰੂਪ ਵਿਚ ਮੌਜੂਦ ਹੈ। ਜਦੋਂ ਤਕ ਇਹ ਪੁਰਖ ਹੈ, ਉਦੋਂ ਤਕ ਮਨੁੱਖ ਜਾਂ ਪਸ਼ੂ ਪੰਖੀ ਜੀਉਂਦੇ ਹਨ। ਉਦੋਂ ਤਕ ਇਹ ਪੱਥਰ ਦੇ ਵੱਡੇ ਵੱਡੇ ਪਹਾੜ ਖੜੇ ਹਨ। ਜਿਸ ਖਿਨ ਇਹ "ਪਰਮ-ਤੱਤ" ਵਿਚੋਂ ਨਿਕਲ ਜਾਂਦਾ ਹੈ, ਉਸੀ ਖਿਨ ਬੰਦਾ, ਲਾਸ਼ ਬਣ ਜਾਂਦਾ ਹੈ। ਪੱਥਰ, ਪਹਾੜ ਦੇ ਕੇਂਦਰ ਵਿਚ ਵਿਗਿਆਨੀ ਕਹਿੰਦੇ ਹਨ, ਕੋਈ ਅਦਿੱਖ ਸ਼ਕਤੀ ਹੈ, "ਸੁਪਰ ਪਾਵਰ" ਜੋ, ਪ੍ਰੋਟਰੋਨ, ਨਿਉਟਰੋਨ ਅਤੇ ਇਲੇਕਟਰੋਨ ਨੂੰ ਬੰਨ੍ਹ ਕੇ ਇਕ ਸ਼ਕਤੀ ਪਿੰਡ ਦੇ ਰੂਪ ਵਿਚ ਇਕ ਮੁੱਠ ਰਖਦਾ ਹੈ। ਜਿਸ ਘੜੀ ਉਹ "ਕੇਂਦਰੀ ਸ਼ਕਤੀ" ਨਿਕਲ ਜਾਂਦੀ ਹੈ, ਪੱਥਰ ਦੀ ਵੱਡੀ ਚੱਟਾਨ ਭੀ ਭੁਰਭੁਰਾ ਕੇ ਡਿੱਗ ਜਾਂਦੀ ਹੈ।

ਇਹ ਪੰਜ ਤੱਤ, ਮਿੱਟੀ, ਪਾਣੀ, ਹਵਾ ਅਗਨ, ਆਕਾਸ਼, ਇਹ ਤ੍ਰੈ ਗੁਣ ਰਜੋ ਗੁਣ, ਤਮੋ ਗੁਣ, ਸਤੋ-ਗੁਣ ਤਾਂ ਪ੍ਰਕ੍ਰਿਤੀ ਨੇ ਸਿਰਜੇ, ਪਰ ਇਕ ਸ਼ਕਤੀ ਹੋਰ ਮਨੁੱਖ ਨੇ ਸਿਰਜ ਲਈ, "ਮਨੋ ਸ਼ਕਤੀ।" ਇਹ "ਮਨ" ਬਹੁਤ ਜੋਰਾਵਰ ਹੋਇ ਗਿਆ। ਪਹਿਲਾਂ ਰਾਜਿਆਂ ਦੇ ਅੰਦਰ ਕ੍ਰਿਆਸ਼ੀਲ ਹੋਇਆ ਤਾਂ ਵੱਡੀਆਂ-ਵੱਡੀਆਂ ਜੰਗਾਂ ਹੋਈਆਂ, ਮਹਾਂਭਾਰਤ ਹੋਇਆ। ਅੱਜ ਮੁਲਕਾਂ ਦੇ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਦੇ ਵਿੱਚ ਕ੍ਰਿਆਸ਼ੀਲ ਹੋ ਰਿਹੇ ਤਾਂ, ਦੁਨੀਆਂ ਦੇ ਮੁਲਕ ਇਕ-ਦੂਜੇ ਦੇ ਖਿਲਾਫ਼ ਅਤਿ ਖ਼ਤਰਨਾਕ ਮਾਰੂ ਹਥਿਆਰਾਂ ਦੇ ਨਾਲ ਕਮਰਕੱਸਾ ਲਾਈ ਬੈਠੇ ਹਨ। ਇਹ ਸਾਰੀ ਖੇਡ ਰਜੋ-ਗੁਣ ਅਤੇ ਤਮੋ ਗੁਣ ਦੀ ਖੇਡ, ਹਰ ਪਾਸੇ ਹੋ ਰਹੀ ਹੈ। ਵਿਕਾਸ ਦੇ ਨਾਂ ਤੇ, ਹਰ ਮੁਲਕ ਬਸਤੀਵਾਦੀ, ਵਿਸਥਾਰਵਾਦੀ ਬਣ ਗਿਆ ਹੈ। ਦੂਜੇ ਮੁਲਕ ਦੀ ਧਰਤੀ, ਸਾਧਨ ਅਤੇ ਮਨੁੱਖੀ ਅਧਿਕਾਰਾਂ ਤੇ ਭੀ ਕਾਬਜ਼ ਹੋਣਾ ਚਾਹੁੰਦੇ ਹਨ। ਇਹ ਖੇਡ ਮੁਲਕਾਂ ਵਿਚ, ਸੰਪਰਦਾਵਾਂ ਵਿਚ, ਸੰਸਥਾਵਾਂ ਵਿਚ, ਪਰਿਵਾਰਾਂ ਵਿਚ ਭੀ ਆਮ ਦਿੱਸਦੀ ਹੈ।

ਕੈਂਬਰਿਜ ਯੂਨੀਵਰਸਟੀ ਤੋਂ, "ਵਿਕਾਸਵਾਦੀ ਮਨੋਵਿਗਿਆਨ" ਵਿਚ ਪੀ. ਐਚ. ਡੀ. ਇੰਗਲੈਂਡ ਦੀ ਵੇਸਟਰਨ ਯੂਨੀਵਰਸਿਟੀ ਦੀ ਲੈਕਚਰਾਰ, ਡਾ. ਲੂਸੀ ਬਲੈਕ ਨੇ ਪੰਜ ਸੌ ਤੋਂ ਵੱਧ ਪਰਿਵਾਰਾਂ ਦਾ ਸਰਵੇਖਣ ਅਤੇ ਵਿਚਾਰਾਂ ਦੀ ਸੋਧੀ ਕਰ ਕੇ, ਇਕ ਬਹੁਤ ਰੋਚਕ ਅਤੇ ਯਥਾਰਥ, ਮਨੁੱਖੀ ਮਨੋਦਸ਼ਾ ਨੂੰ ਖੋਲਣ ਵਾਲੀ ਪੁਸਤਕ ਲਿਖੀ ਹੈ, "No Family is Perfect" "ਕੋਈ ਪਰਿਵਾਰ ਸੰਪੂਰਨ ਨਹੀਂ।" ਲਿਖਦੀ ਹੈ, ਜੁਗਾਂ ਤੋਂ ਮਨੁੱਖੀ ਮਨ ਵਿਕਾਸ ਚਾਹੁੰਦਾ ਰਿਹਾ ਹੈ। ਦੋ ਵਿਕਾਸਵਾਦੀ ਮਨਾਂ ਦਾ ਟਕਰਾਅ ਹੀ ਜੰਗ ਦੇ ਰੂਪ ਵਿਚ ਤਬਦੀਲ ਹੁੰਦਾ ਰਿਹਾ।

ਪਰਿਵਾਰਾਂ ਵਿਚ ਪਹਿਲਾਂ ਡਾਇਰੈਕਸ਼ਨ ਅਰਥਾਤ ਨਿਰਦੇਸ਼ ਜਾਂ ਹੁਕਮ ਆਧਾਰਿਤ ਸਿਧਾਂਤ ਪਰਵਾਨ ਸੀ। ਘਰ ਦੇ "ਵੱਡੇ" ਆਗੂ ਨੇ ਜੋ ਹੁਕਮ ਕੀਤਾ, ਉਹੋ ਸਾਰਿਆਂ ਲਈ ਮੰਨਣਾ ਲਾਜ਼ਮੀ ਹੁੰਦਾ ਸੀ। ਕੋਈ ਕਿੰਤੂ ਪਰੰਤੂ ਨਹੀਂ। ਹੌਲੀ ਹੌਲੀ ਪਰਿਵਾਰ

ਵਿਚ, ਨਾਰਾਜ਼ਗੀ ਦੇ ਸੁਰ ਉੱਠਨ ਲੱਗੇ। ਇਹ ਕੇਹੀ ਤਾਨਾਸ਼ਾਹੀ ਹੈ? ਘਟੋ ਘਟ ਵਡੇਰੇ ਮੁਖੀਆਂ ਨੂੰ ਇਕ ਵਾਰ ਸਲਾਹ ਤਾਂ ਕਰਨੀ ਬਣਦੀ ਹੈ। ਲਾਭ-ਹਾਨੀ ਤੇ ਵਿਚਾਰ ਵਟਾਂਦਰਾ ਹੋਵੇ, ਫਿਰ ਸਿੱਟੇ ਤੇ ਪੁੱਜਿਆ ਜਾਏ। ਤਾਂ ਉਹ ਦੂਜੀ ਪਾਇਦਾਨ ਆ ਗਈ "ਡਿਸਕੱਸ਼ਨ", ਵਿਚਾਰ ਵਟਾਂਦਰਾ ਆਧਾਰਿਤ ਸਿਧਾਂਤ। ਕੁਝ ਸਮਾਂ ਹੋਰ ਅੱਗੇ ਵੱਧਿਆ। ਪਰਿਵਾਰ ਵਿਚ, ਸੰਸਥਾਵਾਂ ਵਿਚ ਬਾਗ਼ੀ ਸੁਰ ਉੱਠਣ ਲੱਗ ਪਏ। ਕਿਹਾ ਗਿਆ, ਤਰਕ ਦੇ ਅਧਾਰ ਤੇ, ਲੱਾਜਿਕ ਦੇ ਅਧਾਰ ਤੇ ਫੈਸਲਾ ਹੋਣਾ ਚਾਹੀਦਾ ਹੈ। ਕਿਸੇ ਫ਼ੁਰਮਾਨ ਤੋਂ ਪਹਿਲਾਂ "ਵਿਵਾਦ" ਹੋਣਾ ਚਾਹੀਦਾ ਹੈ, ਵਾਦ-ਵਿਵਾਦ, ਡਿਬੇਟ। ਹੁਣ ਘਰ ਦਾ ਮੁਖੀਆ, ਆਪਣੇ ਆਪ ਨੂੰ ਨਿਰਣਾ ਲੈਣ ਲਈ ਸਮੱਰਥਾ ਹੀਨ ਸਮਝਣ ਲਗ ਪਿਆ, ਲੋਕ ਮਤ ਸਾਰਿਆਂ ਦਾ ਸਾਂਝਾ ਨਿਰਣਾ! ਫਿਰ ਹੋਰ ਅੱਗੇ ਸਮਾਂ ਲੰਘਿਆ ਤਾਂ ਚਉਥੀ ਪਾਇਦਾਨ ਆ ਗਈ— Deny, ਇਨਕਾਰ। Direction, Discussion, Debate, and Deny. ਹੁਕਮ ਸਲਾਹ ਵਾਰਤਾ, ਵਿਵਾਦ, ਅਤੇ ਇਨਕਾਰ। ਡਾ. ਲੂਸੀ ਬਲੈਕ ਕਹਿੰਦੀ ਹੈ, ਆਮ ਪਰਿਵਾਰ ਜਾਂ ਸੰਸਥਾਵਾਂ ਇਹਨਾਂ ਪਾਇਦਾਨਾਂ ਚੋਂ ਲੰਘਦੀਆਂ ਹਨ। ਇਸ ਦਾ ਕਾਰਣ ਲੇਖਿਕਾ, "ਵਿਕਾਸਵਾਦੀ-ਮਨੋਵਿਗਿਆਨ" ਕਹਿੰਦੀ ਹੈ। ਹਰ ਮਨੁੱਖ/ਵਿਕਾਸ ਚਾਹੁੰਦਾ ਹੈ, ਹੁਕਮ ਵਾਲੇ ਥਾਂ ਤੇ ਪਹੁੰਚਣਾ ਚਾਹੁੰਦਾ ਹੈ ਅਤੇ ਉਸ ਦਾ ਪਹਿਲਾ ਕਰਮ ਹੈ, ਵਿਰੋਧ ਕਰਨਾ। ਚੰਗੀ ਜਾਂ ਮੰਦੀ ਕੋਈ ਭੀ ਯੋਜਨਾ ਆਵੇ, ਵਿਰੋਧਤਾ ਦੀ ਲੱਕੜ ਲਾ ਦਿਉ ਤਾਂ ਜੋ ਤੁਹਾਡੀ ਮੰਜ਼ੂਰੀ ਦੀ ਕਦਰ ਪਵੇ... ਤੁਹਾਡੀ ਸਲਾਹ ਲਾਜ਼ਮੀ ਸਮਝੀ ਜਾਵੇ। ਫਿਰ ਅਗਲਾ ਕਦਮ, ਉੱਪਰਲੇ ਪਾਇਦਾਨ ਤੇ ਰਖਿਆ ਜਾਇਗਾ। ਇਹ ਵਿਕਾਸਵਾਦੀ ਸਿਧਾਂਤ ਦੇ ਪੜਾਅ ਹਨ।

ਮਨੁੱਖੀ ਮਨ, ਵਿਕਾਸ ਦੇ ਨਸ਼ੇ ਵਿਚ, ਪ੍ਰਕ੍ਰਿਤੀ ਦਾ ਦਮਨ ਕਰਨ ਲਗ ਪਿਆ। ਹੁਣ ਵਿਕਾਸ ਦੇ ਨਾਂ ਤੇ ਮਨੁੱਖੀ ਮਨ ਅਤੇ ਕੁਦਰਤ ਦੀ ਜੰਗ ਸ਼ੁਰੂ ਹੋ ਗਈ। ਮਨੁੱਖ ਦਾ ਵਿਕਾਸ ਅਰਥਾਤ ਪ੍ਰਕ੍ਰਿਤੀ ਦਾ ਵਿਨਾਸ਼! ਬਿਲਡਰ ਵਿਕਾਸ ਚਾਹੁੰਦਾ ਹੈ, ਨਵੀਂ ਕਲੋਨੀ ਲਈ, ਹਰੇ ਭਰੇ ਖੇਤ, ਜੰਗਲ, ਪਹਾੜ, ਸਾਫ਼ ਕਰ ਦਿੱਤੇ। ਫੈਕਟਰੀ ਦਾ ਕੈਮਿਕਲ, ਕਲੋਨੀ ਦਾ ਸੀਵਰੇਜ, ਟ੍ਰੀਟਮੇਂਟ ਪਲਾਂਟ ਦਾ ਖਰਚ ਵਾਧੂ ਪਵੇਗਾ, ਇਸ ਨੂੰ ਨਾਲ ਹੀ ਨਦੀ ਵਿਚ ਪਾ ਦਿਉ। ਵੱਡੇ-ਵੱਡੇ ਕਾਰਖਾਨੇ, ਕਾਰਾਂ, ਮੋਟਰਾਂ ਨੇ ਪਰਿਆਵਰਨ ਸੰਤੁਲਨ ਵਿਗਾੜ ਦਿੱਤਾ। ਵਾਯੂਮੰਡਲ ਦੂਸ਼ਿਤ ਹੋ ਗਿਆ। ਰੁੱਤਾਂ ਦੀ ਤਾਸੀਰ ਬਦਲ ਗਈ। ਸਰਦੀ, ਗਰਮੀ, ਵਰਖਾ, ਕੁਦਰਤ ਦੀ ਨਿਯਮਾਵਲੀ ਤਬਦੀਲ ਹੋਣ ਲੱਗੀ। ਤਾਪ ਵੱਧਿਆ ਤਾਂ ਪਹਾੜ ਦੀ ਬਰਫ਼ ਤੇਜ਼ੀ ਨਾਲ ਪੰਘਰੀ, ਨਦੀਆਂ ਦਾ ਜਲ-ਸਤਰ ਵੱਧ ਗਿਆ, ਸਮੁੰਦਰਾਂ ਨੇ ਆਕਾਰ ਵਧਾਇਆ ਤਾਂ ਕਈ ਸ਼ਹਿਰ ਕਸਬੇ, ਸਮੁੰਦਰ ਵਿਚ ਗਰਕ ਹੋ ਗਏ।

ਪੁਰਖ ਨੇ ਪਰਮਾਤਮਾ ਨੇ ਪ੍ਰਕ੍ਰਿਤੀ ਬਣਾਈ। ਮਨੁੱਖ ਆਪ ਭੀ "ਪ੍ਰਕ੍ਰਿਤੀ" ਹੈ। ਸਰੀਰ ਦੀ ਰਚਨਾ, ਪਾਚਨ ਪ੍ਰਣਾਲੀ, ਲੀਵਰ, ਕਿਡਨੀ, ਹਿਰਦਾ, ਫੇਫੜੇ, ਇਹ ਸਾਰੇ ਪ੍ਰਕ੍ਰਿਤੀ ਦੀ ਨਿਸ਼ਚਤ ਕੀਤੀ ਹੋਈ ਵਿਵਸਥਾ ਵਿਚ ਕਾਰਜ ਕਰਦੇ ਹਨ। ਉਸ ਵਿਵਸਥਾ ਵਿਚ ਕਿਤੇ ਮਾੜੀ ਜਿਹੀ ਰੁਕਾਵਟ ਜਾਂ ਖਾਣ ਪੀਣ, ਰਹਿਤ ਵਿਚ ਬਾਕਾਇਦਗੀ, ਜਾਂ

ਪ੍ਰਕ੍ਰਿਤੀ ਵਲੋਂ ਪ੍ਰਾਪਤ ਹਵਾ, ਪਾਣੀ ਮਿੱਟੀ ਵਿਚ ਪ੍ਰਦੂਸ਼ਨ ਅਤੇ ਉਸ ਦੂਸ਼ਿਤ ਹਵਾ, ਪਾਣੀ ਜਾਂ ਅਨਾਜ, ਫਲ ਸਬਜ਼ੀਆਂ ਦੀ ਵਰਤੋਂ, ਸਾਨੂੰ ਰੋਗ ਗ੍ਰਸਤ ਕਰ ਦਿੰਦੀ ਹੈ।

ਮਨੁੱਖ ਆਪਣੇ ਆਰਥਿਕ ਵਿਕਾਸ ਦੇ ਲੋਭ ਵਿਚ ਪ੍ਰਕ੍ਰਿਤੀ ਦੀ ਸਹਜ ਵਿਵਸਥਾ ਨੂੰ ਤੋੜ ਰਿਹੈ ਔਰ ਉਸ ਦਾ ਦੁਸ਼ਪ੍ਰਭਾਅ ਭੀ ਰੋਗ, ਚਿੰਤਾ, ਤਨਾਅ, ਅਤੇ ਆਪਣੀਆਂ ਨਸਲਾਂ ਦੀ ਅਵੱਗਿਆ, ਅਨੁਸ਼ਾਸਨਹੀਨਤਾ ਰੂਪ ਵਿਚ ਝੱਲ ਰਿਹਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਕੁਦਰਤ ਦਾ ਪਸਾਰਾ ਅਤੇ ਮਹਿਮਾ, ਆਸਾ ਰਾਗ ਵਿਚ ਗਾਉਂਦੇ ਹਨ—

"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥

ਇਹ ਧਰਤੀ, ਆਕਾਸ਼, ਪਾਤਾਲ... ਜੋ ਕੁਝ ਦਿੱਸ ਰਿਹਾ ਹੈ, ਸੁਣ ਰਹੇ ਹਾਂ—ਇਹ ਸਾਰਾ ਕੁਦਰਤ ਦਾ ਪਸਾਰਾ ਹੈ। ਕੁਦਰਤ ਦੇ ਭੈਅ ਵਿਚ ਰਹਿਣਾ, ਮਨੁੱਖੀ ਜਗਤ ਲਈ, ਸੁਖ ਦਾ ਸਾਰ ਹੈ। ਹੇ ਪਰਮਾਤਮਾ ਤੂੰ ਕਰਤਾ ਪੁਰਖ ਹੈਂ, ਕਾਦਿਰ ਹੈਂ, ਕੁਦਰਤ ਨੂੰ ਸਿਰਜਨ ਵਾਲਾ ਹੈਂ। ਇਹ ਸਾਰੀ ਕਾਇਨਾਤ, ਕੁਦਰਤ, ਪਰਮਾਤਮਾ ਦਾ ਹੀ ਰੂਪ ਹੈ। ਕਹਿੰਦੇ ਹਨ, ਜਦੋਂ ਗੁਰੂ ਨਾਨਕ ਗਾਉਂਦੇ ਸਨ, ਮਰਦਾਨਾ ਰਬਾਬ 'ਚੋਂ ਰੱਬੀ ਸੁਰ ਕੱਢਦਾ ਸੀ, ਉਦੋਂ ਹਰ ਜੀਅ, ਬਨਸਪਤੀ ਪਸ਼ੂ ਪੰਖੀ ਦੇ ਅੰਦਰ ਦੀ "ਰੂਹ" ਨੱਚ ਪੈਂਦੀ ਸੀ ਤਾਂ ਉਸ ਕਾਦਿਰ ਦੇ ਨਾਲ ਕੁਦਰਤ ਦੇ ਰੁੱਖ, ਵਗਦੀਆਂ ਹਵਾਵਾਂ, ਜੰਗਲ ਦੇ ਮਿਰਗ, ਮੋਰ ਸਾਰੇ ਨੱਚਣ ਲਗਦੇ ਸਨ। ਇਹ ਪ੍ਰਕ੍ਰਿਤੀ ਅਤੇ ਪਰਮੇਸ਼ਰ, ਅਭਿੰਨ ਹਨ।

ਤ੍ਰੇਤਾ ਯੁਗ ਵਿਚ ਭਗਵਾਨ ਸ੍ਰੀ ਰਾਮ, ਭਾਈ ਲੱਛਮਣ ਅਤੇ ਸੁਪਤਨੀ ਸੀਤਾ ਦੇ ਨਾਲ, ਅੱਧੀ ਰਾਤ, ਰਥ ਤੇ ਸਵਾਰ ਹੋ ਕੇ, ਮੰਤਰੀ ਸੁਮੰਤ੍ਰ ਜੀ ਨਾਲ, ਅਯੋਧਿਆ ਤੋਂ ਨਿਕਲ ਪਏ। ਪ੍ਰਭਾਤ ਹੁੰਦਿਆਂ ਤਕ ਗੰਗਾ ਕਿਨਾਰੇ ਪਹੁੰਚੇ। ਸੁਮੰਤ੍ਰ ਜੀ ਆਗਿਆ ਲੈ ਕੇ ਵਾਪਸ ਚਲੇ ਗਏ। ਉਸ ਸਮੇਂ ਨੂੰ ਧਿਆਨ ਨਾਲ ਵੇਖੀਏ। ਅਯੋਧਿਆ, ਜਾਨ ਤੋਂ ਪਿਆਰੇ ਮਾਤਾ-ਪਿਤਾ, ਨਗਰ ਦੀ ਪ੍ਰਜਾ, ਸਾਰੇ ਪਿੱਛੇ ਰਹਿ ਗਏ। ਹੁਕਮ ਹੋਇਆ ਸੀ, ਮਾਂ ਕੈਕਈ ਦਾ—

"ਤਾਪਸ ਵੇਸ ਵਿਸ਼ੇਸ਼ ਉਦਾਸੀ, ਚੌਦਹ ਵਰਸ ਰਾਮ ਬਨਵਾਸੀ ॥"

ਰਾਜਸੀ ਵਸਤਰ ਲਾਹ ਕੇ "ਵਲਕਲ", ਪੱਤਿਆਂ ਦੇ ਵਸਤਰ ਧਾਰ ਲਏ। ਕੋਲ ਮਾਇਆ ਨਹੀਂ, ਕੋਈ ਸਾਧਨ ਨਹੀਂ। ਅੱਗੇ ਭਿਆਨਕ ਜੰਗਲ ਵਿਚ ਚਉਦਾਂ ਸਾਲਾਂ ਦਾ ਪ੍ਰਵਾਸ! ਕੋਈ ਘਰ ਨਹੀਂ, ਰਿਸ਼ਤੇਦਾਰ ਨਹੀਂ, ਭੋਜਨ ਦੀ ਸਮੱਗਰੀ ਨਹੀਂ। ਪੱਤਿਆਂ ਦੇ ਵਸਤਰ, ਪੱਤਿਆਂ ਦੀ ਕੁਟੀਆ। ਅਗਲੇ ਸਮੇਂ ਦੀ ਕਲਪਨਾ ਮਾਤਰ ਨਾਲ ਮਨੁੱਖ ਦੇ ਹੱਢ ਕੰਬ ਜਾਣ। ਪਰ ਉਸ ਭਿਆਨਕ ਸਮੇਂ ਦੀ ਮਨੋਦਸ਼ਾ 'ਚੋਂ ਬਾਹਰ ਆਉਣ ਲਈ, ਲੱਛਮਨ ਅਤੇ ਸੀਤਾ ਨੂੰ ਭੀ ਸਹਜ ਕਰਨ ਲਈ, ਪ੍ਰਕ੍ਰਿਤੀ ਦਾ ਪ੍ਰਯੋਗ ਕਰਦੇ ਹਨ। ਕਹਿੰਦੇ ਹਨ, ਇੱਧਰ ਆਉ, ਲੱਛਮਨ, ਸੀਤਾ ਇਹ ਵੇਖੋ, ਪਤਿਤ ਪਾਵਨੀ "ਮਾਤਾ ਗੰਗਾ" ਨੂੰ। ਵੇਖੋ ਕਿਤਨੀ ਸੋਹਣੀ, ਮਨ ਨੂੰ ਹਰ ਲੈਣ ਵਾਲੀ, ਪਾਪਾਂ ਤੋਂ ਮੁਕਤ ਕਰਨ ਵਾਲੀ, ਦੁਖ, ਦਰਦ, ਭੈਅ ਤੋਂ ਅਭੈਦਾਨ ਦੇਣ ਵਾਲੀ ਗੰਗਾ! ਸ੍ਰੀ ਤੁਲਸੀ ਦਾਸ

ਜੀ, ਭਗਵਾਨ ਰਾਮ ਦੇ ਇਸ "ਪ੍ਰਬੰਧ" ਨੂੰ, ਦੁਖ-ਚਿੰਤਾ ਤੋਂ ਬਾਹਰ ਆਉਣ ਲਈ "ਮੈਨੇਜਮੇਂਟ" ਦਾ ਵਰਨਣ ਕਰਦੇ ਹਨ—

"ਕਹਿ, ਕਹਿ ਕੇਤਿਕ ਕਥਾ ਪ੍ਰਸੰਗਾ॥
ਰਾਮ ਬਿਲੋਕਹਿ ਗੰਗ ਤਰੰਗਾ॥"

ਗੰਗਾ ਦੇ ਸਵਰਗ ਤੋਂ ਧਰਤੀ ਤੇ ਅਵਤਰਨ ਦੀ, ਤਪ ਦੀ, ਭਾਗੀਰਥ ਦੇ ਉਪਰਾਲੇ ਦੀ, ਕਈ ਤਰ੍ਹਾਂ ਦੀਆਂ ਕਥਾ ਕਹਿੰਦੇ ਹਨ। ਉਹ ਵੇਖੋ! ਗੰਗਾ ਦੀਆਂ ਲਹਿਰਾਂ, ਉਠਦੀਆਂ ਜਲ ਤਰੰਗਾਂ 'ਚੋਂ ਲੰਘਦੀਆਂ ਸੂਰਜ ਦੀਆਂ ਕਿਰਣਾਂ ਨੂੰ ਵਖੌਂਦੇ ਹਨ। ਤਿੰਨੇ ਪ੍ਰਸੰਨ ਹੋ ਗਏ। ਦੁਖ, ਚਿੰਤਾ, ਥਕਾਨ ਦੂਰ ਕਰਨ ਲਈ ਗੰਗਾ ਦਾ ਇਸ਼ਨਾਨ ਕੀਤਾ। ਗੰਗਾ 'ਚੋਂ ਬਾਹਰ ਆਉਂਦਿਆਂ ਤਕ, ਦੋਵੇਂ ਭਾਈ ਅਤੇ ਸੀਤਾ, ਤਿੰਨੇ ਅਵਸਾਦ ਤੋਂ, ਭਵਿੱਖ ਦੀ ਚਿੰਤਾ ਤੋਂ ਮੁਕਤ ਹੋ ਗਏ। ਪ੍ਰਕ੍ਰਿਤੀ ਅਉਖਧ ਹੈ, ਬਸ, ਵਰਤਣ ਦੀ ਜਾਚ ਹੋਣੀ ਚਾਹੀਦੀ ਹੈ।

ਤਾਂ ਸ੍ਰੀ ਰਵਿੰਦਰਨਾਥ ਟੈਗੋਰ ਨੇ ਬੰਗਾਲ ਵਿਚ, ਕੁਦਰਤ ਵਲੋਂ ਸਿਰਜੀ ਹੋਈ ਵਾਦੀ ਵਿਚ "ਸ਼ਾਂਤੀ ਨਿਕੇਤਨ" ਦੀ ਸਥਾਪਨਾ ਕੀਤੀ। ਸੰਨ 1941 ਵਿਚ ਪਿਤਾ, ਸ੍ਰੀ ਦੇਵੇਂਦਰ ਨਾਥ ਟੈਗੋਰ ਦੀ ਮਿਰਤੂ ਉਪਰਾਂਤ ਲਿਖਿਆ, ਇਹ ਪ੍ਰਕ੍ਰਿਤੀ, ਇਹ ਰੁੱਖ, ਵਗਦੀਆਂ ਗਾਉਂਦੀਆਂ ਹਵਾਵਾਂ, ਮੈਨੂੰ ਪਿਤਾ ਦੀ ਸਦਾ ਮੌਜੂਦਗੀ ਦਾ ਸੁਨੇਹਾ ਦਿੰਦੀਆਂ ਹਨ... ਇਹਨਾਂ ਰੁੱਖਾਂ ਵਿਚ ਮੈਂ "ਰੱਬ" ਨੂੰ ਸਾਫ਼-ਸਾਫ਼ ਵੇਖਦਾ ਹਾਂ।

19

ਜਗਤ ਜਲੰਦਾ

ਜਗਤ ਜਲ ਰਿਹੈ। ਮੁਲਕ ਜਲ ਰਿਹੈ, ਪ੍ਰਾਂਤ ਜਲ ਰਿਹੈ, ਧਰਮ ਸੰਪਰਦਾਵਾਂ ਜਲ ਰਹੀਆਂ ਹਨ... ਸਮਾਜ, ਪਰਿਵਾਰ, ਹਰ ਮਨੁੱਖ ਜਲ ਰਿਹਾ ਹੈ।

ਇਹ ਅੱਗ ਕਈ ਤਰ੍ਹਾਂ ਦੀ ਹੈ। ਜੰਗਲ ਵਿਚ ਅੱਗ ਲਗੀ ਤਾਂ ਦਾਵਾਗਨੀ, ਭੁੱਖ ਦੀ ਅੱਗ ਜਠਰਾਗਨੀ ਹੈ। ਇਸੇ ਤਰ੍ਹਾਂ ਹੋਰ ਭਿਆਨਕ ਅੱਗਾਂ ਹਨ : ਕਾਮ ਅਗਨੀ, ਲੋਭ ਅਗਨੀ, ਕ੍ਰੋਧ ਅਗਨੀ। ਭਰਥਰੀ ਹਰੀ ਕਹਿੰਦੇ ਹਨ, ਤ੍ਰਿਸਨਾ ਦੀ ਅੱਗ ਤਾਂ ਬੁਝਦੀ ਹੀ ਨਹੀਂ। ਕਦੇ ਬਿਰਧ ਨਹੀਂ ਹੁੰਦੀ, ਕਮਜ਼ੋਰ ਨਹੀਂ ਹੁੰਦੀ... ਆਜੀਵਨ ਭਖਦੀ ਰਹਿੰਦੀ ਹੈ। ਵੈਰਾਗ ਸ਼ਤਕ ਵਿਚ ਭਰਥਰੀ ਹਰੀ ਲਿਖਦੇ ਹਨ—

"ਤ੍ਰਿਸ਼ਣਾ ਨ ਜਿਰਣਾ, ਵਯਮੇਵ ਜਿਰਣਾ॥"

ਤ੍ਰਿਸ਼ਨਾ ਕਦੇ ਬਿਰਧ ਨਹੀਂ ਹੁੰਦੀ, ਅਸੀਂ ਬੁੱਢੇ ਹੋ ਜਾਂਦੇ ਹਾਂ।

ਅਜ ਦੁਨੀਆਂ ਜਿਵੇਂ ਬਾਰੂਦ ਦੇ ਢੇਰ ਤੇ ਬੈਠੀ ਹੈ... ਵਿਨਾਸ਼ ਦੇ ਕੰਢੇ ਤੇ! ਬਸ ਇਕ ਕਦਮ ਅੱਗੇ, ਮਹਾਂਵਿਨਾਸ਼ ਦੀ ਘਾਟੀ! ਰੂਸ-ਯੁਕਰੇਨ, ਚੀਨ-ਤਾਇਵਾਨ, ਭਾਰਤ-ਚੀਨ, ਭਾਰਤ-ਪਾਕਿਸਤਾਨ, ਇਜਰਾਇਲ-ਫ਼ਿਲਸਤੀਨ, ਸਾਰੇ ਉਲਝੇ ਹੋਏ ਹਨ। ਭਾਰਤ ਦਾ ਮਨੀਪੁਰ ਪ੍ਰਾਂਤ, ਮੈਤੇਈ ਅਤੇ ਕੂਕੀ ਦੋ ਸੰਪਰਦਾਵਾਂ ਵਿਚ ਪਿਛਲੇ 3 ਮਈ ਤੋਂ ਭਾਂਬੜ ਮੱਚੀ ਹੈ। ਧਿਆਨ ਨਾਲ ਵੇਖਾਂਗੇ, ਤਾਂ ਹਰ ਮਨੁੱਖ ਅੰਦਰ ਚਿੰਤਾ ਅਤੇ ਬੇਬਸੀ ਦੀ ਲੋਅ ਅੱਖਾਂ ਵਿਚ ਸਾਫ਼ ਦਿਖਾਈ ਦਿੰਦੀ ਹੈ।

ਸ਼ਾਇਰ, ਸ਼ਹਰਯਾਰ ਲਿਖਦਾ ਹੈ—

"ਸੀਨੇ ਮੇਂ ਜਲਨ, ਆਂਖੋਂ ਮੇਂ ਤੂਫ਼ਾਂ ਸਾ ਕਯੂੰ ਹੈ।
ਹਰ ਸ਼ਖ਼ਸ ਯਹਾਂ ਪਰਿਸ਼ਾਂ ਸਾ ਕਯੂੰ ਹੈ॥"

ਇਹ ਦ੍ਰਿਸ਼ ਮਨੁੱਖੀ ਜਗਤ ਦੇ ਭਵਿੱਖ ਪ੍ਰਤੀ ਸੌ ਸੌ ਸਵਾਲ ਖੜੇ ਕਰ ਰਹੇ ਹਨ। ਮਨੁੱਖ ਦੇ ਅੰਦਰਲੇ ਜੀਂਸ ਕਿਉਂ ਸੰਵੇਦਨਾ ਤੋਂ ਹੀਨ ਹੋ ਗਏ ਹਨ? 31 ਮਈ 2023 ਦੀ ਘਟਨਾ, ਅਖਬਾਰਾਂ ਵਿਚ ਛਪੀ। ਫ਼ਰੀਦਾਬਾਦ, ਇਕ ਨਿਮਨ-ਮੱਧਮ ਵਰਗ ਦੇ ਪਰਿਵਾਰ ਵਿਚ ਦੋ ਨਾਬਾਲਿਗ ਭੈਣ ਭਰਾ ਹਨ। ਭੈਣ 15 ਸਾਲ ਦੀ, ਛੋਟਾ ਭਾਈ 13 ਸਾਲਾਂ ਦਾ। ਮਾਤਾ ਪਿਤਾ ਪੁੱਤਰ ਨੂੰ ਮੁਨਾਫੇ-ਜੋਗ ਸ਼ੈਅ ਸਮਝ ਕੇ, ਬਹੁਤਾ ਲਾਡ-ਪਿਆਰ ਕਰਦੇ ਹਨ। ਧੀ ਨੂੰ ਪਰਾਇਆ ਧਨ ਸਮਝ ਕੇ, ਤਰਜੀਹ ਨਹੀਂ ਦੇਂਦੇ। ਪੁੱਤਰ ਜਦੋਂ ਮੋਬਾਈਲ ਮੰਗੇ, ਜਾਂ ਕੋਈ ਹੋਰ ਸ਼ੈਅ ਤਾਂ ਉਸ ਦੀ ਮੰਗ ਉਸੇ ਵੇਲੇ ਪੂਰੀ ਕਰਦੇ ਹਨ, ਪ੍ਰੰਤੂ ਧੀ ਦਾ ਮਨ ਕਰੇ ਤਾਂ ਝਿੜਕ ਫਿਟਕਾਰ ਕੇ ਭਜਾ ਦਿੰਦੇ ਹਨ। ਆਤਮ ਗਲਾਨੀ, ਹੀਣਤਾ ਦਾ ਭਾਵ ਲੜਕੀ ਵਿਚ ਗਹਿਰੇ ਬਹਿੰਦਾ ਗਿਆ ਔਰ ਉਸ ਦਿਨ,

30 ਮਈ 2023 ਨੂੰ ਪ੍ਰਤਿਸ਼ੋਧ... ਬਦਲੇ ਦੀ ਅੱਗ, ਲਪਟਾਂ ਬਣ ਕੇ ਉੱਠ-ਖਲੋਤੀ। ਪਹਿਲਾਂ ਮੈਂ ਇਕੱਲੀ ਸਾਂ, ਤਾਂ ਮਾਤਾ-ਪਿਤਾ ਦੀ ਇਕਲੌਤੀ ਸੰਤਾਨ ਸਾਂ, ਪਿਆਰ-ਲਾਡ ਦੀ ਇਕੋ ਅਧਿਕਾਰੀ ਸਾਂ। ਇਹ "ਵੈਰੀ" ਆਇਆ ਤਾਂ ਮੇਰੀ ਬੇਕਦਰੀ ਸ਼ੁਰੂ ਹੋ ਗਈ। ਇਸ ਨੂੰ ਹੀ ਮਾਰ ਮੁਕਾਵਾਂ। ਇਕ ਰੱਸੀ ਨਾਲ ਗੱਲ ਘੋਟ ਕੇ ਛੋਟੇ ਭਾਈ ਨੂੰ ਮਾਰ ਦਿੱਤਾ। ਵੇਖਣ ਨੂੰ ਅਖਬਾਰ ਦੀ ਨਿੱਕੀ ਜਿਹੀ ਖਬਰ, ਪਰ ਮਨੋਵਿਗਿਆਨੀਆਂ ਲਈ ਗਹਿਰੇ ਵਿਸ਼ਲੇਸ਼ਣ ਦਾ ਵਿਸ਼ਾ ਦਿੱਸਿਆ। ਮਾਤਾ-ਪਿਤਾ ਦੀ ਆਪਣੀ ਹੀ ਔਲਾਦ ਪ੍ਰਤੀ ਭਿੰਨ ਭੇਦ ਭਰੀ ਸੋਚ, ਅੱਗੋਂ ਜੀਂਸ ਰਾਹੀਂ ਬੱਚਿਆਂ ਦੇ ਖ਼ੂਨ ਵਿਚ ਵੱਗਣ ਲਗ ਪਈ। ਪੁੱਤਰ, "ਬੁਢੇਪੇ ਦੀ ਲਾਠੀ" ਜਿਹੇ ਮੁਹਾਵਰਿਆਂ ਨੇ, ਮਨੁੱਖ ਦੇ "ਅੱਜ" ਵਿਚ ਅੱਗ ਲਾ ਦਿੱਤੀ। ਮਨੁੱਖ ਦੀ ਮਤਲਬੀ, ਸਵਾਰਥੀ ਸੋਚ ਨੇ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੱਤਾ। ਇਸ ਅੱਗ ਦੀਆਂ ਲਪਟਾਂ, ਗੁਰੂ ਘਰ ਵਿਚ ਭੀ, ਸਮੇਂ-ਸਮੇਂ ਦਿਸਦੀਆਂ ਰਹੀਆਂ।

ਬਾਸਰਕੇ ਪਿੰਡ ਦੇ ਭਾਈ (ਗੁਰੂ) ਅਮਰਦਾਸ ਜੀ, ਭਤੀਜਿਉਂ ਨੂੰਹ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਧੀ, ਬੀਬੀ ਅਮਰੋ ਤੋਂ, ਸ੍ਰੀ ਗੁਰੂ ਨਾਨਕ ਦੀ ਬਾਣੀ ਦਾ ਮਧੁਰ ਕੰਠ ਨਾਲ ਪਾਠ ਸੁਣ ਕੇ ਖਿੱਚ ਪਈ। ਸੰਨ 1539 ਵਿਚ, 60 ਸਾਲ ਦੀ ਉਮਰ ਤੋਂ ਸੇਵਾ ਕਰਨ ਲੱਗੇ। 13 ਵਰ੍ਹੇ 73 ਸਾਲ ਦੀ ਉਮਰ ਵਿਚ ਸ੍ਰੀ ਗੋਇੰਦਵਾਲ, ਬਿਆਸਾ 'ਚੋਂ ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਦੇ ਇਸ਼ਨਾਨ ਲਈ ਜਲ ਦੀ ਗਾਗਰ, ਰੋਜ਼ ਦੀ ਤਰ੍ਹਾਂ ਮੋਢੇ ਤੇ ਚੁੱਕ ਕੇ ਸ੍ਰੀ ਖਡੂਰ ਸਾਹਿਬ ਆਉਂਦਿਆਂ, ਜੁਲਾਹੇ ਦੀ ਖੱਡੀ ਤੇ ਪੈਰ ਅੜ ਗਿਆ, ਖੱਡੇ ਵਿਚ ਡਿੱਗ ਪਏ।

ਇਹ ਖੜਾਕਾ ਕਾਹਦਾ... ਇਹ ਅੱਧੀ ਰਾਤ ਨੂੰ ਕੌਣ ? ਜੁਲਾਹੀ ਨੇ ਸੁੱਤਿਆਂ ਹੀ ਪੁਛਿਆ।

"ਅਮਰੂ ਨਿਥਾਵਾਂ ਹੋਣੈ.... ਹੋਰ ਕੌਣ ਇਸ ਵੇਲੇ ਹੋਣੈ"—ਜੁਲਾਹਾ।

ਅੰਤਰ ਜਾਮੀ ਸਤਿਗੁਰ ਅੰਗਦ ਦੇਵ ਜੀ, ਉਸੇ ਵੇਲੇ ਬਾਬਾ ਬੁੱਢਾ ਜੀ ਤੇ ਹੋਰ ਸੇਵਕਾਂ ਨੂੰ ਨਾਲ ਲੈ ਕੇ ਉਸ ਥਾਂ ਤੇ ਪੁੱਜੇ। ਪਿਆਰੇ ਸਿੱਖ ਨੂੰ ਖੱਡੇ 'ਚੋਂ ਕੱਢਿਆ। ਘਰ ਲਿਆਂਦਾ। ਮਾਘੀ ਦਾ ਦਿਹਾੜਾ ਸੀ। ਇਸ਼ਨਾਨ ਕਰਵਾ, ਨਵੇਂ ਬਸਤਰ ਪਵਾ ਕੇ, ਗੁਰਤਾ ਗੱਦੀ ਤੇ ਬਿਰਾਜਮਾਨ ਕਰਵਾਇਆ। ਪੁੱਤਰ ਦੋਵੇਂ, ਭਾਈ ਦਾਤੂ ਜੀ ਅਤੇ ਭਾਈ ਦਾਸੂ ਜੀ, ਰੋਸ ਵਜੋਂ ਬੁੱੜ-ਬੁੱੜ ਕਰਦਿਆਂ, ਸੰਗਤ ਸਭਾ ਚੋਂ ਉੱਠ ਕੇ ਚਲੇ ਗਏ। ਗੁਰੂ ਅੰਗਦ ਦੇਵ ਜੀ ਨੇ, ਪੁੱਤਰਾਂ ਦੀ ਸੋਚ ਵੇਖਦਿਆਂ ਹੋਇਆਂ ਹੁਕਮ ਕੀਤਾ, "ਪੁਰਖਾ, ਗੋਇੰਦਵਾਲ ਚਲਾ ਜਾ... ਸਿੱਖੀ ਦਾ ਪ੍ਰਸਾਰ ਸੰਭਾਲ ਕਰੋ। ਜਿੱਥੇ ਤੁਸੀਂ ਹੋਵੋਗੇ, ਉਥੇ ਹੀ ਸੰਗਤ ਆਵੇਗੀ। ਤੀਜੇ ਸਤਿਗੁਰ ਸ੍ਰੀ ਗੋਇੰਦਵਾਲ ਚਲੇ ਗਏ। ਸਤਿਗੁਰ ਜੀ ਨੇ, ਪਹਿਲਾ ਕੰਮ, ਸ੍ਰੀ ਗੁਰੂ ਨਾਨਕ ਅਤੇ ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਦੀ ਰਚੀ ਬਾਣੀ, ਦਾ ਸੰਗ੍ਰਹਿ ਕਰ, "ਪੋਥੀ" ਦਾ ਰੂਪ ਦਿੱਤਾ।

ਫਿਰ ਮਾਂ ਬੋਲੀ ਪੰਜਾਬੀ ਦੀ ਸਿੱਖਿਆ, ਆਪ ਦੋ ਘੰਟੇ ਵਿਦਿਆਰਥੀਆਂ ਨੂੰ ਅੱਖਰ ਗਿਆਨ ਕਰਵਾਉਂਦੇ, ਸੰਥਾ ਦਿੰਦੇ। ਵਿਦਿਆਰਥੀਆਂ ਤੋਂ ਪਿਛਲੀ ਸੰਥਾ ਸੁਣਦੇ,

ਲਿਖਤ ਵੇਖਦੇ। ਮਾਂ ਬੋਲੀ ਦੀ ਵਡਮੁੱਲੀ ਸੇਵਾ ਕੀਤੀ। ਸ੍ਰੀ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰ ਲਈ ਪੰਜਾਬ ਨੂੰ 22 ਜੋਨਾਂ ਵਿੱਚ ਵੰਡ ਕੇ, 22 ਮੰਜੀਆਂ ਪ੍ਰਚਾਰਕਾਂ ਨੂੰ ਬਖਸ਼ੀਆਂ।

"ਗੁਰੂ ਕਾ ਲੰਗਰ" ਸਾਰਿਆਂ ਲਈ, ਭਾਵੇਂ ਦਿੱਲੀ ਦਾ ਬਾਦਸ਼ਾਹ ਅਕਬਰ ਆਇਆ, ਲਾਜ਼ਮੀ ਕੀਤਾ। ਜ਼ਾਤ-ਪਾਤ ਦੇ ਭਿੰਨ-ਭੇਦ ਨੂੰ ਮਿਟਾ ਕੇ, ਇਕ ਪੰਗਤ ਵਿਚ ਬੈਠ ਕੇ ਲੰਗਰ ਛੱਕਣ ਦੀ ਪ੍ਰੰਪਰਾ ਤੋਰੀ।

ਇਹਨਾਂ ਉਦਮਾਂ ਸਦਕਾ, ਸ੍ਰੀ ਗੋਇੰਦਵਾਲ ਸਾਹਿਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੋਭਾ, ਦੂਰ-ਦੂਰ ਤਕ ਪੁਚਾਈ। ਸੰਗਤਾਂ ਦੂਰੋਂ ਦੂਰੋਂ ਦਰਸ਼ਨ ਲੋਚਦੀਆਂ ਆਉਂਦੀਆਂ। ਭਾਈ ਦਾਤੂ ਜੀ, ਗੁਰੂ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ, ਇਹ ਸ਼ੋਭਾ ਵੇਖ ਕੇ ਜਰ ਨਾ ਸਕੇ। ਈਰਖਾ ਦੀ ਅੱਗ ਲਗ ਗਈ। ਗੁਰਤਾ ਗੱਦੀ ਤੇ ਬੈਠੇ ਹੋਏ, 73 ਵਰ੍ਹਿਆਂ ਦੇ ਸਤਿਗੁਰਾਂ ਨੂੰ ਪਿੱਛੋਂ, ਜ਼ੋਰ ਦੀ ਲੱਤ ਮਾਰੀ। ਮੂੰਹ ਭਾਰ ਅੱਗੇ ਨੂੰ ਡਿੱਗੇ। ਕਾਹਲੀ-ਕਾਹਲੀ ਉੱਠ ਕੇ, ਭਾਈ ਦਾਤੂ ਜੀ ਦੇ ਪੈਰ ਹੱਥ ਵਿਚ ਲੈ ਕੇ ਸਹਿਲਾਉਣ ਲੱਗ ਪਏ। ਮੇਰੀ ਬੁੱਢੀਆਂ ਹੱਡੀਆਂ ਸਖਤ ਹੋ ਚੁਕੀਆਂ ਹਨ, ਮੇਰੇ ਗੁਰੂ-ਪੁੱਤਰ ਦੇ ਚਰਨ ਕੋਮਲ ਹਨ... ਤੁਹਾਡੇ ਸੱਟ ਲੱਗੀ ਹੋਣੀ। ਸਤਿਗੁਰੂ ਜੀ ਨੇ ਹੁਕਮ ਕੀਤਾ, ਜਿਤਨਾ ਚੜ੍ਹਾਵਾ ਆਇਆ ਹੈ, ਉਹ ਸਾਰਾ ਖੁਰਜੀ ਵਿਚ ਪਾ ਕੇ, ਖੱਚਰ ਤੇ ਲੱਦ ਕੇ, ਸ੍ਰੀ ਦਾਤੂ ਜੀ ਨੂੰ ਦੇ ਦਿਉ। ਉਵੇਂ ਹੀ ਕੀਤਾ ਗਿਆ। ਗੁਰੂ ਨਾਨਕ ਪਾਤਸ਼ਾਹ, ਮਾਰੂ ਰਾਗ ਵਿਚ ਕਹਿੰਦੇ ਹਨ—

"ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥"

ਮਨ ਦੀ ਕਲਮ ਸਿਆਹੀ ਨਾਲ, ਕਰਮ ਦੇ ਸਫਿਆਂ ਤੇ ਮਾੜੇ-ਚੰਗੇ ਦੋਵੇਂ ਲੇਖ ਮਨੁੱਖ ਲਿਖਦਾ ਹੈ ਅਤੇ ਉਸੇ ਅਨੁਸਾਰ ਕਰਮ ਫਲ ਭੀ ਭੋਗਦਾ ਹੈ।

ਭਾਈ ਦਾਤੂ ਜੀ ਨੂੰ ਗੋਇੰਦਵਾਲ ਤੋਂ ਖਡੂਰ ਸਾਹਿਬ ਜਾਂਦਿਆਂ ਰਾਹ ਵਿਚ, ਚੋਰਾਂ ਨੇ ਫੜ ਕੇ ਨਾਲੇ ਬਹੁਤ ਮਾਰਿਆ ਕੁੱਟਿਆ ਅਤੇ ਸਾਰੀ ਮਾਇਆ ਭੀ ਖੋਹ ਲਈ। ਉਧਰ, ਸ੍ਰੀ ਗੋਇੰਦਵਾਲ, ਤੀਜੇ ਪਾਤਸ਼ਾਹ ਦਾ ਮਨ ਉਚਾਟ ਹੋਇ ਗਿਆ। ਰਾਤ ਨੀਂਦ ਨਾ ਆਵੇ। ਅੱਧੀ ਰਾਤ ਗੋਇੰਦਵਾਲ ਤੋਂ ਨਿਕਲ ਪਏ... ਜੰਗਲ ਵਿਚ, ਸ਼ਾਇਦ ਸਰਕਾਰੀ ਸੁਰੱਖਿਆ ਮੁਲਾਜ਼ਮ ਲਈ ਬਣੇ ਹੋਇ, ਗੋਲ ਜਿਹੇ ਕਮਰੇ ਵਿਚ ਬੰਦਗੀ ਕਰਨ ਲੱਗ ਪਏ। ਬਾਹਰ ਲਿਖ ਕੇ ਲਾ ਦਿੱਤਾ, ਜਿਹੜਾ ਇਹ ਦਰਵਾਜ਼ਾ ਖੋਲੇਗਾ, ਉਸ ਦੇ ਦੋਵੇਂ ਲੋਕ ਵਿਗੜ ਜਾਣਗੇ। ਸਵੇਰੇ, ਸ੍ਰੀ ਗੋਇੰਦਵਾਲ "ਵਾਰ" ਵਿਚ ਸੰਗਤ ਉਡੀਕਦੀ ਰਹੀ... ਸਤਿਗੁਰ ਜੀ ਨਾ ਆਏ। ਸੇਵਕਾਂ ਨੇ ਕਮਰੇ ਅੰਦਰ, ਹਰ ਪਾਸੇ ਸਭ ਥਾਂਈਂ ਵੇਖਿਆ, ਸਤਿਗੁਰ ਜੀ ਨਹੀਂ ਦਿੱਸੇ। ਚਿੰਤਾ ਵਿਆਪ ਗਈ। ਸੰਗਤ ਨੇ ਬਾਬਾ ਬੁੱਢਾ ਜੀ ਕੋਲ ਜਾ ਕੇ ਖਬਰ ਦਿੱਤੀ। ਬਾਬਾ ਬੁੱਢਾ ਜੀ ਨੇ ਅੰਤਰ ਦ੍ਰਿਸ਼ਟੀ ਨਾਲ ਵੇਖ ਲਿਆ। ਸਤਿਗੁਰ ਜੀ ਦਾ ਘੋੜਾ ਮੰਗਵਾਇਆ, ਉਤੇ ਕਾਠੀ ਪਾਈ ਤੇ ਅਰਦਾਸ ਕਰ ਕੇ ਘੋੜਾ ਤੋਰ ਲਿਆ, ਸੰਗਤਾਂ ਨੂੰ ਸਤਿਗੁਰ ਨਾਲ ਮਿਲਾ ਦੇ। ਘੋੜਾ ਤੁਰਦਾ ਤੁਰਦਾ ਜੰਗਲ ਵਿਚ, ਉਸੇ ਗੋਲ ਮਠ ਜਿਹੇ ਕਮਰੇ ਅੱਗੇ ਖਲੋ ਗਿਆ। ਬਾਬਾ ਬੁੱਢਾ ਜੀ ਨੇ ਲਿਖਿਆ ਹੋਇਆ ਸਤਿਗੁਰਾਂ ਦਾ ਹੁਕਮ ਪੜ੍ਹਿਆ—ਸੰਗਤਾਂ ਨੂੰ ਇਸ਼ਾਰੇ ਨਾਲ ਦੱਸਿਆ,

ਸਤਿਗੁਰ ਜੀ ਇਸ ਬੰਦ ਕਮਰੇ ਵਿਚ ਹਨ। ਪਰ ਦਰਵਾਜ਼ਾ ਖੋਲ੍ਹਣ ਦਾ ਹੁਕਮ ਨਹੀਂ ਸੀ। ਜੁਗਤ ਲਾਈ ਕਮਰੇ ਦੇ ਪਿੱਛਲੇ ਪਾਸੇ ਦੀਵਾਰ ਨੂੰ ਸੰਨ੍ਹ ਲਾਇਆ—ਅੰਦਰ ਸਤਿਗੁਰ ਅਡੋਲ ਬੰਦਗੀ ਵਿਚ ਜੁੜੇ ਹੋਏ ਸਨ। ਬਾਬਾ ਬੁੱਢਾ ਜੀ ਨੇ ਅਰਜ਼ ਕੀਤੀ... ਤਰਲਾ ਪਾ ਕੇ ਸਤਿਗੁਰ ਜੀ ਨੂੰ ਗੋਇੰਦਵਾਲ ਲੈ ਆਏ।

ਭਗਤ ਕਬੀਰ ਜੀ ਕਹਿੰਦੇ ਹਨ, ਪੰਜ ਪੁੱਤਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਇਕ ਉਹਨਾਂ ਨੂੰ ਜੰਮਣ ਵਾਲੀ ਮਾਂ, ਤ੍ਰਿਸ਼ਨਾ ਮੈਨੂੰ ਬੇਚੈਨ ਕਰਦੇ ਰਹਿੰਦੇ ਹਨ। ਇਹ ਸਾਰੀਆਂ ਤੀਜੇ ਪਾਤਸ਼ਾਹ ਕਹਿੰਦੇ ਹਨ, ਅੱਗ ਹਨ, ਸਾਰੇ ਜਗਤ ਨੂੰ ਸਾੜ ਰਹੀਆਂ ਹਨ।

ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ! ਪ੍ਰਕਾਸ਼ ਲਿਆ ਤਾਂ ਤਾਇਆ ਜੀ, ਤਾਈ ਜੀ, ਪ੍ਰਿਥੀ ਚੰਦ ਅਤੇ ਉਨ੍ਹਾਂ ਦੀ ਘਰ ਵਾਲੀ, ਬੀਬੀ ਕਰਮੋ—ਵੈਰੀ ਹੋ ਗਏ। ਕਦੇ ਦੁੱਧ ਵਿਚ ਜ਼ਹਿਰ ਲੱਗੀ ਦਾਈ ਭੇਜਦੇ, ਕਦੇ-ਜ਼ਹਿਰੀਲੇ ਸੱਪ ਨਾਲ, ਸਪੇਰੇ ਨੂੰ ਭੇਜਦੇ। ਮਾਰ ਦੇਣ ਦੇ ਹਰ ਰੋਜ਼ ਨਵੇਂ ਜਤਨ ਕਰਦੇ। ਇਹਨਾਂ ਦੀਆਂ ਸਾਜ਼ਿਸ਼ਾਂ ਕਰ ਕੇ ਗੁਰੂ ਪਿਤਾ, ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ। ਫਿਰ ਜਹਾਂਗੀਰ ਬਾਦਸ਼ਾਹ ਦੀ ਬਿਮਾਰੀ ਦਾ ਬਹਾਨਾ ਲਾ ਕੇ ਈਰਖਾਵਾਦੀਆਂ ਨੇ, ਗਵਾਲੀਅਰ ਕਿਲੇ ਵਿਚ ਨਜ਼ਰਬੰਦ ਕਰਵਾਇਆ। ਉਥੋਂ ਨਿਕਲੇ ਤਾਂ ਸ਼ਾਹਜਹਾਂ ਵੈਰੀ ਹੋ ਗਿਆ। ਸੂਬਾ ਲਾਹੌਰ ਅਤੇ ਜਲੰਧਰ ਦੇ ਅਨਵਰ ਖਾਂ ਦੇ ਹਮਲੇ ਸ੍ਰੀ ਅੰਮ੍ਰਿਤਸਰ ਸ਼ੁਰੂ ਹੋ ਗਏ। ਬੀਬੀ ਵੀਰੋ (ਲੜਕੀ) ਦਾ ਵਿਆਹ, ਝਬਾਲ ਜਾ ਕੇ ਕੀਤਾ। ਫਿਰ ਝਬਾਲ ਤੋਂ ਕਰਤਾਰਪੁਰ ਆਏ। ਇਥੇ ਆਪਣਾ ਹੀ ਪੋਤਰਾ, ਬਾਬਾ ਗੁਰਦਿੱਤਾ ਜੀ ਦਾ ਪੁੱਤਰ, ਧੀਰਮਲ, ਕਰਤਾਰਪੁਰ ਨੂੰ ਆਪਣੀ ਜਾਗੀਰ ਸਮਝ ਕੇ ਕਾਬਜ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਜਿਹੜੀ ਪੰਜਵੇਂ ਪਾਤਸ਼ਾਹ ਜੀ ਨੇ ਭਾਈ ਬੰਨੋ ਜੀ ਤੋਂ ਉਤਾਰਾ ਕਰਵਾਈ ਸੀ, ਉਹ ਇਕ ਬੀੜ ਕੋਠੇ ਵਾਲੇ ਕਮਰੇ ਵਿਚ ਜੰਦਰਾ ਲਾ ਕੇ ਰੱਖੀ ਸੀ। ਉਸ ਨੂੰ ਇਹ ਲਗਦਾ ਸੀ, ਜਿਸ ਪਾਸ "ਬੀੜ" ਹੋਵੇਗੀ, ਗੁਰਤਾ ਦਾ ਅਧਿਕਾਰੀ ਉਹੀ ਹੋਵੇਗਾ। ਰੋਜ਼ ਸਤਿਗੁਰ ਜੀ, ਦਾਦਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ, ਕਿਸੇ ਬਹਾਨੇ, ਝਗੜਾ ਕਰਦਾ, ਤਰਕ ਵਿਵਾਦ ਕਰਦਾ, ਹੁਕਮ ਅਦੂਲੀ ਕਰਦਾ। ਸਤਿਗੁਰ ਜੀ ਸੋਚਿਆ, ਇਥੇ ਰਹੇ ਤਾਂ ਕਿਸੇ ਦਿਨ ਪਾਣੀ ਸਿਰ ਤੋਂ ਲੰਘ ਜਾਣੈ, ਜਾਂ ਆਪਣੇ ਹੀ ਪੋਤਰੇ ਨਾਲ ਜੰਗ ਕਰਨੀ ਪੈਣੀ। ਇਹ ਗੱਲ ਠੀਕ ਨਹੀਂ। ਕਰਤਾਰਪੁਰ ਛੱਡਿਆ "ਕੀਰਤਪੁਰ" ਆ ਡੇਰਾ ਲਾਇਆ।

ਵਕਤ ਦੌੜਦਾ ਰਿਹਾ, "ਅੱਗ" ਨੇ ਗੁਰੂ ਪਰਮੇਸ਼ਰ ਦੇ ਘਰ ਭੀ ਸਾੜਨ ਲਈ ਪੂਰਾ ਜ਼ੋਰ ਲਾਇਆ।

ਤਾਂ ਤੀਜੇ ਪਾਤਸ਼ਾਹ ਕਹਿੰਦੇ ਹਨ—

"ਜਗਤ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ॥"

20
"ਪਰਮੇਸ਼ਰ ਦਾ ਭਾਣਾ"

ਭਾਈ ਪਾਰੋ, ਕਪੂਰਥਲੇ ਦੇ ਡੱਲੇ ਪਿੰਡ ਦਾ, ਤੀਜੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਦਾ ਸ਼੍ਰਧਾਲੂ ਸਿੱਖ ਸੀ। ਨਿਯਮ ਨਾਲ ਹਰ ਰੋਜ਼ ਡੱਲੇ ਪਿੰਡ ਤੋਂ ਸ੍ਰੀ ਗੋਇੰਦਵਾਲ, ਸਤਿਗੁਰ ਜੀ ਦੇ ਦਰਸ਼ਨ ਸੁਖ ਲਈ ਆਉਂਦਾ ਸੀ। ਰਸਤੇ ਵਿਚ ਬਿਆਸਾ ਦਾ ਪੱਤਨ ਸੀ, ਲੰਘ ਕੇ ਨੇਮ ਨਾਲ ਪਹੁੰਚਦਾ ਸੀ। ਇਕ ਦਿਨ ਪੁੱਜਿਆ ਤਾਂ ਸਤਿਗੁਰ ਪਾਤਸ਼ਾਹ, ਸਿਰੀ ਰਾਗ ਵਿਚ, ਆਪਣੀ ਹੀ ਉਚਾਰੀ ਹੋਈ ਬਾਣੀ ਦੀ ਕਥਾ ਕਰ ਰਹੇ ਸਨ—

"ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥
ਨਿਜ ਘਰਿ ਵਸਹਿ ਅੰਮ੍ਰਿਤ ਪੀਵਹਿ ਤਾਂ ਸੁਖ ਲਹਹਿ ਮਹਲੁ॥"

ਕਥਾ ਦੀ ਸਮਾਪਤੀ ਤੇ ਭਾਈ ਪਾਰੋ ਨੇ ਨਿਮ੍ਰਤਾ ਸਹਿਤ ਜਗਿਆਸਾ ਪ੍ਰਗਟ ਕੀਤੀ, ਸਤਿਗੁਰ ਜੀ! ਭਾਣੇ ਦਾ ਕੀ ਭਾਵ ਹੈ? ਸਤਿਗੁਰਾਂ ਬਚਨ ਕੀਤਾ, ਮਨੁੱਖ ਦੇ ਅੰਦਰ, ਮਨ ਮੁਖੀ ਹੈ ਤਾਂ ਨਾਂ ਹੈ, ਮਨੁੱਖ! ਮਨ ਨੂੰ ਜੋ ਭਾਉਂਦਾ ਹੈ, ਜੋ ਚੰਗਾ ਲਗਦਾ ਹੈ, ਮਨੁੱਖ ਉਹ ਕੰਮ ਕਰਦਾ ਹੈ... ਮਨ ਭਾਉਂਦਾ ਪਦਾਰਥ ਪ੍ਰਾਪਤ ਕਰਨ ਲਈ, ਭੋਗਾਂ ਲਈ ਜਤਨਸ਼ੀਲ ਰਹਿੰਦਾ ਹੈ, ਪਰ ਸ੍ਰਿਸ਼ਟੀ ਉਪਰ ਭਾਣਾ ਤਾਂ, ਇਕੋ ਪਰਮੇਸ਼ਰ ਦਾ ਚਲਦਾ ਹੈ। ਭਗਤ ਫਰੀਦ ਜੀ ਕਹਿੰਦੇ ਹਨ—

"ਫਰੀਦਾ ਦਰੀਆਵੈ ਕੰਨ੍ਹੈ, ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨ ਸੋ ਗਾਲੀ ਰਬ ਕੀਆਂ॥"

ਇਹ ਜੋ ਰਬ ਦੇ ਬਾਜ ਹਨ, ਉਹ ਭਾਣਾ ਹੈ। ਮਨੁੱਖ ਮੌਤ ਨਹੀਂ ਚਾਹੁੰਦਾ, ਦੁਖ ਨਹੀਂ ਚਾਹੁੰਦਾ, ਪਰ ਭਾਣੇ ਵਿਚ ਦੁਖ-ਸੁਖ, ਜਨਮ-ਮੌਤ ਸਭ ਕੁਝ ਘਟਦਾ ਹੈ। ਭਾਈ ਪਾਰੋ, ਗੁਰੂ ਦੀ ਬਖਸ਼ਿਸ਼ ਨਾਲ, ਭਾਣੇ ਅੰਦਰ ਰਹਿੰਦਾ ਹੈ। ਭਾਣੇ ਦੀ ਭਰੋਸੇ ਨਾਲ ਕਮੇਸਟ੍ਰੀ ਹੁੰਦੀ ਹੈ। ਇਹ ਦੋਵੇਂ ਸੰਗ ਸੰਗ ਰਹਿੰਦੇ ਹਨ। ਗੁਰੂ ਤੇ ਭਰੋਸਾ ਹੋਏ ਤਾਂ ਬਾਣੀ ਦਾ ਪਾਠ ਸਾਰਥਕ ਹੈ—

"ਤੇਰਾ ਕੀਆ ਮੀਠਾ ਲਾਗੈ।"

ਭਾਈ ਪਾਰੋ ਪੂਰੇ ਭਰੋਸੇ ਵਿਚ ਹੈ, ਭਾਣੇ ਅੰਦਰ ਹੈ। ਪਰ ਇਕ ਵਾਰ ਪਰਚਾ ਪੈ ਗਿਆ ਤਾਂ ਖਿੜ੍ਹਕ ਗਿਆ। ਕਾਬੁਲ ਤੋਂ ਇਕ ਸੇਠ ਸੇਠਨੀ ਆਏ। ਸਤਿਗੁਰ ਜੀ ਅੱਗੇ ਅਰਜ਼ ਕੀਤੀ, ਘਰ ਵਿਚ ਧਨ, ਸੰਪਤੀ, ਸੁਖ ਦੇ ਸਾਧਨ ਸਾਰੇ ਹਨ, ਔਲਾਦ ਨਹੀਂ ਹੈ। ਕਿਰਪਾ ਕਰੋ ਔਲਾਦ ਬਖ਼ਸ਼ੋ। ਸਤਿਗੁਰ ਜੀ ਨੇ ਵੇਖਿਆ, ਇਹਨਾਂ ਦੇ ਪੂਰਬਲੇ ਕਰਮਾਂ

ਕਰ ਕੇ ਭਾਗਾਂ ਵਿਚ ਔਲਾਦ ਸੁਖ ਨਹੀਂ। ਸਤਿਗੁਰ ਜੀ ਨੇ ਬਚਨ ਕੀਤਾ, ਤੁਹਾਡੇ ਕਰਮਾਂ ਵਿਚ ਔਲਾਦ ਨਹੀਂ ਹੈ। ਉਹ ਸੰਗਤ ਭਰੇ ਦਰਬਾਰ 'ਚੋਂ ਨਿਰਾਸ਼ ਬਾਹਰ ਆ ਰਹੇ ਸਨ। ਦੋਵੇਂ ਜੀਅ ਨਿਰਾਸ਼ ਅੱਖਾਂ ਵਿਚ ਹੰਝੂ ਭਰੇ ਹੋਇ, ਮੁਖ ਤੋਂ ਕਹਿੰਦੇ ਹਨ, "ਬਹੁਤ ਸੁਣਿਆ ਸੀ, ਗੁਰੂ ਨਾਨਕ ਦੇ ਦਰ ਤੇ ਮੂੰਹੋਂ ਮੰਗੀਆਂ ਮੁਰਾਦਾਂ ਮਿਲਦੀਆਂ ਹਨ... ਪਰ ਇਥੋਂ ਭੀ ਕੁਝ ਨਾ ਮਿਲਿਆ... ਖਾਲੀ ਹੱਥ ਜਾ ਰਹੇ ਹਾਂ।" ਅਗੋਂ ਭਾਈ ਪਾਰੋ ਜੀ, ਆ ਰਹੇ ਸਨ। ਦੁਖੀ ਦੰਪਤੀ ਨੂੰ ਵੇਖਿਆ ਤਾਂ ਪੁਛਿਆ ਕੀ ਗੱਲ, ਕਿਉਂ ਦੁਖੀ ਹੋ ? ਉਹਨਾਂ ਆਪਣੀ ਬ੍ਰਿਥਾ ਸੁਣਾਈ, ਨਾਲੇ ਕਿਹਾ, ਲੋਗ ਐਵੇਂ ਹੀ ਗੁਰੂ ਦਰ ਦੀ ਸ਼ੋਭਾ ਕਰਦੇ ਹਨ, ਸੱਖਣੀਆਂ ਝੋਲੀਆਂ ਭਰਨ ਵਾਲਾ ਗੁਰੂ ਦਾ ਦਰ ਕਹਿੰਦੇ ਹਨ।

ਭਾਈ ਪਾਰੋ, ਗੁਰੂ ਦਰ ਦੀ ਸ਼ਾਨ ਦੇ ਖਿਲਾਫ਼ ਸੁਣ ਨਾ ਸਕਿਆ। ਕਿਹਾ, ਓਏ ਤੁਸੀਂ ਗੁਰੂ ਬਾਬਤ ਕਹਿੰਦੇ ਹੋ, ਕੋਈ ਸ਼ਕਤੀ ਨਹੀਂ... ਔਲਾਦ ਨਹੀਂ ਦੇ ਸਕਦੇ। ਭਲਿਓ ਲੋਕੋ, ਗੁਰੂ ਘਰ ਦੇ ਕੁਤਿਆਂ ਵਿਚ ਭੀ ਸ਼ਕਤੀਆਂ ਹੁੰਦੀਆਂ ਹਨ... "ਜਾਉ ਤੁਹਾਡੇ ਘਰ ਇਕ ਨਹੀਂ, ਚਾਰ ਪੁੱਤਰ ਹੋਣਗੇ।"

ਉਹ ਦੰਪਤੀ ਤਾਂ ਬਹੁਤ ਖੁਸ਼ ਹੋਏ, ਝੋਲੀ ਭਰ ਕੇ ਕਾਬੁਲ ਗਏ... ਸਮਾਂ ਪਾ ਕੇ, ਗੁਰੂ ਸਿੱਖ ਦੇ ਬਚਨ ਅਨੁਸਾਰ ਚਾਰ ਪੁੱਤਰ ਹੋਏ। ਪਰ ਸਤਿਗੁਰ ਜੀ ਨੂੰ ਇਸ ਘਟਨਾ ਦੀ ਖਬਰ ਲੱਗੀ, ਭਾਈ ਪਾਰੋ ਨੇ ਚਾਰ ਪੁੱਤਰਾਂ ਦਾ ਵਰ ਦੇ ਦਿੱਤਾ ਹੈ... ਗੁਰੂ ਦਾ ਭਾਣਾ ਨਹੀਂ ਮੰਨਿਆ। ਸਤਿਗੁਰ ਜੀ ਨੇ, ਭਾਈ ਪਾਰੋ ਨੂੰ ਕੋਲ ਸੱਦ ਕੇ ਬਚਨ ਕੀਤਾ, ਪਾਰੋ ਕਰਮਾਂ ਦੇ ਵਿਧਾਨ ਅਨੁਸਾਰ, ਪਰਮੇਸ਼ਰ ਭਾਣਾ ਵਰਤਾਉਂਦਾ ਹੈ। ਉਹ ਜੋੜੀ, ਸੇਵਾ, ਸਿਮਰਨ, ਦਾਨ, ਪੁੰਨ ਕਰਦੀ ਤਾਂ ਸ਼ਾਇਦ ਪਰਮੇਸ਼ਰ ਉਨਾਂ ਦੀ ਮੁਰਾਦ ਪੂਰੀ ਭੀ ਕਰ ਦਿੰਦਾ। ਤੂੰ ਪਰਮੇਸ਼ਰ ਦਾ, ਗੁਰੂ ਦਾ ਭਾਣਾ ਪਲਟਾ ਕੇ, ਆਪਣੇ ਮਨ ਜੋ ਭਾਇਆ, ਉਹ ਵਰ ਦੇ ਦਿੱਤਾ। ਭਾਈ ਪਾਰੋ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਸਤਿਗੁਰਾਂ ਨੇ ਬਚਨ ਕੀਤਾ, "ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ।" ਭਾਈ ਪਾਰੋ ਘਰ ਗਿਆ, ਡੱਲੇ... ਚਾਦਰ ਉਪਰ ਲੈ ਕੇ, ਲੇਟ ਗਿਆ... ਸਵਾਸ ਤਿਆਗ ਦਿੱਤੇ।

ਤ੍ਰੇਤਾ ਯੁਗ! ਕੈਕਈ ਨੇ ਰਾਜਾ ਦਸ਼ਰਥ ਤੋਂ, ਦੋ ਵਰ੍ਹ ਪੂਰਿਆਂ ਕਰਨ ਦਾ ਵਾਇਦਾ ਲਿਆ ਹੋਇਆ ਸੀ। ਅੱਜ ਮੰਗ ਲਿਆ—

"ਤਾਪਸ ਵੇਸ ਵਿਸ਼ੇਸ਼ ਉਦਾਸੀ।
ਚਉਦਹ ਬਰਸ ਰਾਮ ਬਨਵਾਸੀ॥"

ਪੱਸਵੀ ਵੇਸ ਵਿਚ ਚੌਦਾਂ ਸਾਲਾਂ ਲਈ ਰਾਮ ਦਾ ਬਨਵਾਸ ਅਤੇ ਮੇਰੇ ਜਾਏ ਪੁਤਰ ਭਰਤ ਨੂੰ ਰਾਜ ਗੱਦੀ। ਦਸ਼ਰਥ ਬਹੁਤ ਰੋਏ, ਕੈਕਈ ਅੱਗੇ ਹੱਥ ਜੋੜੇ, ਹੋਰ ਕੁਝ ਭੀ ਭਾਵੇਂ ਮੰਗ ਲੈ, ਰਾਮ ਤੋਂ ਵਿੱਛੜ ਕੇ ਮੈਂ ਰਹਿ ਨਹੀਂ ਸਕਦਾ। ਕੈਕਈ ਜ਼ਿੱਦ ਤੇ ਅੜੀ ਰਹੀ। ਦਸ਼ਰਥ ਨੇ ਦੂਤ ਭੇਜ ਕੇ ਰਾਮ ਨੂੰ ਸੱਦਿਆ। ਕੋਲ ਬਿਠਾ ਕੇ, ਹੌਲੀ ਹੌਲੀ ਕਹਿੰਦੇ ਹਨ, "ਪੁੱਤਰ ਰਾਮ! ਅੱਜ ਦਿਨੇ ਹੀ ਤੇਰਾ ਰਾਜ ਅਭਿਸ਼ੇਕ ਹੋਇਆ ਹੈ। ਰਾਜ ਤਿਲਕ ਭਰੀ ਸਭਾ ਵਿਚ ਮੈਂ ਤੇਰੇ ਮੱਥੇ ਤੇ ਲਾ ਕੇ ਸਿੰਘਾਸਨ ਤੈਨੂੰ ਦੇ ਦਿੱਤਾ ਹੈ। ਹੁਣ ਰਾਜ

ਪਰੰਪਰਾ ਅਨੁਸਾਰ ਤੂੰ ਅਯੋਧਿਆ ਦਾ ਰਾਜਾ ਹੈਂ, ਸਾਰੀ ਫ਼ੌਜ ਅਤੇ ਮੰਤਰੀ ਮੰਡਲ ਤੇਰੇ ਅਧੀਨ ਹੈ।

"ਤੂੰ ਮੈਨੂੰ ਗ੍ਰਿਫ਼ਤਾਰ ਕਰ ਲੈ।"

ਮੇਰੇ ਪਿਤਾ ਰਾਜਾ ਅੱਜ ਅਤੇ ਦਾਦਾ ਰਾਜਾ ਰਘੂ! ਸਾਡੇ ਵੰਸ਼ ਦੀ ਕੁਲ ਦੀ ਰੀਤ ਹੈ—

"ਰਘੁਕੁਲ ਰੀਤ ਸਦਾ ਚਲੀ ਆਈ॥
ਪ੍ਰਾਣ ਜਾਏ ਪਰ ਵਚਨ ਨ ਜਾਈ॥"

ਸਾਡੇ ਕੁਲ ਦੀ ਰੀਤ ਹੈ, ਵਚਨ ਨਹੀਂ ਤੋੜਦੇ। ਜੇ ਮੈਂ ਕੈਕਈ ਨੂੰ ਦਿੱਤਾ ਹੋਇਆ ਵਚਨ ਤੋੜ ਦਿਆਂ, ਤਾਂ "ਰਘੁਕੁਲ" ਕਲੰਕਤ ਹੁੰਦਾ ਹੈ। ਤੂੰ ਮੈਨੂੰ ਗ੍ਰਿਫ਼ਤਾਰ ਕਰ ਲੈ... ਮੈਂ ਬਚਨ ਭੰਗ ਦੇ ਕਲੰਕ ਤੋਂ ਭੀ ਬੱਚ ਜਾਵਾਂਗਾ, ਤੂੰ ਬਨਵਾਸ ਭੀ ਨਹੀਂ ਜਾਏਂਗਾ।

ਸ੍ਰੀ ਰਾਮ ਕਹਿੰਦੇ ਹਨ, ਪਿਤਾ ਸ੍ਰੀ, ਇਹੋ ਪਰਮੇਸ਼ਰ ਦਾ ਭਾਣਾ ਹੈ। ਜਨਮ ਲੈਣ ਤੋਂ ਪਹਿਲਾਂ ਹੀ ਮੈਨੂੰ ਮੇਰੇ ਕਿਰਦਾਰ ਦੀ ਸਾਰੀ ਭੂਮਿਕਾ ਦਾ ਪਤਾ ਸੀ। ਤੁਸੀਂ ਪਿਤਾ ਸ੍ਰੀ ਵਿਅਰਥ ਚਿੰਤਾ ਨਾ ਕਰੋ... ਸਭ ਕੁਝ "ਭਾਣੇ" ਅੰਦਰ ਹੋ ਰਿਹਾ ਹੈ।

17 ਜਨਵਰੀ ਸੰਨ 1872! ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ ਹਕੂਮਤ ਵਲੋਂ ਮਿਲੇ "ਵਰੰਟ" ਅਨੁਸਾਰ ਗ੍ਰਿਫਤਾਰ ਹੋ ਗਏ। ਭਾਈ ਗੁਰਦਿੱਤ ਸਿੰਘ ਨੇ ਗੱਡਾ ਜੋੜ ਕੇ ਲਿਆਂਦਾ। ਸੇਵਕ ਨਾਨੂੰ ਸਿੰਘ, ਸੂਬਾ ਸਾਹਿਬ ਸਿੰਘ ਅਤੇ ਸੂਬਾ ਜਵਾਹਰ ਸਿੰਘ ਸਹਿਤ ਸਤਿਗੁਰ ਜੀ ਗੱਡੇ ਤੇ ਸਵਾਰ ਹੋਇ। ਸੂਬਾ ਲੱਖਾ ਸਿੰਘ ਜੀ, 14 ਜਨਵਰੀ ਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰ, ਇਤਲਾਹ ਦੇਣ ਗਏ ਤਾਂ ਉਸੇ ਦਿਨ ਗ੍ਰਿਫ਼ਤਾਰ ਕਰ ਲਏ ਗਏ ਸੀ। 18 ਜਨਵਰੀ ਸਵੇਰੇ ਚਾਰ ਵਜੇ ਵਿਸ਼ੇਸ਼ ਰੇਲ ਗੱਡੀ ਤੇ ਸਤਿਗੁਰ ਜੀ ਸਹਿਤ ਪੂਰੇ ਜੱਥੇ ਨੂੰ ਲੈ ਕੇ ਟੁਰ ਪਏ। ਕਿੱਥੇ ਜਾਣਾ ਹੈ, ਕਿਸੇ ਨੂੰ ਨਹੀਂ ਦਸਿਆ ਗਿਆ। ਟ੍ਰੇਨ ਦੇ ਸਫ਼ਰ ਵਿਚ ਹੀ, ਸੂਬਾ ਸਾਹਿਬ ਸਿੰਘ ਨੇ ਸਤਿਗੁਰ ਜੀ ਅੱਗੇ ਬੇਨਤੀ ਕੀਤੀ, "ਐਵੇਂ ਮੁਫ਼ਤ ਵਿਚ ਹੀ ਫੜ ਲਏ ਗਏ, ਦੋ ਹੱਥ ਇਹਨਾਂ ਅੰਗਰੇਜ਼ਾਂ ਨੂੰ ਵਿਖਾਏ ਭੀ ਨਹੀਂ। ਸਤਿਗੁਰ ਜੀ ਕਹਿੰਦੇ ਹਨ, ਭਾਣਾ ਇਵੇਂ ਹੀ ਹੈ। ਗੁਰੂ ਦੇ ਭਾਣੇ ਅੰਦਰ ਸਭ ਕੁਝ ਹੋ ਰਿਹਾ ਹੈ। 19 ਜਨਵਰੀ ਪ੍ਰਯਾਗ ਰਾਜ ਇਕ ਕਿਲ੍ਹੇ ਵਿਚ ਸਾਰਿਆਂ ਨੂੰ ਨਜ਼ਰਬੰਦ ਕੀਤਾ। 20 ਜਨਵਰੀ, ਵਾਈਸ ਰਾਏ ਆਫ਼ ਇੰਡੀਆ, "ਲਾੱਰਡ ਮੇਉ" ਦਾ ਵਿਸ਼ੇਸ਼ ਦੌਰਾ ਸੀ, ਉਸ ਕਿਲੇ ਦਾ। ਖ਼ਤਰਨਾਕ ਕੈਦੀਆਂ ਦੀ ਹਿਸਟਰੀ ਰਿਪੋਰਟ ਪੜ੍ਹੀ... ਕਿਲ੍ਹੇ ਦੀ ਸੁਰੱਖਿਆ ਵਿਵਸਥਾ ਦਾ ਜਾਇਜ਼ਾ ਲਿਆ, ਜੇਲ੍ਹ ਵਿਚ ਦਾਖਲੇ ਦੇ ਡੌਕੂਮੇਂਟਸ, ਸਭ ਕੁਝ ਘੋਖਿਆ ਤੇ ਕਿਹਾ, ਇਹ ਲੋਗ ਅੰਗਰੇਜ਼ ਹਕੂਮਤ ਦੇ ਖ਼ਤਰਨਾਕ ਬਾਗ਼ੀ ਹਨ... ਤਖ਼ਤਾ ਪਲਟਾਉਣ ਦੀਆਂ ਸਾਜ਼ਿਸ਼ਾਂ ਹਨ।

ਅੰਡਮਾਨ ਨਿਕੋਬਾਰ "ਕਾਲਾਪਾਣੀ" ਦੇ ਦੌਰੇ ਤੋਂ ਮੁੜਦਿਆਂ ਹੀ ਇਹਨਾਂ ਸਾਰਿਆਂ ਨੂੰ ਫਾਹੇ ਚੜ੍ਹਾ ਦਿਆਂਗੇ। ਭਾਈ ਨਾਨੂੰ ਸਿੰਘ, ਖੂਹ ਤੇ ਜਲ ਦਾ ਗੜਵਾ ਭਰ ਕੇ ਆਉਂਦਿਆਂ ਸਾਰੀ ਵਾਰਤਾ, ਬਰਾਮਦੇ ਵਿਚ ਇਕ ਥੰਮੀ ਦੇ ਓਹਲਿਉਂ ਸੁਣ ਲਈ।

ਸਤਿਗੁਰ ਜੀ ਅੱਗੇ, ਚਿੰਤਤ ਹੋਇ ਸਾਰਾ ਪ੍ਰਸੰਗ ਦੱਸਿਆ। ਕਹਿੰਦਾ ਹੈ, ਕਾਲੇ ਪਾਣੀ ਤੋਂ ਵਾਪਸ ਆਉਂਦਿਆਂ ਹੀ, ਸਾਰਿਆਂ ਨੂੰ ਫਾਹੇ ਚਾੜ੍ਹ ਦੇਣਾ ਹੈ।

ਸਤਿਗੁਰ ਜੀ ਸਹਜੇ ਮੁਸਕਰਾ ਕੇ ਕਿਹਾ, "ਕਾਲੇ ਪਾਣੀ ਤੋਂ ਵਾਪਸ ਆਏਗਾ ਤਾਂ ਨਾ!"

ਅੰਡਮਾਨ ਕਤਲ ਦਾ ਇਕ ਕੈਦੀ, "ਗੁਲਸ਼ੇਰ ਖ਼ਾਂ" ਨੇ ਜ਼ਮਾਨਤ ਦੀ ਅਰਜ਼ੀ ਪਾਈ ਸੀ। ਉਹ ਅਰਜ਼ੀ ਲਾਰਡ ਮੇਉ ਨੇ ਨਾਮੰਜ਼ੂਰ ਕਰ ਦਿੱਤੀ ਸੀ। ਸਾਰੀ ਜ਼ਿੰਦਗੀ ਕਾਲੇ ਪਾਣੀ ਵਿਚ ਸੜ-ਸੜ ਕੇ ਮਰਨ ਨਾਲੋਂ ਚੰਗਾ ਇਸ ਨੂੰ ਮਾਰ ਕੇ ਮਰਾਂ। ਉਸ ਮੌਕਾ ਵੇਖ ਕੇ ਲਾਰਡ ਮੇਉ ਦਾ ਕਤਲ ਕਰ ਦਿੱਤਾ। ਸਤਿਗੁਰ ਰਾਮ ਸਿੰਘ, ਸਾਰੀਆਂ ਸ਼ਕਤੀਆਂ ਦਾ ਸੁਆਮੀ ਹੁੰਦਿਆਂ ਹੋਇਆਂ, ਸੂਬਾ ਸਾਹਿਬ ਸਿੰਘ ਨੂੰ ਕਹਿੰਦੇ ਹਨ, ਪਰਮੇਸ਼ਰ ਦਾ ਭਾਣਾ ਇਵੇਂ ਹੀ ਹੈ।

17 ਜਨਵਰੀ 1872! ਸਤਿਗੁਰ ਦੇ ਭਾਣੇ ਅੰਦਰ, ਤੋਪਾਂ ਨਾਲ ਉੱਡਣ ਲਈ ਤਿਆਰ, ਕੂਕੇ ਸੂਰਮੇ। ਗੁਰੂ ਦੇ ਸ਼ਬਦ ਪੜ੍ਹਦੇ ਸਨ। ਸ਼ਹਾਦਤ ਦਾ ਸਮਾਂ ਹੋਇਆ ਜਾਣ, ਕੀਰਤਨ ਸਮਾਪਤ ਹੋਇਆ। ਸ੍. ਹੀਰਾ ਸਿੰਘ ਸ਼ਹੀਦੀ ਪਾਉਣ ਲਈ ਗੁਰੂ ਚਰਨਾਂ ਵਿਚ ਅਰਦਾਸ ਕਰਨ ਲੱਗਾ। ਅਰਦਾਸ ਅਜੇ ਰਹਿੰਦੀ ਸੀ। ਬਾਰਾਂ ਗੁਰੂਆਂ ਅੱਗੇ ਅਰਦਾਸ, ਫਿਰ ਸ਼ਹੀਦੀ ਲਈ ਆਗਿਆ ਲੈਣੀ। ਡਿਪਟੀ ਕਮਿਸ਼ਨਰ, ਮਿ. ਕਾਵਨ ਨੇ ਪੁਲਿਸ ਕਪਤਾਨ ਪਰਕਿੰਸ ਵਲ ਵੇਖਿਆ... ਕਪਤਾਨ ਨੇ ਤੋਪਚੀ ਨੂੰ ਤੋਪ ਦਾਗਨ ਦਾ ਇਸ਼ਾਰਾ ਕਰ ਦਿੱਤਾ। ਤੋਪ ਚੱਲੀ। ਉਧਰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ, ਸਿਆਹੜ ਪਿੰਡ, ਪਿਆਰੇ ਸਿੱਖ ਦੇ ਘਰ ਵੇਹੜੇ ਵਿੱਚ ਬੈਠੇ ਹਨ। ਤੋਪ ਦੀ ਆਵਾਜ਼ ਆਈ। ਸੂਬਾ ਕਾਹਨ ਸਿੰਘ ਨੂੰ ਪੁਛਦੇ ਹਨ, ਵੇਖੀ ਤਾਂ, ਤੋਪ ਭਰੀ ਚਲੀ ਜਾਂ ਖਾਲੀ ?

"ਜੀ ਆਵਾਜ਼ ਤੋਂ ਪਤਾ ਲਗਦਾ ਹੈ, ਖਾਲੀ ਚਲੀ ਹੈ"

ਸੂਬਾ ਕਾਹਨ ਸਿੰਘ ਬੇਨਤੀ ਕੀਤੀ।

ਫਿਰ ਦੂਜੀ ਵਾਰ, ਫਿਰ ਤੀਜੀ ਵਾਰ... ਸੂਬਾ ਕਾਹਨ ਸਿੰਘ ਮਾਹਿਰ ਹਨ ਤੋਪਾਂ ਦੇ, ਕਹਿੰਦੇ ਜੀ ਤਿੰਨ ਖਾਲੀ ਗਈਆਂ। ਉਧਰ ਸ੍. ਹੀਰਾ ਸਿੰਘ ਦੀ ਅਰਦਾਸ ਸਮਾਪਤ ਹੋਈ, ਸ਼ਹਾਦਤ ਲਈ ਆਗਿਆ ਮੰਗੀ ਔਰ ਜੈਕਾਰਾ ਬੁਲੰਦ ਕੀਤਾ।

ਓਏ ਬਿੱਲਿਆ, ਅਸੀਂ ਆਪਣੇ ਗੁਰੂ ਦੇ ਭਾਣੇ ਅੰਦਰ ਸ਼ਹੀਦ ਹੋ ਰਹੇ ਹਾਂ, ਨਹੀਂ ਤਾਂ ਤੇਰੀਆਂ ਤੋਪਾਂ ਦੀ ਕੀ ਮਜਾਲ ਕਿ ਗੁਰੂ ਦੇ ਸਿੰਘਾਂ ਨੂੰ ਉਡਾ ਸਕੇ। ਲੈ, ਹੁਣ ਚਲਾ... ਆਗਿਆ ਲੈ ਲਈ... ਹੁਣ ਚਲੇਗੀ। ਜਦ ਚਉਥੀ ਵਾਰ ਤੋਪ ਗਰਜੀ। ਸੂਬਾ ਕਾਹਨ ਸਿੰਘ ਕਹਿੰਦੇ ਹਨ, ਪਾਤਸ਼ਾਹ ਜੀ, "ਹੁਣ ਭਰਵੀਂ ਚੱਲੀ।"

"ਮੇਰੇ ਸਿੱਖ, ਸ਼ਹੀਦੀਆਂ ਪਾ ਰਹੇ ਹਨ"—ਸਤਿਗੁਰੂ ਜੀ ਬਚਨ ਕੀਤਾ ਔਰ ਉਠ ਕੇ ਟੁਰ ਪਏ, ਸ੍ਰੀ ਭੈਣੀ ਸਾਹਿਬ ਨੂੰ।

ਭਰੋਸਾ ਹੋਵੇ ਗੁਰੂ ਤੇ ਤਾਂ ਭਾਣਾ ਮਿੱਠਾ ਲੱਗਦਾ ਹੈ। ਭਰੋਸੇ ਅਤੇ ਭਾਣੇ ਦੀ ਪ੍ਰੀਤ ਹੈ।

20ਵੀਂ ਸਦੀ ਦਾ ਸਮਾਂ, ਆਰੰਭ ਤੋਂ ਹੀ ਯਹੂਦੀਆਂ ਲਈ ਤ੍ਰਾਸਦੀ ਭਰਿਆ ਸੀ।

ਕਿਤੇ ਰਹਿਣ ਵਸਣ ਦਾ ਠੋਰ ਠਿਕਾਣਾ ਨਹੀਂ ਸੀ। 1930 ਵਿਚ ਕਹਿੰਦੇ ਹਨ, ਸਮੁੰਦਰ ਕੰਡੇ ਯਹੂਦੀਆਂ ਦਾ ਵੱਡਾ ਇਕੱਠ ਹੋਇਆ। ਵੀਚਾਰ ਆਇਆ ਕਿ ਜੇ ਕਿਤੇ ਸਮੁੰਦਰ ਰਾਹ ਦੇ ਦੇਵੇ ਤਾਂ ਅਸੀਂ ਪਾਰ ਲੰਘ ਜਾਈਏ। ਕਿਸੇ ਸ਼ਾਂਤ ਥਾਂ ਤੇ ਵੱਸੀਏ। ਸਾਰਿਆਂ ਅਰਦਾਸ ਕੀਤੀ, ਕਹਿੰਦੇ ਹਨ, ਸਮੁੰਦਰ ਨੇ ਰਾਹ ਦੇ ਦਿੱਤਾ। ਦੀਵਾਰ ਵਾਂਗ ਦੋ ਹਿੱਸਿਆਂ ਵਿਚ ਵੰਡ ਗਿਆ। ਪਰ ਭਰੋਸਾ ਨਾ ਹੋਵੇ... ਹਿੰਮਤ ਨਾ ਪਵੇ ਕਿਸੇ ਦੀ ਸਮੁੰਦਰ ਅੰਦਰ ਪੈਰ ਰੱਖਣ ਦੀ। ਸ਼ੰਕਾ ਵਿਚ ਹੈ ਸਨ, ਜੇ ਅਸੀਂ ਟੁਰ ਪਈਏ ਅਤੇ ਸਮੁੰਦਰ ਮਨ ਬਦਲ ਲਵੇ.... ਦੋਵੇਂ ਪਾਟ ਮਿਲ ਜਾਣ ਤਾਂ ਸਾਰੇ ਮਰ ਜਾਵਾਂਗੇ। 12 ਵਰ੍ਹਿਆਂ ਦਾ ਇਕ ਬਾਲਕ "ਨਾਕਸਨ" ਆਪਣੇ ਪੈਗੰਬਰ ਦੀ ਤਸਵੀਰ ਅੱਗੇ ਗਿਆ। ਮੱਥਾ ਟੇਕਿਆ ਔਰ ਸਮੁੰਦਰ ਅੰਦਰਲੀ ਰਾਹ ਤੇ ਦੌੜ ਪਿਆ। ਪਿੱਛੇ ਪਿੱਛੇ ਸਾਰੇ ਦੌੜ ਪਏ ਔਰ ਪਾਰ ਲੰਘ ਗਏ। ਪਾਰ ਉਸ ਵੇਲੇ ਦਾ ਅਰਬ, ਅੱਜ ਦਾ "ਇਜਰਾਇਲ" ਲੱਭ ਲਿਆ। ਆਪਣਾ ਮੁਲਕ ਵਸਾਇਆ। ਸੰਨ 1948 ਵਿਚ, ਜਦੋਂ ਪਹਿਲਾ ਜੰਗੀ ਬੇੜਾ ਇਜਰਾਇਲ ਨੇ ਬਣਾਇਆ ਤਾਂ ਉਸ ਦਾ ਨਾਂ ਰਖਿਆ "ਨੈਕਸਨ".... ਭਰੋਸੇ ਵਾਲਾ ਬਾਲਕ!

ਫ਼ਿਲਮ ਇੰਡਸਟਰੀ ਦੇ ਮਸ਼ਹੂਰ ਸੰਗੀਤਕਾਰ ਤੇ ਨਿਰਮਾਤਾ ਨਿਰਦੇਸ਼ਕ ਸ੍. ਮਹਿੰਦਰ ਸਿੰਘ, ਰਾਵਲ ਪਿੰਡੀ ਤੋਂ ਆ ਕੇ ਬੰਬਈ ਵਸੇ ਸਨ। "ਨਾਨਕ ਨਾਮ ਜਹਾਜ਼ ਹੈ" ਸਹਿਤ ਕਈ ਫ਼ਿਲਮਾਂ ਲਈ ਸੰਗੀਤ ਰਚਨਾ ਕੀਤੀ ਸੀ, ਨਿਰਦੇਸ਼ਨ ਭੀ ਦਿੱਤਾ ਸੀ। ਇੰਡਸਟਰੀ ਵਿਚ, "ਐਸ ਮਹਿੰਦਰ" ਨਾਂ ਨਾਲ ਪ੍ਰਸਿੱਧ ਹੋਏ। ਮਧੂਬਾਲਾ ਫ਼ਿਲਮ ਜਗਤ ਦੀ ਬਹੁਤ ਖ਼ੂਬਸੂਰਤ ਅਤੇ ਸਿੱਧ ਹੀਰੋਈਨ ਸੀ। ਐਸ. ਮਹਿੰਦਰ ਪ੍ਰਤੀ ਸ਼ਰਧਾ ਭਾਵ ਰਖਦੀ ਸੀ। ਜਦੋਂ ਕਿਤੇ ਸ਼ੂਟਿੰਗ ਤੇ ਜਾਣਾ, ਐਸ. ਮਹਿੰਦਰ ਲਿਖਦੇ ਹਨ, ਮੈਨੂੰ ਆਪਣੀ ਗੱਡੀ ਵਿੱਚ ਨਾਲ ਲੈ ਕੇ ਜਾਂਦੀ। ਸਫ਼ਰ ਦੇ ਦਰਮਿਆਂ, ਰੁਮਾਲ ਵਿਚ ਲਵੇਟੀ ਹੋਈ ਇਕ ਕਿਤਾਬ ਜਿਹੀ ਹੁੰਦੀ। ਸਿਰ ਤੇ ਦੁਪੱਟਾ ਰੱਖ ਪੜ੍ਹਦੀ ਰਹਿੰਦੀ। ਮੈਂ ਸਮਝਦਾ ਸਾਂ, ਇਸਲਾਮ ਦੀ ਕੋਈ ਧਾਰਮਿਕ ਕਿਤਾਬ ਹੋਵੇਗੀ। ਉਹ ਸਮਾਂ ਸੀ 1960 ਦਾ, ਜਦੋਂ "ਅਨਾਰਕਲੀ" "ਮੁਗ਼ਲ-ਏ-ਆਜ਼ਮ" ਜਿਹੀਆਂ ਕਈ ਅਤਿ ਕਾਮਯਾਬ ਫ਼ਿਲਮਾਂ, "ਮਧੂਬਾਲਾ" ਦੀ ਮਸ਼ਹੂਰੀ ਨੂੰ ਸ਼ਿਖਰਾਂ ਤਕ ਲੈ ਗਈਆਂ ਸਨ। ਇਕ ਦਿਨ ਕਿਸੇ ਥਾਂ ਤੇ ਬਾਹਰ ਲੱਾਨ ਵਿਚ ਕੁਰਸੀਆਂ ਤੇ ਅਸੀਂ ਬੈਠੇ ਹੋਇ ਸਾਂ। ਅੰਦਰ ਦੀ ਤਿਆਰੀ ਚਲ ਰਹੀ ਸੀ। ਇਕ ਕਾਰਿੰਦਾ ਅੰਦਰੋਂ ਆਇਆ, ਮਧੂਬਾਲਾ ਨੂੰ, ਨਿਰਮਾਤਾ-ਨਿਰਦੇਸ਼ਕ ਵਲੋਂ ਸੱਦਾ ਦਿੱਤਾ। ਹੱਥ ਦੀ ਕਿਤਾਬ, ਰੁਮਾਲੀ ਵਿਚ ਲਵੇਟ ਕੇ, ਸ਼ਰਧਾ ਨਾਲ ਮੱਥੇ ਤੇ ਅੱਖ ਤੇ ਛੁਹਾ ਕੇ ਟੇਬਲ ਤੇ ਰੱਖ ਗਈ। ਮੈਨੂੰ "ਕਿਤਾਬ" ਦਾ ਧਿਆਨ ਰੱਖਣ ਲਈ ਕਹਿ ਗਈ। ਉਸ ਦੇ ਜਾਂਦਿਆਂ, ਕਈ ਦਿਨਾਂ ਤੋਂ ਕਿਤਾਬ ਬਾਬਤ, ਜੋ ਜਗਿਆਸਾ ਮੇਰੇ ਅੰਦਰ ਉੱਠ ਖਲੋਤੀ ਸੀ, ਮੈਂ ਉਹ ਕਿਤਾਬ ਚੁੱਕ ਲਈ। ਰੁਮਾਲੀ ਦੀਆਂ ਪਰਤਾਂ ਖੋਲ੍ਹੀਆਂ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਉਹ ਕਿਤਾਬ, ਫ਼ਾਰਸੀ ਵਿਚ, ਛਪਿਆ ਹੋਇਆ, "ਜਪੁਜੀ ਸਾਹਿਬ" ਸੀ। ਐਸ. ਮਹਿੰਦਰ ਦੀ ਸਿੱਖਿਆ, ਸਰਗੋਧਾ ਹੋਣ ਕਰ ਕੇ ਉਹ ਉਰਦੂ ਅਤੇ ਫ਼ਾਰਸੀ ਦੇ ਚੰਗੇ ਜਾਣਕਾਰ ਸਨ। ਵਾਪਸੀ ਤੇ ਕਾਰ ਵਿਚ ਬਹਿੰਦਿਆਂ, ਘਰ ਜਾਂਦਿਆਂ, ਮੈਂ ਪੁੱਛਿਆ, ਮੈਡਮ! ਤੁਸੀਂ ਜਪੁਜੀ ਸਾਹਿਬ ਦਾ ਪਾਠ ਕਰਦੇ ਹੋ?

ਉਸ ਨੇ ਦੱਸਿਆ 1954-55 ਮੈਂ ਬਹੁਤ ਬੀਮਾਰ ਹੋ ਗਈ। ਲਾਇਲਾਜ ਜਿਹਾ ਰੋਗ ਕੋਈ ਲੱਗ ਗਿਆ। ਇਕ ਜੂਨੀਅਰ ਆਰਟਿਸਟ ਨੇ, ਬਾਬੇ ਨਾਨਕ ਦੇ ਦਰ ਦੀ ਸ਼ੋਭਾ ਦੱਸੀ। ਉਹ ਮੈਨੂੰ ਨਾਲ ਲੈ ਕੇ ਅੰਧੇਰੀ ਗੁਰਦੁਆਰੇ ਲੈ ਗਿਆ। ਗ੍ਰੰਥੀ ਸਾਹਿਬ ਨੂੰ ਉਹਨਾਂ ਬੇਨਤੀ ਕੀਤੀ, ਅਰਦਾਸ ਕਰਨ ਲਈ, ਮੇਰੇ ਕਸ਼ਟ ਦੀ ਨਿਵਰਤੀ ਲਈ। ਅਰਦਾਸ ਹੋਈ। ਮੈਂ ਅੰਦਰੋਂ ਟੁੱਟੀ ਹੋਈ, ਨਿਮਾਣੀ ਹੋਈ ਹੋਈ ਅੱਖਾਂ ਵਿਚ ਹੰਝੂ ਭਰ ਬਾਬੇ ਦੇ ਦਰਬਾਰ ਵਿਚ ਖੜ੍ਹੀ ਰਹੀ। ਕੋਈ ਕਿਰਪਾ ਹੋ ਗਈ... ਕਰਿਸ਼ਮਾ ਹੋਇਆ, ਮੈਂ ਠੀਕ ਹੋ ਗਈ। ਫਿਰ ਮੈਂ ਅਰਜ਼ ਕੀਤੀ, ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਆਉਣ ਵਾਲਾ ਹੈ, ਮੇਰੀ ਨਿਮਾਣੀ ਵਲੋਂ ਲੰਗਰ ਦੀ ਸੇਵਾ ਕਬੂਲ ਹੋ ਸਕਦੀ ਹੈ। ਉਹਨਾਂ ਕਿਹਾ, ਕਮੇਟੀ ਤੋਂ ਮੰਜ਼ੂਰੀ ਲੈਣੀ ਪਏਗੀ। ਕਮੇਟੀ ਨੇ ਮੰਜ਼ੂਰੀ ਦੇ ਦਿੱਤੀ। ਪ੍ਰਕਾਸ਼ ਦਿਹਾੜੇ ਤੇ ਲੰਗਰ ਵਰਤਿਆ, ਅਰਦਾਸ ਮਧੂਬਾਲਾ ਵਲੋਂ ਹੋਈ। ਸਮਾਂ ਲੰਘਿਆ, ਮਧੂਬਾਲਾ ਚੜ੍ਹਾਈ ਕਰ ਗਈ ਤਾਂ ਉਸ ਦੇ ਵਾਲਿਦ ਨੇ ਅਰਜ਼ ਕੀਤੀ, ਮੇਰੀ ਬੇਟੀ ਵਲੋਂ ਪ੍ਰਕਾਸ਼ ਦਿਹਾੜੇ ਦਾ ਲੰਗਰ ਜਾਰੀ ਰਖਿਆ ਜਾਏ, ਖਰਚ ਜੋ ਹੋਵੇ, ਉਹ ਸੇਵਾ ਮੈਥੋਂ ਲਵੋ। ਫਿਰ ਸਮਾਂ ਪਾ ਕੇ ਅੱਬੂ ਭੀ ਚੜ੍ਹਾਈ ਕਰ ਗਏ... ਪਰ ਅਜੇ ਤਾਂਈ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ, ਸ੍ਰੀ ਗੁਰੂ ਨਾਨਕ ਦੇ ਪ੍ਰਕਾਸ਼ ਦਿਹਾੜੇ ਤੇ ਲੰਗਰ ਭਾਵੇਂ ਸੰਗਤ ਵਲੋਂ ਬਣਦਾ, ਵਰਤਦਾ ਹੈ ਪਰ ਅਰਦਾਸ ਹੁੰਦੀ ਹੈ-ਹੇ ਗੁਰੂ ਨਨਕ ਦੇਵ ਪਾਤਸ਼ਾਹ, ਆਪ ਜੀ ਦੀ ਸਪੁੱਤਰੀ ਮਧੂਬਾਲਾ ਵਲੋਂ ਲੰਗਰ ਪ੍ਰਸਾਦਿ ਹਾਜ਼ਰ ਹੈ... ਭੋਗ ਲਾਉ ਅਤੇ ਸੰਗਤ ਵਿਚ ਵਰਤਾਉਣ ਦੀ ਆਗਿਆ ਬਖ਼ਸ਼ੋ।

ਇਹ ਭਾਣੇ ਦੀਆਂ ਬਾਤਾਂ ਹਨ... ਭਰੋਸੇ ਦੀਆਂ ਕਹਾਣੀਆਂ...

21

ਗੁਰੂ ਸਮੁੰਦ ਨਦੀ ਸਭਿ ਸਿਖੀ

ਸਮੁੰਦਰ ਅਤੇ ਨਦੀ, ਇਕ ਰਿਸ਼ਤੇ ਵਿਚ ਹਨ... ਮਾਤਾ ਅਤੇ ਉਸ ਦੇ ਬਾਲ ਦੀ ਤਰ੍ਹਾਂ! ਆਪਣੇ ਜਿਸਮ 'ਚੋਂ ਇਕ ਇਕ ਕਤਰਾ ਖ਼ੂਨ, ਮਾਸ ਅਤੇ ਮੱਜਾ ਦਿੱਤਾ, ਤਾਂ ਕੁਦਰਤ ਨੇ ਬਾਲ ਦਾ ਸਰੂਪ ਸਿਰਜਿਆ। ਇਹ ਬਾਲ, ਕੱਲ ਵੱਡਾ ਹੋਵੇਗਾ... ਬਾਲ ਬੱਚਿਆਂ ਦਾ ਪਿਤਾ ਬਣੇਗਾ, ਪਰ ਇਸ ਦੇ ਜਿਸਮ ਦੇ, ਰਕਤ ਮਾਸ ਦੇ ਇਕ ਇਕ ਅਣੂ ਵਿਚ ਮਾਤਾ ਦੇ ਜਿੰਸ ਮੌਜੂਦ ਰਹਿਣਗੇ।

ਨਦੀ ਦੇ ਪਾਣੀਆਂ ਵਿਚ, ਸਮੁੰਦਰ ਵਗਦਾ ਹੈ। ਗੰਗਾ, ਗੋਦਾਵਰੀ ਜਾਂ ਕ੍ਰਿਸ਼ਨਾ, ਕਾਵੇਰੀ ਜਾਂ ਕਾਲਿੰਦੀ ਦੇ ਪ੍ਰਵਾਹ ਬਾਬਤ, ਜਿੰਨੇ ਮਰਜ਼ੀ ਲੋਕ ਕਥਾਵਾਂ ਜਾਂ ਮਿਥਿਹਾਸ ਰੂਪ ਵਿਚ, ਉਤਪਤੀ ਦੇ ਪ੍ਰਸੰਗ ਬਣਾ ਲਈਏ, ਪਰ ਯਥਾਰਥ ਤਾਂ ਇਹੋ ਹੈ ਕਿ ਸੂਰਜ ਦੇ ਤਾਪ ਨਾਲ, ਸਮੁੰਦਰ ਦਾ ਪਾਣੀ ਭਾਫ ਬਣ ਕੇ ਉਠਿਆ... ਬੱਦਲ ਰੂਪ ਧਾਰ ਕੇ ਆਕਾਸ਼ ਮਾਰਗ ਦੀ ਯਾਤਰਾ ਕੀਤੀ... ਬਰਖਾ ਹੋਈ, ਪਹਾੜਾਂ ਤੇ ਏਹੋ ਪਾਣੀ ਬਰਫਵਾਰੀ ਬਣ ਕੇ ਵਰ੍ਹਿਆ। ਉਹ ਬਰਫ਼, ਹਰ ਖਿਨ ਪਾਣੀ ਬਣ ਕੇ ਗੋਮੁਖ 'ਚੋਂ... ਗੰਗੋਤਰੀ ਤੋਂ ਪ੍ਰਵਾਹਿਤ ਹੋ ਰਿਹਾ ਹੈ। ਇਸ ਨਦੀ ਦੀ ਇਕ ਇਕ ਬੂੰਦ ਵਿਚ, ਸਮੁੰਦਰ ਦਾ ਅੰਸ਼-ਬੰਸ਼ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਮਾਝ ਰਾਗ ਵਿਚ ਪਵਿੱਤਰ ਗੁਰਬਾਣੀ ਉਚਾਰਨ ਕਰਦੇ ਹਨ–

"ਗੁਰੂ ਸਮੁੰਦ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥"

ਸਤਿਗੁਰ ਸਿੱਖ ਦਾ ਸਿਰਜਨ ਕਰਦਾ ਹੈ, ਪਾਲਦਾ ਹੈ ਔਰ ਅੰਤ ਜਦੋਂ ਸਿੱਖ ਦਾ ਸਰੀਰ ਸ਼ਾਂਤ ਹੋ ਜਾਂਦਾ ਹੈ, ਤਾਂ ਉਸ ਦੀ ਜੀਵਾਤਮਾ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਬਦਾਂ ਵਿਚ–

"ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ ॥"

ਨਦੀ ਸਮੁੰਦਰ 'ਚੋਂ ਜੰਮੀ, ਸਮੁੰਦਰ ਵਿਚ ਹੀ ਸਮਾ ਗਈ। ਸਿੱਖ ਗੁਰੂ ਤੋਂ ਸਿਰਜਿਆ ਗਿਆ, ਅੰਤ ਗੁਰੂ ਵਿਚ ਸਮਾਹਿਤ ਹੋ ਗਿਆ। ਬਹੁਤ ਰੋਚਕ ਰੂਪਕ ਵਰਤਿਆ ਹੈ, ਗੁਰੂ ਨਾਨਕ ਪਾਤਸ਼ਾਹ ਨੇ, ਸਮੁੰਦਰ ਅਤੇ ਨਦੀ ਦਾ, ਗੁਰੂ ਅਤੇ ਸਿੱਖ ਦਾ।

ਪ੍ਰੋ. ਪੂਰਨ ਸਿੰਘ, ਸਿੱਖ ਰੂਪ ਵਿਚ ਆਪਣੀ ਸਿਰਜਨਾ ਦੇ ਸੰਦਰਭ ਵਿਚ ਲਿਖਦੇ ਹਨ–

"ਤੁਸੀਂ ਛੂਹਿਆ ਮੈਨੂੰ ਕੰਬਨੀ ਆਈ।

ਤੁਸੀਂ ਸੱਦਿਆ ਤੇ ਮੈ ਆਇਆ।
ਤੁਸੀਂ ਚੁਕਿਆ ਜਦ ਉਤਾਂਹ ਨੂੰ,
ਤਾਂ ਸਹਿਮ ਜਿਹਾ ਸੀ ਛਾਇਆ।
ਮੌਤ ਵਰਗੀ ਮਿੱਠੀ ਮਸਤੀ ਦਾ... ਮੈਨੂੰ ਨਸ਼ਾ ਜਿਹਾ ਇਕ ਆਇਆ।"

ਸੰਤ ਗਿਆਨਾ ਸਿੰਘ ਹੁਰੀ, ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਪਰਮ ਸ਼ਰਧਾਲੂ ਸੇਵਕ ਹੈ ਸਨ। ਸ਼ੇਖੂਪੁਰੇ ਦੇ ਵਸਨੀਕ ਸਨ। ਸਤਿਗੁਰ ਜੀ ਦੇ ਚੌਰ ਬਰਦਾਰ ਸਨ। ਸੰਨ 1940 ਦੀ ਗਲ ਹੈ। ਆਪਣੇ ਕੋਲੋਂ, ਥੋੜੇ ਥੋੜੇ ਪੈਸੇ ਜੋੜ ਕੇ ਸ਼ੇਖੂਪੁਰੇ ਜ਼ਮੀਨ ਖਰੀਦ ਕੇ ਧਰਮਸਾਲਾ ਬਣਵਾਈ। ਸਤਿਗੁਰ ਜੀ ਤੋਂ ਮੇਲੇ ਦੀ ਅਰਜ਼ ਕੀਤੀ। ਮੰਜ਼ੂਰੀ ਮਿਲ ਗਈ। ਮਿੱਥੇ ਹੋਏ ਦਿਨ, ਸਤਿਗੁਰ ਜੀ ਦਰਸ਼ਨ ਦਿੱਤੇ। ਮੇਲਾ ਭਰਿਆ ਹੋਇਆ ਸੀ, ਸੰਗਤਾਂ ਨਾਲ। ਸਰਗੋਧਾ, ਰਾਵਲਪਿੰਡੀ, ਸਿਆਲਕੋਟ, ਸ਼ਬਾਜਪੁਰ ਅਤੇ ਗੁਜਰਾਂਵਾਲਾ ਤੋਂ ਭੀ ਸੰਗਤ ਹੁਮ ਹੁਮਾ ਕੇ ਆਈ ਸੀ। ਸਤਿਗੁਰ ਜੀ ਆਸਨ ਤੇ ਸੁਸ਼ੋਭਤ ਹੋਏ। ਸਮਸ਼ੇ ਦੇ ਜਥੇਦਾਰ ਵਰਿਆਮ ਸਿੰਘ ਨੇ ਧਾਰਨਾ ਲਾਈ, ਗੁਰੂ ਨਾਨਕ ਪਾਤਸ਼ਾਹ ਜੀ ਦਾ ਸ਼ਬਦ, "ਦੇਵਤਿਆਂ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥" ਦੇਵਤੇ ਜਿਸ ਅਕਾਲ ਪੁਰਖ ਦੇ ਦਰਸ਼ਨ ਲਈ ਲੋਚਦੇ ਹਨ, ਦੁਖ-ਭੁੱਖ, ਉਪਵਾਸ ਕਰਦੇ ਹਨ.. ਜੋਗੀ, ਤਪੀ ਜਤੀ, ਕਈ ਤਰ੍ਹਾਂ ਦੇ ਯੋਗ ਅਭਿਆਸ ਕਰਦੇ ਹਨ, ਜੁਗਤ ਕਰਦੇ ਹਨ, ਪਰਮੇਸ਼ਰ ਨੂੰ ਪ੍ਰਸੰਨ ਕਰਨ ਲਈ ਕਈ ਤਰ੍ਹਾਂ ਦੇ ਭੇਖ ਧਾਰਦੇ ਹਨ, ਪਰ ਦਰਸ਼ਨ ਨਸੀਬ ਨਹੀਂ ਹੁੰਦੇ। ਅੱਜ ਉਹੋ ਅਕਾਲ ਪੁਰਖ ਦੀ ਪਰਮਜੋਤ, ਦੇਹ ਧਾਰ ਗੁਰੂ ਰੂਪ ਵਿਚ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਸਹਜ ਰੂਪ ਹੀ, ਉਹ ਦੁਰਲਭ ਸੁਭਾਗ ਪ੍ਰਾਪਤ ਹੋ ਰਿਹੈ। ਸੰਗਤ ਮਸਤਾਨੀ ਹੋਇ ਗਈ।

ਰਸਖਾਨ, ਜਾਤ ਦੇ ਮੁਸਲਮਾਨ ਹੈ ਸਨ। ਭਗਵਾਨ ਸ੍ਰੀ ਕ੍ਰਿਸ਼ਨ ਦੇ ਪਰਮ ਸ਼ਰਧਾਲੂ ਭਗਤ ਅਤੇ ਹਿੰਦੀ ਦੇ ਕਵੀ ਸਨ। ਲਿਖਦੇ ਹਨ—

"ਨਾਰਦ ਸੇ ਸੁਕ ਬਿਆਸ ਰਟੈ, ਪਚਹਾਰੈ ਤਊ ਫੁਨਿ ਪਾਰਿ ਨ ਪਾਵੈ।
ਤਾਹਿ ਅਹੀਰ ਕੀ ਛੋਹਰੀਆ ਛਛੀਆ ਭਰ ਛਾਛ ਪੇ ਨਾਚ ਨਚਾਵੈ॥"

ਦੇਵਰਿਸ਼ੀ ਨਾਰਦ, ਸੁਕਦੇਵ ਜੀ, ਬਿਆਸ ਜੀ, ਰਾਤ ਦਿਨ ਨਾਮ ਰਟ ਰਹੇ ਹਨ, ਕਈ ਜੁਗਤ ਲਾਉਂਦੇ ਹਨ, ਪਰ ਜਿਸ ਅਕਾਲ ਪੁਰਖ ਦਾ ਪਾਰ ਨਹੀਂ ਪਾ ਸਕੇ... ਬ੍ਰਿੰਦਾਵਨ ਦੀਆਂ ਗਵਾਲ ਬਾਲਿਕਾਵਾਂ... ਗੋਪ-ਗੋਪੀਆਂ ਹੱਥ ਦੀ ਤਲੀ ਤੇ ਮਾੜੀ ਜਿਹੀ ਲੱਸੀ-ਛਾਛ, ਮੱਖਣ ਰਖ ਕੇ ਕਹਿੰਦੇ ਹਨ, ਕਾਨ੍ਹਾ, ਨੱਚ ਕੇ ਵਿਖਾ... ਉਹੋ ਨਟਰਾਜ ਵਾਂਗ, ਤੈਨੂੰ ਇਹ ਮੱਖਣ, ਲੱਸੀ ਦਿਆਂਗੇ ਔਰ ਭੋਲਾ ਕ੍ਰਿਸ਼ਨ ਨੱਚਦਾ ਹੈ।

ਸੰਤ ਗਿਆਨਾ ਸਿੰਘ ਕਹਿੰਦੇ ਹਨ, ਗੁਰੂ ਦਾ ਦਰਬਾਰ ਲੱਗਾ ਹੈ, ਦੀਵਾਨ ਹੋ ਰਿਹਾ ਹੈ, ਸੰਗਤਾਂ ਸਾਖਿਆਤ ਗੁਰੂ ਪਰਮੇਸ਼ਰ ਦੇ ਦੀਦਾਰ ਕਰ ਰਹੀਆਂ ਹਨ, ਉਹ ਅਲੌਕਿਕ ਸੁਖ, ਗੁਰੂ ਦੇ ਸਿੱਖ ਸਹਜੇ ਮਾਨ ਰਹੇ ਹਨ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਗੁਰੂ ਸਮੁੰਦੁ ਨਦੀ ਸਭਿ ਸਿਖੀ"

ਭਾਈ ਫਤਹਿ ਸਿੰਘ ਮਾਂਗਾ, ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਪਰਮ ਸ਼ਰਧਾਲੂ ਸੇਵਕਾਂ ਅਤੇ ਸੰਗੀਆਂ ਵਿਚੋਂ ਹੈ ਸਨ। ਸਤਿਗੁਰ ਜੀ ਦੇ ਨਾਲ, ਵਰਤਮਾਨ ਸਤਿਗੁਰ ਤਕ, ਜਿਹੜੇ ਸਜਣ ਦੌਰਿਆਂ ਤੇ ਨਾਲ ਰਹਿੰਦੇ ਹਨ, ਉਨ੍ਹਾਂ ਨੂੰ ਪਤਾ ਹੈ, ਕਿਵੇਂ ਗੁਰੂ ਦੇ ਨਾਲ ਦੌੜ ਲਗਦੀ ਹੈ। ਸਵੇਰ ਦੀ ਵਾਰ ਕਿਤੇ, ਦੁਪਹਿਰ ਦਾ ਕਿਤੇ, ਸ਼ਾਮ ਦਾ ਕਿਤੇ। ਅਗਲੀ ਸਵੇਰ ਦਾ ਸਤਿਗੁਰ ਜਾਣਦਾ ਹੈ। ਕੁਝ ਦਿਨ ਪਹਿਲਾਂ, 9 ਜੂਨ 2023 ਸਵੇਰ ਦੀ ਵਾਰ ਦਿੱਲੀ, ਦੁਪਹਿਰ ਲੰਗਰ ਨਾਮ ਸਿਮਰਨ ਕਥਾ ਰਾਂਚੀ। ਸਵੇਰ ਦੀ ਵਾਰ, 10 ਜੂਨ ਦੀ ਰਾਂਚੀ, ਦੁਪਹਿਰ ਕਥਾ ਕੀਰਤਨ ਹਜਾਰੀ ਬਾਗ, ਸੂਬਾ ਸਾਹਿਬ ਸਿੰਘ ਜੀ ਦਾ ਸ਼ਹੀਦੀ ਦਿਹਾੜਾ, ਸ਼ਾਮ ਦਾ ਸਿਮਰਨ, ਕੀਰਤਨ ਡਾਲਟਨਗੰਜ। ਦੂਜੇ ਦਿਨ ਵਾਰ ਡਾਲਟਨਗੰਜ, ਸ਼ਾਮ ਦੀ ਕਥਾ, ਕੀਰਤਨ, ਰਾਉਰਕੇਲਾ, ਉੜੀਸਾ। ਦੂਜੇ ਦਿਨ ਸਵੇਰ ਵਾਰ ਰਾਉਰਕੇਲਾ, ਦੁਪਹਿਰ ਭੁਵਨੇਸ਼ਵਰ, ਸ਼ਾਮ ਜੰਗਨਾਥਪੁਰੀ ਦੇ ਆਦਿ ਸ਼ੰਕਰਾਚਾਰਿਆ, ਸ੍ਰੀ ਨਿਸ਼ਚਲਾਨੰਦ ਸਰਸਵਤੀ, ਪ੍ਰਤੀਨਿਧੀ ਮੰਡਲ ਨਾਲ ਧਾਰਮਿਕ ਵਿਚਾਰ ਵਟਾਂਦਰੇ... ਰਾਤ ਭੁਵਨੇਸ਼ਵਰ ਸਿੱਖ ਦੇ ਘਰ ਲੰਗਰ ਪ੍ਰਸ਼ਾਦਾ ਛੱਕ, ਫਲਾਈਟ ਫੜ ਰਾਤ 12 ਵਜੇ ਦਿੱਲੀ। ਇਹ ਸਭ ਕੁਝ ਜਿਵੇਂ ਦੌੜਦਿਆਂ ਹੀ ਸੰਪੰਨ ਹੋਇਆ ਤਾਂ ਭਾਈ ਫਤਹਿ ਸਿੰਘ ਮਾਂਗਾ, ਸਤਿਗੁਰ ਪ੍ਰਤਾਪ ਸਿੰਘ ਜੀ ਨੂੰ ਸੁਣਾ ਕੇ ਕਹਿੰਦੇ ਹਨ, ਸਿਰ ਉਪਰ ਅਸਮਾਨ ਵਲ ਕਰ ਕੇ ਹੇ ਰੱਬਾ! ਮੈਨੂੰ ਕਦੀ ਗੁਰੂ ਦੀ ਜੂਨੇ ਨਾ ਪਾਈਂ। ਸਤਿਗੁਰ ਜੀ ਮੁਸਕੁਰਾ ਕੇ ਬਚਨ ਕੀਤਾ, ਵੇ ਕਾਨਿਆਂ, ਕੀ ਆਖਦਾ ਹੈਂ ?

ਫਿਰ ਬਚਨ ਕੀਤਾ, ਜਿਥੇ ਭੀ ਮੇਰਾ ਸਿੱਖ ਵਸਦਾ ਹੈ, ਮੇਰੇ ਫਿਕਰ ਵਿਚ ਰਹਿੰਦਾ ਹੈ। ਉਨ੍ਹਾਂ ਸਾਰਿਆਂ ਨੂੰ ਮਿਲਣਾ, ਸੁਖ-ਸਾਂਦ ਲੈਣੀ, ਮੇਰੀ ਡਯੂਟੀ ਸਤਿਗੁਰਾਂ ਲਾਈ ਹੈ। ਕੈਸਾ ਨਾਤਾ ਹੈ, ਗੁਰੂ ਅਤੇ ਸਿੱਖ ਦਾ!

ਸੰਨ 1956! ਭਾਦੋਂ ਦੇ ਮਹੀਨੇ "ਜਪ ਪ੍ਰਯੋਗ" ਉਦੋਂ ਹੁੰਦਾ ਸੀ। ਭੋਗ ਵਾਲੇ ਦਿਨ, ਮੈਂ ਭੀ ਅੱਠ ਨੌ ਸਾਲਾਂ ਦੀ ਉਮਰ ਹੋਵੇਗੀ, ਸ੍ਰੀ ਭੈਣੀ ਸਾਹਿਬ ਹਾਜ਼ਰ ਹੋਣ ਦਾ ਸੁਭਾਗ ਮਾਤਾ-ਪਿਤਾ ਸੂਬਾ ਦੀਵਾਨ ਸਿੰਘ ਹੁਰਾਂ ਨਾਲ ਪ੍ਰਾਪਤ ਹੋਇਆ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ, ਭੋਗ ਵਾਲੇ ਦਿਨ, ਆਪਣੇ ਮੁਖਾਰਬਿੰਦ ਤੋਂ ਬਚਨ ਕੀਤਾ, "ਜਿਹੜੇ ਭੈਣੀ ਸਾਹਿਬ ਆਏ ਹਨ ਉਹ ਭੀ ਅਤੇ ਜਿਹੜੇ ਨਹੀਂ ਆ ਸਕੇ, ਉਹ ਭੀ, ਸਾਰੇ ਬਖਸ਼ੇ। ਨਾਲ ਬਚਨ ਕੀਤਾ, ਰਾਵਲਪਿੰਡੀ ਦੇ ਹੋਲੇ ਮੁਹੱਲੇ ਤੇ ਸੰਤ ਕੇਸਰ ਸਿੰਘ ਚਵਿੰਡੇ ਵਾਲਿਆਂ, ਮੈਨੂੰ ਮੋਢਿਓਂ ਫੜ ਕੇ ਬਚਨ ਕੀਤਾ ਸੀ, ਵੇਖੀਂ ਇਹ ਗੁਰੂ ਰਾਮ ਸਿੰਘ ਦਾ ਘਰ ਹੈ... ਕਿਤੇ ਬਖਸ਼ਿਸ਼ ਦਾ ਦਰਵਾਜ਼ਾ ਨਾ ਬੰਦ ਕਰ ਦੇਵੀਂ।

ਸ਼ਮਸ ਤਬਰੇਜ਼ ਕਹਿੰਦਾ ਹੈ, ਆਪਣੇ ਗੁਰੂ,
ਮੁਰਸ਼ਦ ਬਾਬਤ—

"ਬਾਜ਼ ਆਮਦਮ ਬਾਜ਼ ਆਮਦਮ
ਕਿ ਯਾਰ ਰਾ ਮਹਿਮਾ ਕੁਨਮ॥"

ਯਾ ਖੁਦਾ! ਮੈਨੂੰ ਵਾਰ ਵਾਰ ਮਨੁੱਖਾ ਜਨਮ ਦੇਵੀਂ ਤਾਂ ਜੋ ਹਰ ਜਨਮ ਮੈਂ ਆਪਣੇ

ਮੁਰਸ਼ਦ ਦੇ ਗੁਣ ਗਾ ਸਕਾਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਧਰਮ ਦਾ ਇਕ ਨਿਵੇਕਲਾ ਮਾਰਗ ਜਗ ਨੂੰ ਵਿਖਾਇਆ। ਇਕ ਸ਼ਾਂਤੀ ਮਾਰਗ, ਰਾਜਯੋਗ ਵਾਲੇ ਜੀਵਨ ਜੋਗ ਸੱਚ ਦਾ ਕਿਲਾ ਉਸਾਰਿਆ।

ਭਾਈ ਸੱਤਾ ਅਤੇ ਬਲਵੰਡ ਰਾਮਕਲੀ ਦੀ ਵਾਰ ਵਿਚ ਗਾਉਂਦੇ ਹਨ—

"ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੇ ॥"

ਇਹ ਨਾਨਕ ਦਾ ਰਾਜ ਹੈ... ਸਚ ਦਾ ਮਹਿਲ ਹੈ ਸਿੱਖੀ, ਸੱਤ ਦੀਆਂ ਰੱਬੀ ਸ਼ਕਤੀਆਂ ਪਾਈਆਂ ਹਨ, ਇਸ ਮਹਿਲ ਦੀ ਨੀਂਹ ਵਿੱਚ!

ਸੰਨ 1952 ਦਾ ਸਮਾਂ ਸੀ। ਈਰਾਨ ਦਾ ਬਾਦਸ਼ਾਹ, "ਰਜ਼ਾ ਸ਼ਾਹ ਪਹਿਲਵੀ" ਇਕ ਸਵੇਰ ਦੌਰੇ ਤੇ ਨਿਕਲਿਆ। ਪ੍ਰਭਾਤ ਦਾ ਗੁਲਾਬੀ ਸੂਰਜ ਅਜੇ ਸਿਰ ਹੀ ਚੁੱਕ ਰਿਹਾ ਸੀ। ਘੋੜੇ ਤੇ ਅੱਗੇ ਅੱਗੇ ਬਾਦਸ਼ਾਹ, ਪਿੱਛੇ ਮੰਤਰੀ ਅਤੇ ਸੁਰੱਖਿਆ ਸੈਨਿਕ। ਇਕ ਥਾਂ, ਰਾਹ ਵਿਚ ਵੇਖਿਆ, ਪੰਜ-ਛੇ ਸਾਬਤ ਸੂਰਤ, ਖੁਦਾ ਦੇ ਫਕੀਰ ਜਾ ਰਹੇ ਸਨ। ਕਿਸੇ ਦੇ ਮੋਢੇ ਤੇ ਹੱਲ, ਕਿਸੇ ਹੱਥ ਦਾਤਰੀ, ਫਾਵੜਾ, ਰੱਸੀ... ਸ਼ਾਇਦ ਕਿਤੇ ਖੇਤ ਨੂੰ ਜਾ ਰਹੇ ਸਨ। ਬਾਦਸ਼ਾਹ ਨੇ ਘੋੜਾ ਰੋਕਿਆ। ਘੋੜੇ ਤੋਂ ਉਤਰ, ਸਿਰ ਝੁਕਾ ਕੇ ਅਦਬ ਨਾਲ, "ਅੱਸਲਾਮ ਵਾਲੇਕੁਮ" ਕੀਤੀ। ਉਹ ਖੁਦਾ ਦੇ ਬੰਦੇ ਅਗੇ ਖੇਤਾਂ ਵਲ ਲੰਘ ਗਏ। ਸ਼ਾਹੀ ਕਾਫਲਾ ਭੀ ਅੱਗੇ ਤੁਰ ਪਿਆ। ਰਸਤੇ ਵਿਚ, ਮੌਕਾ ਵੇਖ ਕੇ, ਵਜ਼ੀਰ ਨੇ ਅਰਜ਼ ਕੀਤੀ, ਬਾਦਸ਼ਾਹ ਸਲਾਮਤ! ਉਹ ਰਸਤੇ ਵਿਚ ਜਿਹੜੇ ਲੋਗਾਂ ਨੂੰ ਤੁਸੀਂ, ਖੁਦਾ ਦੇ ਫਕੀਰ ਸਮਝ ਕੇ ਸਿਰ ਨਿਵਾਇਆ, ਉਹ ਤਾਂ ਵਿਚਾਰੇ, ਗਰੀਬੜੇ ਸਿੱਖ ਹੈ ਸਨ... ਰੋਜ਼ੀ ਰੋਟੀ ਦੀ ਤਲਾਸ਼ ਵਿਚ ਇਥੇ ਆ ਕੇ ਵਸ ਗਏ ਹਨ। ਵਾਪਸੀ ਤੇ, ਬਾਦਸ਼ਾਹ ਫਿਰ ਉਸੇ ਰਾਹ ਪਰਤਿਆ... ਉਸੇ ਥਾਂ ਪਹੁੰਚ ਕੇ, ਇਕ ਵਾਰ ਫਿਰ ਉਨ੍ਹਾਂ ਖੁਦਾਈ ਫਕੀਰਾਂ ਨੂੰ ਮਿਲਣ ਦੀ ਖਵਾਹਿਸ਼ ਜ਼ਾਹਿਰ ਕੀਤੀ। ਉਹ ਸਿੱਖ ਉਥੇ ਸੱਦੇ ਗਏ। ਬਾਦਸ਼ਾਹ ਕਿਹਾ, ਐ ਰੱਬ ਦੇ ਬੰਦਿਓ, ਮੈਂ ਤੁਹਾਨੂੰ ਕੁਝ ਦੌਲਤ ਭੇਟ ਕਰਨੀ ਚਾਹੁੰਦਾ ਹਾਂ। ਇਕ ਸਿੱਖ, ਨਿਮਰਤਾ ਨਾਲ ਬੋਲਿਆ, ਬਾਦਸ਼ਾਹ ਸਲਾਮਤ, ਅਸੀਂ ਸ੍ਰੀ ਗੁਰੂ ਨਾਨਕ ਦੇ ਸਿੱਖ ਹਾਂ। "ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ", ਸਾਨੂੰ ਸਿੱਖਿਆ ਮਿਲੀ ਹੈ। ਅਸੀਂ ਬਗ਼ੈਰ ਮੇਹਨਤ ਦੀ ਦੌਲਤ ਨਹੀਂ ਲੈ ਸਕਦੇ ਹਾਂ। ਜੇ ਤੁਸੀਂ ਦੇਣਾ ਚਾਹੁੰਦੇ ਹੋ, ਤਾਂ ਸਾਨੂੰ ਇਥੇ ਕੁਝ ਜ਼ਮੀਨ ਦੇ ਦਿਉ। ਅਸੀਂ ਉਸ ਦਾ ਮੁੱਲ ਤਾਰਾਂਗੇ... ਅਸੀਂ "ਗੁਰਦੁਆਰਾ" ਬੰਦਗੀ ਇਬਾਦਤ ਲਈ ਉਸਾਰਨਾ ਚਾਹੁੰਦੇ ਹਾਂ। ਬਾਦਸ਼ਾਹ ਨੇ ਪੁੱਛਿਆ, ਕਿਤਨੀ ਕੁ ਜ਼ਮੀਨ ਚਾਹੀਦੀ ਹੈ? "ਜੀ ਘਟੋ ਘਟ ਇਕ ਕਿੱਲਾ ਹੋਵੇ"— ਸਿੱਖ ਬੋਲਿਆ।

ਰਾਜੇ ਨੇ ਵਜ਼ੀਰ ਤੋਂ ਪੁੱਛਿਆ, ਇਸ ਥਾਂ ਤੇ ਜ਼ਮੀਨ ਦਾ ਕੀ ਮੁੱਲ ਹੈ?

"ਜੀ ਚਾਲ੍ਹੀ ਹਜ਼ਾਰ ਯੁਵਾਨ"—ਵਜ਼ੀਰ।

ਬਾਦਸ਼ਾਹ ਫਿਰ ਸਿੱਖਾਂ ਵੱਲ ਮੁਖਾਤਿਬ ਹੋਇਆ।

"ਤੁਹਾਡੇ ਨਾਨਕ ਸ਼ਾਹ, ਮੇਰਾ ਨਜ਼ਰਾਨਾ ਤਾਂ ਕਬੂਲ ਕਰ ਸਕਦੇ ਹਨ ਨਾ"

ਜੀ ਬੇਸ਼ਕ ਕਰ ਸਕਦੇ ਹਨ। ਵਜ਼ੀਰ ਤੋਂ ਚਾਲ੍ਹੀ ਹਜਾਰ ਯੁਵਾਨ ਦੀ ਥੈਲੀ, ਸਿੱਖਾਂ ਨੂੰ ਭੇਟ ਕੀਤੀ ਸ਼ਰਧਾ ਨਾਲ ਅਤੇ ਵਜ਼ੀਰ ਨੂੰ ਹੁਕਮ ਹੋਇਆ, ਇਹਨਾਂ ਦੇ ਨਾਂ ਤੇ ਪਟਾ ਹੁਣੇ ਲਿਖ ਕੇ ਦਿਉ। ਉਸ ਪਿੰਡ ਦਾ ਨਾਂ ਬਾਦਸ਼ਾਹ ਪੁਛਿਆ ਕੀ ਹੈ ?

ਜੀ, "ਦੁਸਟਿਆਬ।"

ਦੁਸ਼ਟ ਦਾ ਅਰਥ ਚੋਰ, ਆਬ ਦਾ ਅਰਥ ਹੈ ਪਾਣੀ... ਅਰਥਾਤ ਪਾਣੀ ਦੇ ਚੋਰ। ਕਿਸੇ ਪੁਰਾਣੇ ਸਮੇਂ ਹੋ ਸਕਦਾ ਹੈ, ਪਿੰਡ ਦੇ ਕੁਝ ਲੋਗਾਂ ਨੇ ਨਹਿਰ ਜਾਂ ਨਦੀ ਦਾ ਪਾਣੀ ਬਗੈਰ ਇਜਾਜ਼ਤ ਵਰਤਿਆ ਹੋਵੇ ਤਾਂ ਨਾਂ ਪਿਆ, "ਦੁਸਟਿਆਬ"।

ਬਾਦਸ਼ਾਹ ਕਿਹਾ, ਹੁਣ ਇਥੇ ਨਾਨਕ ਸ਼ਾਹ ਫਕੀਰ ਦੇ ਖਿਦਮਤਗਾਰ ਰਹਿੰਦੇ ਹਨ... ਪਿੰਡ ਦਾ ਨਾਂ ਹੋਇਆ, "ਜ਼ਾਹਿਦਾਨ"... ਰੱਬ ਦੇ ਫਕੀਰ!

ਇਹ ਸਿੱਖੀ ਹੈ, ਸਤਿਗੁਰ ਦੀ ਉੱਚੀ ਸਿੱਖਿਆ ਵਾਲੀ!

ਇਹ ਨਦੀ ਦੇ ਨਿਰਮਲ ਜਲ ਦਾ ਪ੍ਰਵਾਹ ਹੈ... ਸਮੁੰਦਰ ਦੇ ਗੁਣਾਂ ਨਾਲ ਭਰਪੂਰ!

ਗੁਰੂ ਦੇ ਸਿੱਖ, ਮਾਤਰ ਪੰਜਾਬ ਦੇ ਵਸਨੀਕ ਨਹੀਂ ਹਨ। ਹਿੰਦੁਸਤਾਨ ਦੇ ਵੱਖ-ਵੱਖ ਪ੍ਰਾਂਤਾਂ ਵਿਚ, ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ, ਪੰਜਾਬ ਦੀ ਸਿੱਖ ਆਬਾਦੀ ਤੋਂ ਕਿਤੇ ਵੱਧ ਵਸਦੇ ਹਨ। ਉਨ੍ਹਾਂ ਪ੍ਰਾਂਤਾਂ ਮੁਲਕਾਂ ਦੇ ਜਨ-ਜੀਵਨ ਨਾਲ ਕਦਮ ਮਿਲਾ ਕੇ ਟੁਰਦੇ, ਸੁਖ-ਦੁਖ ਵਿਚ ਸਾਂਝ ਕਰਦੇ... ਆਪਣੀ ਕਾਬਲੀਅਤ ਮੇਹਨਤ ਨਾਲ ਆਰਥਿਕ ਵਿਕਾਸ ਕਰਦੇ ਅਤੇ ਸਭ ਤੋਂ ਵੱਧ ਸ਼ਲਾਘਾਯੋਗ ਗੱਲ, ਉਥੋਂ ਦੀ ਭਿੰਨ ਜੀਵਨ ਸ਼ੈਲੀ, ਭਿੰਨ ਖਾਨ-ਪਾਨ, ਭਿੰਨ ਭਾਸ਼ਾ ਅਤੇ ਲਿਪੀ ਅਤੇ ਭਿੰਨ ਧਾਰਮਿਕ ਆਸਥਾ ਅਤੇ ਸਭਿਆਚਾਰ ਦੀ ਹਵਾ ਵਿਚ ਭੀ, ਸਿੱਖੀ ਸਭਿਆਚਾਰ, ਮਾਤ-ਬੋਲੀ ਅਤੇ ਗੁਰੂ ਸਾਹਿਬਾਨਾਂ ਦੀ ਸਿੱਖਿਆ ਅਨੁਰੂਪ ਜੀਵਨ ਨੂੰ ਸਾਂਭ ਕੇ ਰਖਿਆ ਹੈ। ਸਲਾਮ ਹੈ ਉਨ੍ਹਾਂ ਦੇ ਜਜ਼ਬੇ ਨੂੰ।

ਤਾਂ ਮੇਰੇ ਸਤਿਗੁਰ ਕਹਿੰਦੇ ਹਨ—

"ਗੁਰੂ ਸਮੁੰਦ ਨਦੀ ਸਭਿ ਸਿਖੀ"...।

22
ਭਗਤੁ ਭਗਤੁ ਸੁਨੀਐ ਤਿਹੁ ਲੋਇ

ਮਹਾਂਗਿਸ਼ੀ ਅਰਬਿੰਦੋ ਨੇ ਪੁਸਤਕ ਲਿਖੀ ਹੈ, "The Human Cycle" "ਮਨੁੱਖੀ ਚੱਕ੍ਰ"। ਕਹਿੰਦੇ ਹਨ, ਮਨ ਦੀ ਬਿਰਤੀ ਹੀ ਮਨੁੱਖ ਦੀ ਪ੍ਰਕ੍ਰਿਤੀ ਹੁੰਦੀ ਹੈ। ਜੈਸੀ ਮਨ ਦੀ ਸੋਚ, ਵੈਸੀ ਹੀ ਮਨੁੱਖ ਦੀ ਪ੍ਰਕ੍ਰਿਤੀ। ਇਹ ਪ੍ਰਕ੍ਰਿਤੀ ਹੀ ਸੁਭਾਅ ਬਣੋਂਦੀ ਹੈ। ਮਨੁੱਖ ਪੰਜ ਤੱਤਾਂ ਨਾਲ ਬਣਿਆ ਹੈ। ਪੰਜੇ ਤੱਤਾਂ ਦੇ ਆਪਣੇ ਸੁਭਾਅ ਹੁੰਦੇ ਹਨ। ਮਿੱਟੀ ਦਾ ਸੁਭਾਅ ਹੈ, ਉਤਪਾਦਨ ਕਰਨਾ... ਇਕ ਬੀਂ ਨੂੰ ਹਿਰਦੈ ਵਿਚ ਰੱਖ ਕੇ ਸੈਂਕੜੇ ਬੀਂ ਦੇ ਦਿੰਦੀ ਹੈ। ਪਾਣੀ ਦਾ ਸੁਭਾਅ ਹੈ, ਪਿਆਸ ਬੁਝਾਉਣੀ... ਸ਼ੀਤਲਤਾ ਦੇਣੀ। ਅੱਗ ਭੋਜਨ ਨੂੰ ਤਿਆਰ ਕਰਦੀ ਹੈ। ਹਵਾ ਪ੍ਰਾਣ ਵਾਯੂ ਬਣ ਕੇ ਜੀਵਨ ਦਿੰਦੀ ਹੈ। ਆਤਮਾ ਜਾਂ ਆਕਾਸ਼, ਜੀਵਨ ਦਾ ਮੰਤਵ ਪੂਰਾ ਕਰਦਾ ਹੈ। ਜੀਵਨ ਦਾ ਲਕਸ਼ ਹੈ, ਪਰਮਾਤਮਾ ਮਿਲਨ... ਆਤਮਾ, ਇਸ ਲੱਛ ਪ੍ਰਾਪਤੀ ਲਈ ਪ੍ਰੇਰਦੀ ਹੈ।

ਮਨ ਦਾ ਸੁਭਾਅ, ਸੰਸਾਰਕ ਸੁਖ-ਭੋਗ ਵਾਲਾ ਹੈ। ਇੰਦ੍ਰੀਆਂ ਇਸ ਮਨ ਦੇ ਘੋੜੇ ਹਨ, ਸਰੀਰ ਰੂਪੀ ਰੱਥ ਨੂੰ ਖਿੱਚਣ ਵਾਲੇ। ਰੱਥ ਘੋੜਿਆਂ ਦੇ ਆਸਰੇ ਚਲਦਾ ਹੈ... ਮਨ, ਇੰਦ੍ਰੀਆਂ ਦੇ ਆਸਰੇ ਚਲਦਾ ਹੈ। ਤਾਂ ਮਨ ਦੀਆਂ ਬਿਰਤੀਆਂ, ਮਨੁੱਖੀ ਤੱਤਾਂ ਤੇ ਹਾਵੀ ਹੋ ਜਾਂਦੀਆਂ ਹਨ। ਮਾਨਸ ਰੋਗ ਦਾ ਇਹ ਨਿਦਾਨ... ਇਹ ਡਾਇਗਨੋਸਿਸ, ਪੰਜਵੇਂ ਪਾਤਸ਼ਾਹ ਕਰ ਲਿਆ ਅਤੇ ਦਵਾ, "ਹਰੀ ਦਾ ਨਾਮ" ਦੇਂਦੇ ਹਨ–

"ਮਨੁ ਪਰਬੋਧਹੁ ਹਰਿ ਕੈ ਨਾਇ॥ ਦਹ ਦਿਸਿ ਧਾਵਤ ਆਵੈ ਠਾਇ॥"

ਪ੍ਰਦੂਸ਼ਨ ਦਾ ਕੇਂਦਰ ਹੈ, ਮਨ ਔਰ ਮਨ ਨੂੰ ਹਰੀ ਦੇ ਨਾਮ ਨਾਲ ਵਿਕਾਰ ਮੁਕਤ ਕੀਤਾ ਜਾ ਸਕਦਾ ਹੈ। ਤਾਂ ਗਿਸ਼ੀਆਂ, ਮੁਨੀਆਂ, ਗੁਰੂਆਂ ਨੇ, ਮਨ ਨੂੰ ਰੋਗ ਰਹਿਤ ਕਰਨ ਦੇ ਮੰਤਵ ਨਾਲ ਕੁਝ ਨਿਯਮ, ਕੁਝ ਵਿਧਾਨ ਦਿੱਤੇ। ਹਰ ਦੇਸ਼ ਦਾ ਆਪਣਾ ਇੱਕ ਸੰਵਿਧਾਨ ਹੁੰਦਾ ਹੈ, ਜਿਸ ਆਧਾਰ ਤੇ ਉਸ ਦੇਸ਼ ਦੀ ਸ਼ਾਸਨ ਪ੍ਰਣਾਲੀ ਅਤੇ ਜੀਵਨ ਪ੍ਰਣਾਲੀ ਚਲਦੀ ਹੈ। ਸੰਵਿਧਾਨ ਦਾ ਅਰਥ ਹੈ, ਸਮ ਵਿਧਾਨ! ਸਮਾਨਤਾ ਅਧਾਰਤ ਨਿਯਮਾਵਲੀ। ਹਰ ਧਰਮ ਦੀ ਭੀ ਕੁਝ ਰਹਿਤ ਮਰਿਆਦਾ, ਨਿਯਮਾਵਲੀ ਹੁੰਦੀ ਹੈ, ਇਕ ਵਿਧਾਨ ਤੰਤਰ ਹੁੰਦਾ ਹੈ। ਦਇਆ, ਸੰਤੋਖ, ਸੱਚ, ਅਹਿੰਸਾ, ਖਿਮਾ, ਧੀਰਜ, ਪਰਾਇਆ ਹੱਕ ਨਾ ਲੈਣਾ ਆਦਿ ਕੁਝ ਨਿਯਮਾਵਲੀਆਂ, ਤਕਰੀਬਨ ਸਾਰੇ ਹੀ ਧਰਮਾਂ ਦੇ ਵਿਧਾਨ ਹਨ। ਕਾਨੂੰਨ, ਸੰਵਿਧਾਨ ਦੇ ਆਧਾਰ ਤੇ ਕੰਮ ਕਰਦਾ ਹੈ ਅਤੇ ਕਚਹਿਰੀਆਂ ਨਿਯਮਾਂ ਦੇ ਘਰ, ਸੰਵਿਧਾਨ ਦੀ ਵਿਆਖਿਆ ਕਰਦੇ ਹਨ। ਧਰਮ ਵਿਧਾਨ ਦੀ ਵਿਆਖਿਆ ਅਤੇ ਸਥਾਪਨਾ ਲਈ ਧਰਤੀ ਤੇ ਅਵਤਾਰਵਾਦ ਦੀ... ਗੁਰੂ ਪ੍ਰੰਪਰਾ ਦੀ ਬੁਨਿਆਦ ਪਰਮੇਸ਼ਰ ਨੇ ਆਪ ਰੱਖੀ, ਇਹ ਕਹਿ ਕੇ ਕਿ ਜਦੋਂ-ਜਦੋਂ ਧਰਮ ਦੀ ਗਲਾਨੀ

ਹੋਵੇਗੀ, ਸੰਤ-ਸਾਧ, ਸੱਜਣ ਲੋਗ ਸਤਾਏ ਜਾਣਗੇ, ਮਨੁੱਖਤਾ ਤੇ ਜ਼ੁਲਮ ਹੋਣਗੇ, ਉਦੋਂ-ਉਦੋਂ ਮੈਂ ਮਨੁੱਖ ਦੇਹ ਧਾਰ, ਧਰਤੀ ਤੇ ਆਵਾਂਗਾ। ਪਰਮਾਤਮਾ ਦੇਹ ਧਾਰ ਪ੍ਰਗਟ ਹੋਇਆ ਤਾਂ ਉਸ ਦਾ ਨਾਂ, "ਗੁਰ" ਹੋਇਆ.... ਹਨੇਰੇ ਦਾ ਪ੍ਰਕਾਸ਼!

ਧਰਮ ਇਕ ਸਕੂਲ ਹੈ, ਜਿਥੇ ਪਸ਼ੂ ਨੂੰ ਮਨੁੱਖ ਅਤੇ ਮਨੁੱਖ ਨੂੰ ਦੇਵਤਾ ਬਣੌਨ ਦੀ ਕਰਮਸਾਲਾ ਚਲਦੀ ਹੈ। ਮਨ ਦੀ ਚੰਗੀ ਅਥਵਾ ਮੰਦੀ ਬਿਰਤੀ ਕਰ ਕੇ, ਮਨੁੱਖ ਸੱਜਨ ਜਾਂ ਦੁਰਜਨ ਬਣਦਾ ਹੈ। ਮਨ ਨੂੰ, ਮਨ ਦੀ ਸੋਚ, ਬੁੱਧੀ ਨੂੰ, ਸੁਰਤਿ ਨੂੰ ਸੁਧਾਰ ਕੇ ਮਨੁੱਖ ਨੂੰ "ਅਪਗ੍ਰੇਡ" ਕੀਤਾ ਜਾਂਦਾ ਹੈ। ਇਹ ਅਉਖੀ ਕਾਰ, ਗੁਰੂ ਘਰ ਵਿਚ ਬਾਕਾਇਦਾ ਹੁੰਦੀ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪੰਜ ਖੰਡ 'ਚੋਂ ਇਕ ਵਿਭਾਗ "ਸਰਮ ਖੰਡ" ਵਿਚ ਮਨ ਦਾ ਨਿਰਮਾਣ ਅਤੇ ਮੁਰੰਮਤ ਦਾ ਕੰਮ ਨਿਰੰਤਰ ਚਲਦਾ ਹੈ—

"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥"

ਗੁਰੂ ਦੀ ਸਿੱਖਿਆ ਧਾਰਨ ਕਰਨ ਵਾਲਾ ਜਨ, ਸਿੱਖ ਹੈ, ਸਾਧਕ ਹੈ, ਧਰਮੀ ਹੈ। "ਭਗਤ" ਇਕ ਡਿਗਰੀ ਹੈ, ਜਿਹੜੀ "ਧਰਮ ਵਿਦਿਆਲੈ" 'ਚੋਂ ਪਾਸ ਹੋਏ ਵਿਦਿਆਰਥੀ ਨੂੰ ਮਿਲਦੀ ਹੈ। ਪੰਜਵੇਂ ਪਾਤਸ਼ਾਹ ਦਸਦੇ ਹਨ, ਭਗਤ ਦੀ ਅਵਸਥਾ ਸੰਸਾਰ ਤੋਂ ਉਪਰ ਹੁੰਦੀ ਹੈ।... ਦੇਵ ਗੰਧਾਰੀ ਰਾਗ ਦੇ ਸ਼ਬਦ ਵਿਚ, ਸਤਿਗੁਰ ਇਹ ਭੇਦ ਖੋਲਦੇ ਹਨ—

"ਆਦਿ ਜੁਗਾਦਿ ਭਗਤੁ ਜਨ ਸੇਵਕ ਤਾਕੀ ਬਿਖੈ ਅਧਾਰਾ॥
ਤਿਨ੍ ਜਨ ਕੀ ਧੂਰਿ ਬਾਂਛੈ ਨਿਤ ਨਾਨਕ ਪਰਮੇਸਰ ਦੇਵਨਹਾਰਾ॥"

ਸ੍ਰਿਸ਼ਟੀ ਦੇ ਆਦਿ ਕਾਲ ਤੋਂ, ਮਨੁੱਖ ਰੱਬ ਦੀ ਭਾਲ ਕਰ ਰਹਿਆ ਹੈ। ਰੱਬ ਨਹੀਂ ਮਿਲਿਆ ਤਾਂ ਆਪ ਰਬ ਦਾ ਘਰ, ਮੰਦਰ, ਮਸਜਿਦ ਉਸਾਰ ਲਏ। ਰੱਬ ਦੀ ਮੂਰਤੀ ਖਰੀਦ ਲਿਆਂਦੀ। ਮੰਦਰ ਵਿਚ ਸਥਾਪਤ ਕੀਤੀ। ਪੰਡਤ ਜੀ ਨੇ ਧਰਮ ਵਿਧਾਨ ਅਨੁਸਾਰ, ਮੂਰਤੀ ਵਿਚ ਪਰਮੇਸ਼ਰ ਦੀ "ਪ੍ਰਾਨ ਪ੍ਰਤਿਸ਼ਠਾ" ਦਾ ਸੰਕਲਪ ਕੀਤਾ। ਰਬ ਦਾ ਘਰ ਬਣਾ ਲਿਆ। ਮਨੁੱਖ ਵਲੋਂ ਸਿਰਜਿਆ ਘਰ! ਜਿਹੜਾ ਪਰਮਾਤਮਾ ਵਲੋਂ, ਮਨੁੱਖ ਦਾ ਹਿਰਦਾ... ਪ੍ਰਾਨੀ ਮਾਤਰ ਦਾ ਹਿਰਦਾ, ਸਿਰਜਿਆ ਗਿਆ, ਜੀਉਂਦਾ ਜਾਗਦਾ ਰਬ ਦਾ ਘਰ, ਉਹ ਰੋਜ਼ ਤੋੜੇ-ਭੰਨੇ ਜਾ ਰਹੇ ਹਨ... ਕਤਲ ਕੀਤੇ ਜਾ ਰਹੇ ਹਨ।

ਉਹ ਭਗਵੰਤ, ਪੰਜਵੇਂ ਪਾਤਸ਼ਾਹ ਦਸਦੇ ਹਨ —ਸੁਖਮਨੀ ਵਿਚ :

"ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥"

ਉਹ ਤਾਂ ਹਰ ਪ੍ਰਾਣੀ ਦੇ ਹਿਰਦੇ ਵਿਚ... ਅੰਦਰ ਭੀ ਬਾਹਰ ਭੀ, ਹਰ ਥਾਂ ਮੌਜੂਦ ਹੈ। ਇਰਸ਼ਾਦ ਕਾਮਿਲ ਦਾ ਗੀਤ—

"ਜੇ ਮੈਂ ਤੈਨੂੰ ਬਾਹਰ ਢੂੰਡਾਂ ਤਾਂ ਮਨ ਅਦਰ ਕੌਣ ਸਮਾਇਆ।
ਜੇ ਮੈਂ ਤੈਨੂੰ ਅੰਦਰ ਢੂੰਡਾਂ, ਫਿਰ ਬਾਹਰ ਕਿਸਦੀ ਮਾਇਆ।
ਅੰਦਰ ਤੂੰ ਏ ਬਾਹਰ ਤੂੰ ਏ, ਵੇਖਾਂ ਹਰ ਥਾਂ ਤੇਰਾ ਸਾਇਆ।
ਮੈਂ ਵੀ ਤੂੰ ਏ ਤੇ ਤੂੰ ਵੀ ਤੂੰ ਏ... ਰਤਾ ਫਰਕ ਸਮਝ ਨਾ ਆਇਆ॥"

"ਸੋ ਅੰਤਰਿ ਸੋ ਬਾਹਰਿ ਅਨੰਤ"...।

ਧਰਤੀ ਤੇ ਦੋ ਵਰਗ ਬਣ ਗਏ। ਇਕ ਵੱਡਾ ਵਰਗ ਉਹਨਾਂ ਦਾ, ਜਿਨ੍ਹਾਂ ਅੰਦਰ, ਜੋਤਿ ਰੂਪ ਪਰਮਾਤਮਾ ਤਾਂ ਹੈ ਪਰ ਉਨਾਂ ਦੀ ਚੇਤਨਾ ਅੰਦਰ ਨਹੀਂ। ਦੂਜਾ ਵਰਗ, ਸਤਿਗੁਰ ਕਹਿੰਦੇ ਹਨ, ਕਰੋੜਾਂ 'ਚੋਂ ਕੋਈ ਇੱਕ ਜਾਗ੍ਰਿਤ ਚੇਤਨਾ ਵਾਲਾ, ਗੁਰੂ ਦਾ ਪਿਆਰਾ, ਉਹ ਹਰ ਵੇਲੇ ਜੋਤ ਦੀ ਪਰਤੀਤਿ ਵਿੱਚ ਰਹਿੰਦਾ ਹੈ, ਉਹ ਭਗਤ ਹੈ।

ਉਸ ਦੀ ਸ਼ਿਨਾਖ਼ਤ ਉਸ ਦੀ ਪਛਾਣ ਕਿਵੇਂ ਹੋਵੇ ?

ਸਤਿਗੁਰ ਕਹਿੰਦੇ ਹਨ—

ਪਹਿਲੀ ਪਛਾਣ—"ਜਾ ਕੈ ਹਿਰਦੈ ਏਕੋ ਹੋਇ॥"

ਉਸ ਦੇ ਹਿਰਦੈ ਵਿਚ, ਉਸ ਦੀ ਸੋਚ ਵਿਚ ਬਹੁਤੇ ਰੱਬ, ਦੇਵੀ-ਦੇਵਤੇ ਨਹੀਂ ਹੁੰਦੇ ਹਨ। ਸਭ ਵਿਚ ਇਕੋ ਪਰਮਾਤਮਾ ਵੇਖਦਾ ਹੈ।

ਦੂਜੀ ਪਛਾਣ— ਸਚੁ ਕਰਣੀ ਸਚੁ ਤਾ ਕੀ ਰਹਤ॥
ਸਚੁ ਹਿਰਦੈ ਸਤਿ ਮੁਖਿ ਕਹਤ॥

ਉਹ ਮਨ, ਬਚਨ ਅਤੇ ਕਰਮ ਤਿੰਨੇ ਤਲ ਤੇ ਸੱਚਾ ਹੁੰਦਾ ਹੈ, ਉਸਦੇ ਹਿਰਦੈ ਵਿਚ ਸਚੁ ਵਸਦਾ ਹੈ।

ਅੰਦਰ ਕੁਝ, ਬਾਹਰ ਭੇਖ.... ਇਹ ਨਕਲੀ ਭਗਤ ਹੁੰਦੇ ਹਨ।

ਸੰਨ 1603 ਦਾ ਸਮਾਂ ਹੋਵੇਗਾ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਵਿਚ, ਸਾਰੇ ਗੁਰੂਆਂ, ਭਗਤਾਂ, ਭੱਟਾਂ ਦੀ ਬਾਣੀ ਦਾ ਇਕ ਗ੍ਰੰਥ ਵਿਚ ਸੰਕਲਨ ਕਰ ਰਹੇ ਸਨ। ਰਾਮਸਰ ਦੇ ਨੇੜੇ ਇਕਾਂਤ ਬਾਗ ਵਿਚ, ਸਤਿਗੁਰ ਜੀ, ਭਾਈ ਗੁਰਦਾਸ ਜੀ ਨਾਲ ਬੈਠ ਕੇ, ਪੰਜ ਗੁਰੂਆਂ ਦੀ ਬਾਣੀ ਦਰਜ ਹੋ ਜਾਣ ਤੋਂ ਬਾਦ, ਇਕ ਇਕ ਕਰ ਕੇ ਭਗਤਾਂ ਦੀ ਬਾਣੀ ਦਰਜ ਕਰ ਰਹੇ ਸਨ। ਲਾਹੌਰ ਦੇ ਚਾਰ ਭਗਤ ਇਕੱਠੇ ਹੋਏ। ਵਿਚਾਰ ਆਇਆ ਕਿ ਇਤਿਹਾਸਕ "ਗੁਰੂ ਗ੍ਰੰਥ" ਸੰਕਲਨ ਹੋ ਰਿਹਾ ਹੈ। ਕਹਿੰਦੇ ਹਨ, ਹਿੰਦੁਸਤਾਨ ਦੇ ਵੱਖ ਵੱਖ ਪ੍ਰਦੇਸ਼ਾਂ, ਵੱਖ ਵੱਖ ਭਾਸ਼ਾ ਅਤੇ ਲਿਪੀ ਵਾਲਿਆਂ ਭਗਤਾਂ ਦੀ ਬਾਣੀ ਭੀ ਦਰਜ ਕਰ ਰਹੇ ਹਨ। ਅਸੀਂ ਤਾਂ ਪ੍ਰਤਿਸ਼ਠਿਤ ਫਿਰ ਪੰਜਾਬ ਦੇ ਹੀ ਭਗਤ ਹਾਂ। ਸਾਡੀ ਬਾਣੀ ਭੀ ਦਰਜ ਹੋਣੀ ਚਾਹੀਦੀ ਹੈ। ਉਹ ਚਾਰ ਤਥਾ ਕਥਿਤ ਭਗਤ ਹੈ ਸਨ, ਭਗਤ ਕਾਨ੍ਹਾ ਜੀ, ਭਗਤ ਪੀਲੋ ਜੀ, ਭਗਤ ਛੱਜੂ ਜੀ ਅਤੇ ਭਗਤ ਸ਼ਾਹ ਹੁਸੈਨ ਜੀ। ਭਗਤ ਪੀਲੋ ਜੀ ਕਿਹਾ, ਇਥੇ ਲਾਹੌਰ ਵਿਚ ਹੀ, ਭਾਈ ਲੱਧਾ ਜੀ, ਮੇਰੀ ਚੰਗੀ ਜਾਣ-ਪਛਾਣ ਵਾਲੇ ਹਨ। ਉਨ੍ਹਾਂ ਕੋਲ ਚਲਦੇ ਹਾਂ। ਭਗਤ ਕਾਨ੍ਹਾ ਜੀ ਕਿਹਾ, ਅਸੀਂ ਉੱਚੀ ਅਵਸਥਾ ਦੇ ਭਗਤ ਹਾਂ... ਭਾਈ ਲੱਧਾ ਜੀ ਨੂੰ ਇਥੇ ਸੱਦੋ। ਸੇਵਕ ਭੇਜਿਆ। ਨਿਰਮਾਣ ਭਾਈ ਲੱਧਾ ਜੀ, ਉਸੇ ਵੇਲੇ ਸੇਵਕ ਦੇ ਨਾਲ ਹੀ ਆ ਗਏ। ਚਾਰੇ ਭਗਤਾਂ ਨੂੰ ਨਿਮਸਕਾਰ ਕਰ ਕੇ ਬੈਠ ਗਏ। ਉਨਾਂ ਭਗਤਾਂ ਨੇ ਆਪਣੀ ਮੰਸ਼ਾ ਦੱਸੀ... ਸਾਡੀ ਉੱਚ ਕੋਟੀ ਦੀ ਭਗਤੀ ਰਚਨਾ, "ਗੁਰੂ ਗ੍ਰੰਥ" ਵਿਚ ਦਰਜ ਹੋਣੀ ਚਾਹੀਦੀ ਹੈ। ਭਾਈ ਲੱਧਾ ਜੀ ਨੇ ਬਚਨ ਕੀਤਾ, ਚਲੋ ਚਲੀਏ, ਮੈਂ ਭੀ ਚਲਦਾ ਹਾਂ... ਸਤਿਗੁਰੂ ਜੀ ਅੱਗੇ ਅਰਜ਼ ਕਰ ਲੈਂਦੇ ਹਾਂ। ਚਾਰੇ ਭਗਤ ਅਤੇ ਭਾਈ

ਲੱਧਾ ਜੀ, ਗੁਰੂ ਦਰਬਾਰ ਪਹੁੰਚ, ਅਰਜ਼ ਕੀਤੀ। ਸਤਿਗੁਰ ਜੀ ਬਚਨ ਕੀਤਾ, ਬਾਗ ਵਿਚ ਭਾਈ ਗੁਰਦਾਸ ਜੀ ਨਾਲ ਬੈਠਾਂਗੇ, ਉਦੋਂ ਇਕ ਇਕ ਕਰ ਕੇ, ਭਗਤਾਂ ਦੀ ਰਚਨਾ ਸੁਣ ਕੇ ਵੇਖਾਂਗੇ। ਬਾਗ ਵਿਚ, ਪਹਿਲੇ ਨੰਬਰ ਤੇ ਭਗਤ ਕਾਨ੍ਹਾ ਜੀ ਅੱਗੇ ਆਏ—ਸਵੈ ਰਚਿਤ ਬਾਣੀ ਸੁਣਾਈ—

"ਓਹੀ ਰੇ ਮੈ ਓਹੀ ਰੇ, ਜਾ ਕਉ ਬੇਦ ਪੁਰਾਣ ਸਭ ਗਾਵੈਂ
ਖੋਜਤ ਖੋਜ ਨ ਕੋਈ ਰੇ॥
ਜਾਕਉ ਨਾਰਦ ਸਾਰਦ ਸੇਵੈਂ ਸੇਵੈਂ ਦੇਵੀ ਦੇਵਾ ਰੇ॥
ਬ੍ਰਹਮਾ ਬਿਸ਼ਨ ਮਹੇਸ਼ ਆਰਾਧਹਿ ਸਭ ਕਰਤੇ ਜਾ ਕੀ ਸੇਵਾ ਰੇ॥"

ਸਤਿਗੁਰੂ ਜੀ ਨੇ ਨਿਮਰਤਾ ਸਹਿਤ ਬਚਨ ਕੀਤਾ, ਭਗਤ ਜੀ, ਬ੍ਰਹਮ ਦਾ ਭਾਵ ਘਿਓ ਵਾਂਗ ਹੈ। ਜੇ ਘਿਓ ਦੀ ਵਰਤੋਂ ਥੋੜੀ ਮਾਤਰਾ ਵਿਚ ਹਜ਼ਮ ਹੋਣ ਜੋਗ ਕੀਤੀ ਜਾਏ ਤਾਂ ਉਚਿਤ ਹੈ... ਪਰ ਬ੍ਰਹਮ ਜਾਂ ਘਿਉ ਦੀ ਬਹੁਤੀ ਵਰਤੋਂ ਮਨ, ਸਰੀਰ ਨੂੰ ਰੋਗੀ ਕਰ ਦਿੰਦੀ ਹੈ। ਇਹ ਹੰਕਾਰ ਬਣ ਕੇ ਬੋਲਦਾ ਹੈ। ਮਾਫ ਕਰਨਾ, ਗੁਰੂ ਨਾਨਕ ਦਾ ਘਰ ਨਿਮਰਤਾ, ਨਿਰਮਾਣਤਾਈ ਦਾ ਘਰ ਹੈ... ਅਸੀਂ ਤੁਹਾਡੀ ਰਚਨਾ, ਗੁਰਬਾਣੀ ਰੂਪ ਵਿਚ ਦਰਜ ਨਹੀਂ ਕਰ ਸਕਦੇ। ਕਾਨ੍ਹਾ ਭਗਤ ਨੇ ਕ੍ਰੋਧ ਵਿਚ ਸ੍ਰਾਪ ਦੇ ਦਿੱਤਾ। ਤੁਰਕਾਂ ਵਲੋਂ ਤੁਹਾਨੂੰ ਤਸੀਹੇ ਦੇ ਕੇ ਮਾਰਿਆ ਜਾਵੇਗਾ।

ਸਤਿਗੁਰੂ ਜੀ ਸਹਜ ਰਹਿੰਦੇ ਸਨ, ਪਰ ਸੋਚਿਆ ਕਿ ਜੇ ਇਸ ਦਾ ਉੱਤਰ ਨਾ ਦਿੱਤਾ ਤਾਂ ਹੰਕਾਰ ਦਾ ਰੋਗ ਹੋਰ ਭੀ ਕਈ ਮਨੁੱਖਾਂ ਲਈ ਦੁਖ ਦਾ ਕਾਰਣ ਬਣੇਗਾ। ਸਹਜੇ ਸਤਿਗੁਰ ਬੋਲੇ—ਲਾਹੌਰ ਪਹੁੰਚਣ ਤੋਂ ਪਹਿਲਾਂ ਹੀ ਹਨੇਰੀ ਵਿਚ ਰੁਲ ਕੇ ਮਰੋਗੇ। ਵਾਪਸ ਜਾਂਦਿਆਂ ਲਾਹੌਰ ਤੋਂ ਪਹਿਲਾਂ ਭਿਆਨਕ ਹਨੇਰੀ ਆਈ। ਰਥ ਦੇ ਘੋੜੇ ਬਿਦਕ ਕੇ ਉਛਲੇ.... ਕਾਨ੍ਹਾ ਜੀ ਰਥ ਤੋਂ ਥੱਲੇ ਡਿੱਗ ਪਏ। ਸਿਰ ਤੋਂ ਲੋਹੇ ਦਾ ਚੱਕਾ ਲੰਘ ਗਿਆ। ਸਿਰ ਚੂਰ ਹੋਇਆ, ਮੌਤ ਹੋ ਗਈ।

ਦੂਜਾ ਨੰਬਰ, ਭਾਈ ਪੀਲੋ ਜੀ ਆਏ—

ਪੀਲੂ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੋਏ॥
ਉਨ੍ਹਾਂ ਚਿੱਕੜ ਪੈਰ ਨ ਬੋੜਿਉਂ ਨਾ ਆਲੂਦ ਭਏ॥

ਸਾਡੇ ਨਾਲੋਂ ਉਹ ਚੰਗੇ, ਜਿਹੜੇ ਜੰਮਦਿਆਂ ਮਰ ਗਏ। ਇਹ ਸੰਸਾਰ ਤਾਂ ਗੁਨਾਹਾਂ ਦੇ ਚਿੱਕੜ ਨਾਲ ਭਰਿਆ ਹੈ। ਉਹਨਾਂ ਨੇ ਨਾ ਚਿੱਕੜ ਵਿਚ ਪੈਰ ਰਖਿਆ... ਨਾ ਮੈਲੇ ਹੋਏ।

ਸਤਿਗੁਰ ਜੀ ਬਚਨ ਕੀਤਾ—ਸਤਿਗੁਰ ਪਾਤਸ਼ਾਹ ਸੰਸਾਰ ਲਈ ਕਿਹਾ ਹੈ—

"ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥"

ਇਹੁ ਜਗ ਪਰਮਾਤਮਾ ਨੇ ਸੱਚ ਦਾ ਥਾਂ, ਧਰਮਸਾਲ ਸਿਰਜਿਆ ਹੈ। ਸੱਚ ਰੂਪ ਬ੍ਰਹਮ ਆਪ ਸਾਰੇ ਜੀਅਾਂ ਵਿਚ ਵਸਦਾ ਹੈ। ਇਹ ਨਿਰਾਸ਼ਾਜਨਕ ਬਾਣੀ ਅਸੀਂ ਦਰਜ ਨਹੀਂ ਕਰ ਸਕਦੇ। ਸਾਨੂੰ ਮਾਫ਼ ਕਰਨਾ।

ਤੀਜੇ ਨੰਬਰ ਤੇ ਭਗਤ ਛੱਜੂ ਜੀ ਆਏ, ਬਾਣੀ ਉਚਾਰਨ ਕੀਤੀ—

"ਕਾਗਦ ਸੰਦੀ ਪੂਤਰੀ ਤਊ ਨ ਤ੍ਰਿਆ ਨਿਹਾਰ॥
ਯੌ ਹੀ ਮਾਰ ਲਿਜਾਵਹੀ ਜਿਉ ਬਿਲੋਚਨ ਧਾੜ॥

ਔਰਤਾਂ ਪ੍ਰਤੀ ਨਕਾਰਾਤਮਕ ਸੋਚ ਦਾ ਪ੍ਰਗਟਾਵਾ। ਔਰਤ ਵਲ ਵੇਖਿਆ ਤਾਂ ਜਮਦੂਤ ਇਵ ਮਾਰਦੇ ਹੋਏ ਲੈ ਜਾਣਗੇ, ਜਿਵੇਂ ਬਿਲੋਚਿਸਤਾਨ ਦੇ ਹਿੰਸਕ ਲੁਟੇਰੇ ਪੈ ਜਾਂਦੇ ਹਨ।

ਸਤਿਗੁਰ ਜੀ ਬਚਨ ਕੀਤਾ—ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਨਾਰੀ ਦੇ ਸੰਬੰਧ ਵਿਚ

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਨਾਰੀ ਤਾਂ ਜਨਨੀ ਹੈ, ਸ੍ਰਿਸ਼ਟੀ ਦੀ... ਰਾਜਿਆਂ ਮਹਾਰਾਜਿਆਂ, ਭਗਤਾਂ ਨੂੰ ਭੀ ਜਨਮ ਦੇਣ ਵਾਲੀ। ਨਾਰੀ ਪ੍ਰਤੀ ਇਵ ਦੀ ਨਕਾਰਾਤਮਕ ਸੋਚ ਅਸੀਂ "ਗੁਰੂ ਗ੍ਰੰਥ" ਵਿਚ ਦਰਜ ਨਹੀਂ ਕਰ ਸਕਦੇ।

ਫਿਰ ਸ਼ਾਹ ਹੁਸੈਨ ਆਏ। ਆਪਣੀ ਰਚਨਾ ਸੁਣਾਈ—

ਚੁੱਪ ਵੇ ਅੜਿਆ, ਚੁੱਪ ਵੇ ਅੜਿਆ, ਬੋਲਨ ਦੀ ਨਹੀਂ ਜਾਏ ਵੇ ਅੜਿਆ। ਅੰਦਰ ਬਾਹਰ ਹਿੱਕਾ ਸਾਂਈ, ਕਿਸ ਪਹਿ ਆਖਿ ਸੁਣਾਈ॥

ਸਤਿਗੁਰ ਜੀ ਬਚਨ ਕੀਤਾ—

ਭਗਤ ਜੀ, ਇਹ ਰੱਬੀ ਬਾਣੀ ਦਾ ਸੰਕਲਨ ਹੋ ਰਿਹਾ ਹੈ। ਰੱਬ ਬੋਲ ਰਿਹੈ... ਰੂਹਾ ਸੁਣ ਰਹੀਆਂ ਹਨ। ਚੁੱਪ ਸੰਸਾਰ ਨੂੰ ਸੇਧ ਨਹੀਂ ਦੇ ਸਕਦਾ। ਸਾਨੂੰ ਮਾਫ਼ ਕਰਨਾ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਭਗਤਾਂ ਦਾ ਜੀਵਨ ਭੇਖ ਦਾ ਨਹੀਂ... ਸਦਾਚਾਰ ਵਾਲਾ ਜੀਵਨ ਹੁੰਦਾ ਹੈ। ਸੱਚ ਪਰਮੇਸ਼ਰ, ਸੱਚ ਭਗਤ ਦਾ ਹਿਰਦਾ, ਸੱਚ ਭਰੀ ਸੁਰਤਿ, ਸੱਚ ਕਰਣੀ, ਸਤਿ ਬਚਨ! ਉਥੇ ਸਚੁ ਹੀ ਸਚੁ ਹੈ।

❑ ❑ ❑



ਗੁਰੂਬਚਨ ਸਿੰਘ ਨਾਮਧਾਰੀ

ਸਰੀਰ ਧਰਤੀ ਹੈ। ਆਤਮਾ ਆਕਾਸ਼ ਹੈ। ਆਤਮ ਪ੍ਰਦੇਸ਼ ਦਾ ਪਾਂਧੀ, ਉਪਰ ਚੜ੍ਹਦਾ ਹੋਇਆ, ਹਰ ਖਿਨ ਨਵੇਂ ਅਨੁਭਵ ਚੋਂ ਲੰਘਦਾ ਹੈ, ...ਯਾਤਰਾ ਜਾਰੀ ਰਖਦਾ ਹੈ ਔਰ ਪਾਰ ਦੇਸ਼ ਪਹੁੰਚ ਜਾਂਦਾ ਹੈ—

ਪਾਰ ਦੇਸ਼ ਪੀਆ ਕਾ ਵਾਸਾ, ਅਤਿ ਬਿਖਮ ਅਤਿ ਦੂਰ ॥

ਚੜ੍ਹ ਜਾਏ, ਪੀਆ ਕਾ ਦੇਸ਼, ਗਿਰੇ ਤਾਂ ਚਕਨਾ ਚੂਰ ॥

Forever Learning

ISBN 978-93-95286-78-7

9789395286787

www.unistarbooks.com ₹ 200/-